## ਮਾਤਾ ਗੁਜਰੀ ਕਾਲਜ ਦੇ ਫਿਜ਼ਿਕਸ ਵਿਭਾਗ ਵੱਲੋਂ ਕੁਇੱਜ਼ ਮੁਕਾਬਲਾ




**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਪੋਸਟ ਗ੍ਰੈਜੂਏਟ ਫਿਜ਼ਿਕਸ ਵਿਭਾਗ ਵੱਲੋਂ ਰਾਸ਼ਟਰੀ ਵਿਗਿਆਨ ਦਿਵਸ ਨੂੰ ਸਮਰਪਤ 'ਵਿਗਿਆਨ ਵਿੱਚ ਗਲੋਬਲ ਲੀਡਰਸ਼ਿਪ ਲਈ ਭਾਰਤੀ ਨੌਜਵਾਨਾਂ ਦਾ ਸਸ਼ਕਤੀਕਰਨ ਤੇ ਵਿਕਸਿਤ ਭਾਰਤ ਵਿਚ ਨਵੀਨਤਾ' ਵਿਸ਼ੇ ਸਬੰਧੀ ਕਾਲਜ ਦੇ ਸਮੂਹ ਵਿਗਿਆਨ ਵਿਭਾਗਾਂ ਦੇ ਵਿਦਿਆਰਥੀਆਂ ਲਈ ਅੰਤਰ-ਵਿਭਾਗੀ ਕੁਇੱਜ਼ ਮੁਕਾਬਲਾ ਕਰਵਾਇਆ ਗਿਆ।ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸਿੱਖਿਆ ਭਰਪੂਰ ਮੁਕਾਬਲੇ ਵਿਦਿਆਰਥੀਆਂ ਵਿੱਚ ਵਿਗਿਆਨ ਦੇ ਪ੍ਰਭਾਵਾਂ ਬਾਰੇ ਜਾਗਰੂਕਤਾ ਫੈਲਾਉਣ, ਉਨ੍ਹਾਂ ਦੀ ਵਿਗਿਆਨ ਵਿੱਚ ਰੁਚੀ ਪੈਦਾ ਕਰਨ ਤੇ ਉਨ੍ਹਾਂ ਦੀ ਸੋਚ ਨੂੰ ਵਿਗਿਆਨਕ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।ਇਸ ਕੁਇੱਜ਼ ਮੁਕਾਬਲੇ ਦੇ ਕੋਆਰਡੀਨੇਟਰ ਫ਼ਿਜ਼ਿਕਸ ਵਿਭਾਗ ਦੇ ਮੁਖੀ ਡਾ. ਤੇਜਿੰਦਰ ਸਿੰਘ ਸਨ ਤੇ ਪ੍ਰਬੰਧਕੀ ਟੀਮ ਵਿੱਚ ਡਾ. ਰਮਨੀਕ ਕੌਰ, ਡਾ. ਦੀਪਿਕਾ ਜੈਨ, ਡਾ. ਨਵਜੀਤ ਕੌਰ, ਡਾ. ਗੁਰਪ੍ਰੀਤ ਕੌਰ ਭੁੱਲਰ ਤੇ ਪ੍ਰੋ. ਮਨਪ੍ਰੀਤ ਕੌਰ ਸ਼ਾਮਲ ਸਨ।ਵਰਣਨਯੋਗ ਹੈ ਕਿ ਇਸ ਕੁਇੱਜ਼ ਮੁਕਾਬਲੇ ਵਿੱਚ ਕਾਲਜ ਦੇ ਵੱਖ-ਵੱਖ ਸਾਇੰਸ ਵਿਭਾਗਾਂ ਕੁੱਲ 66 ਵਿਦਿਆਰਥੀਆਂ ਦੀਆਂ 12 ਟੀਮਾਂ ਨੇ ਉਤਸ਼ਾਹ ਨਾਲ ਭਾਗ ਲਿਆ।

## ਗਰੀਨ ਸਕੂਲ ਪ੍ਰੋਗਰਾਮ ਤਹਿਤ ਵਾਤਾਵਰਨ ਸੰਬੰਧੀ ਵਿਸ਼ੇਸ਼ ਲੈਕਚਰ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਗਰੀਨ ਸਕੂਲ ਪ੍ਰੋਗਰਾਮ ਤਹਿਤ ਪੀ.ਐਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਬਿੰਦਪੁਰਾ ਵਿਖੇ ਪ੍ਰਿੰਸੀਪਲ ਜਸਵੀਰ ਸਿੰਘ ਬੇਗਾ ਦੀ ਅਗਵਾਈ ਅਧੀਨ ਉਚੇਚੇ ਤੌਰ 'ਤੇ ਬੁਲਾਏ 'ਟਰੀ ਲਵਰ ਸੁਸਾਇਟੀ ਬਠਿੰਡਾ' ਦੇ ਮੈਂਬਰਜ਼ ਤਰਲੋਚਨ ਦਾਸ ਗਰਗ ਅਤੇ ਵਿਜੈ ਬਾਂਸਲ ਦਾ ਵਾਤਾਵਰਨ ਸਬੰਧੀ ਵਿਸ਼ੇਸ਼ ਲੈਕਚਰ ਕਰਵਾਇਆ ਗਿਆ। ਤਰਲੋਚਨ ਦਾਸ ਗਰਗ ਦੁਆਰਾ ਵਿਦਿਆਰਥੀਆਂ ਨੂੰ ਹਰੇ ਪੇੜ੍ਹ-ਪੌਦਿਆਂ ਅਤੇ ਰੰਗ ਬਿਰੰਗੇ ਫੁੱਲਾਂ ਦਾ ਸਾਡੀ ਜ਼ਿੰਦਗੀ ਵਿੱਚ ਮਹੱਤਵ ਦੱਸਦੇ ਹੋਏ ਉਨਾਂ ਦੁਆਰਾ ਕਾਰਬਨ ਡਾਈਆਕਸਾਈਡ ਗੈਸ ਲੈ ਕੇ ਅਤੇ ਆਕਸੀਜਨ ਛੱਡ ਕੇ ਮਨੁੱਖੀ ਜ਼ਿੰਦਗੀ ਦਾ ਅਟੁੱਟ ਅੰਗ ਹੋਣ ਬਾਰੇ ਸਮਝਾਇਆ ਗਿਆ। ਉਹਨਾਂ ਵੱਲੋਂ ਅਜਿਹੇ ਰੁੱਖਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ ਜੋ ਹਜ਼ਾਰਾਂ ਸਾਲਾਂ ਤੱਕ ਜ਼ਿੰਦਗੀ ਜਿਉਂ ਕੇ ਭਰਪੂਰ ਮਾਤਰਾ ਵਿੱਚ ਮਨੁੱਖ ਨੂੰ ਆਕਸੀਜਨ ਦਿੰਦੇ ਹਨ। ਉਹਨਾਂ ਦੁਆਰਾ ਸਾਇੰਸ ਵਿਸ਼ੇ ਦੇ ਤਿੰਨ 'ਆਰ' ਸਿਧਾਂਤ ਤੇ ਆਮ ਜ਼ਿੰਦਗੀ ਵਿੱਚੋਂ ਉਦਾਹਰਨਾਂ ਲੈ ਕੇ ਬਾਖੂਬੀ ਚਾਨਣਾ ਪਾਉਂਦਿਆਂ ਪਲਾਸਟਿਕ ਵਰਗੀਆਂ ਨਾਨ ਬਾਇਓਡੀਗ੍ਰੇਡੇਬਲ ਚੀਜ਼ਾਂ ਤੋਂ ਕਿਨਾਰਾ ਕਰਨ ਅਤੇ ਪੌਦਿਆਂ ਨਾਲ ਦੋਸਤੀ ਕਰਨ ਲਈ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਗਿਆ। ਪ੍ਰਿੰਸੀਪਲ ਸ੍ਰ. ਬੇਗਾ ਅਤੇ ਸਮੂਹ ਸਟਾਫ਼ ਦੁਆਰਾ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਉਹਨਾਂ ਦਾ ਧੰਨਵਾਦ ਕੀਤਾ ਗਿਆ। ਇਸ ਪ੍ਰੋਗਰਾਮ ਦੌਰਾਨ ਈਕੋ ਕਲੱਬ ਇੰਚਾਰਜ ਅਨੀਤਾ ਰਾਣੀ ਸਾਇੰਸ ਮਿਸਟ੍ਰੈਸ, ਰੂਬੀ ਮਹਿਤਾ ਸਾਇੰਸ ਮਿਸਟ੍ਰੈਸ ਅਤੇ ਨਿਸ਼ਾ ਰਾਣੀ ਸਾਇੰਸ ਮਿਸਟ੍ਰੈਸ ਦਾ ਵਿਸ਼ੇਸ਼ ਸਹਿਯੋਗ ਰਿਹਾ।

## ਸਰਕਾਰੀ ਹਾਈ ਸਕੂਲ ਬੇਗੋਵਾਲ ਦਾ ਸਾਲਾਨਾ ਇਨਾਮ ਵੰਡ ਸਮਾਰੋਹ



**ਦੋਰਾਹਾ (ਹਰਮਿੰਦਰ ਸੇਠ)**-ਕੇਂਦਰ ਸਰਕਾਰ ਵੱਲੋਂ ਵਿਦਿਅਕ ਖੇਤਰ ਲਈ ਚਲਾਈ ਪੀ ਐਮ ਸ੍ਰੀ ਯੋਜਨਾ ਤਹਿਤ ਸਰਕਾਰੀ ਸਕੂਲ ਬੇਗੋਵਾਲ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਸਮਾਰੋਹ ਦੌਰਾਨ ਵਿਦਿਅਕ, ਖੇਡਾਂ ਅਤੇ ਹੋਰ ਵੱਖ ਵੱਖ ਗਤੀਵਿਧੀਆਂ 'ਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਵਿਦਿਆਰਥੀਆ ਵੱਲੋਂ ਸਕਿੱਟ, ਗੀਤ, ਕਵਿਤਾ ਅਤੇ ਗਿੱਧੇ ਭੰਗੜੇ ਨਾਲ ਸ਼ਾਨਦਾਰ ਪੇਸ਼ਕਾਰੀ ਦਾ ਅਹਿਸਾਸ ਕਰਵਾਇਆ।ਸਕੂਲ ਇੰਚਾਰਜ ਹਰਪ੍ਰੀਤ ਕੌਰ ਨੇ ਦੱਸਿਆ ਕਿ ਬਲਾਕ ਵਿਚੋਂ ਬੇਗੋਵਾਲ ਸਕੂਲ ਦਾ ਸ੍ਰੀ ਪੀ ਐਮ ਲਈ ਚੁਣਿਆ ਜਾਣਾ ਮਾਣ ਵਾਲੀ ਗਲ ਹੈ,ਕਿਉਕਿ ਸਕੂਲ ਦੀ ਬਿਲਡਿੰਗ, ਗਰਾਊਂਡ ਅਤੇ ਸੋਸ਼ਲ ਗਤੀਵਿਧੀਆਂ ਤਹਿਤ ਕੇਡਰ ਦੀ ਸਕੀਮ ਹੇਠ ਆਇਆ।ਸਕੂਲ ਦਾ ਸਟਾਫ ਮਿਹਨਤੀ ਅਤੇ ਨਿਰਸੰਦੇਹ ਆਪਣੇ ਫਰਜ਼ਾਂ ਪ੍ਰਤੀ ਪ੍ਰਣਾਇਆ ਹੋਇਆ ਹੈ। ਇਸ ਮੌਕੇ ਸਾਬਕਾ ਸਰਪੰਚ ਰਾਜਵਿੰਦਰ ਸਿੰਘ, ਪੱਤਰਕਾਰ ਲਾਲ ਸਿੰਘ ਮਾਂਗਟ, ਸਰਪੰਚ ਹਰਪ੍ਰੀਤ ਕੌਰ ਬੇਗੋਵਾਲ ਦਾ ਵਿਸ਼ਸ਼ਸ ਸਨਮਾਨ ਕੀਤਾ ਗਿਆ। ਸਕੂਲ ਦੇ ਰਿਟਾਇਰਡ ਮਾਸਟਰ ਅਤੇ ਸਾਬਕਾ ਵਿਦਿਆਰਥੀ ਵੀ ਇਸ ਇਨਾਮ ਵੰਡ ਸਮਾਗਮ ਵਿੱਚ ਵਿਸ਼ਸ਼ਸ ਤੌਰ 'ਤੇ ਪੁੱਜੇ। ਸਕੂਲ ਅਧਿਆਪਕ ਵਲੋ ਬਾਹਰੋ ਆਏ ਮਹਿਮਾਨਾਂ ਲਈ ਚਾਹ ਪਕੌੜੇ ਅਤੇ ਮੱਠਿਆਈ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ। ਇਸ ਮੌਕੇ ਉਕਤ ਤੋ ਇਲਾਵਾ ਪੰਚ ਸੰਦੀਪ ਕੌਰ, ਪੰਚ ਹਰਮਨ ਕੌਰ, ਪੰਚ ਰਮਨਦੀਪ ਕੌਰ, ਪੰਚ ਸੁਖਵਿੰਦਰ ਸਿੰਘ, ਪੰਚ ਗੁਰਪ੍ਰੀਤ ਸਿੰਘ, ਪੰਚ ਗੁਰਚਰਨ ਸਿੰਘ, ਪੰਚ ਮੇਵਾ ਸਿੰਘ ਅਤੇ ਪੰਚ ਪਰਮਦੀਪ ਸਿੰਘ ਆਦਿ ਹਾਜ਼ਰ ਸਨ।

## ਫਰੀਡਮ ਫਾਈਟਰ ਉੱਤਰਾਧਿਕਾਰੀ ਜੱਥੇਬੰਦੀ ਦੀ ਮਾਸਿਕ ਮੀਟਿੰਗ



**ਮਲੋਟ (ਗੁਰਮੀਤ ਸਿੰਘ ਮੱਕੜ)**-ਫਰੀਡਮ ਫਾਈਟਰ ਉੱਤਰਾਧਿਕਾਰੀ ਜੱਥੇਬੰਦੀ ਸ਼੍ਰੀ ਮੁਕਤਸਰ ਸਾਹਿਬ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਮਲੋਟ ਦੀ ਯੋਗ ਅਗਵਾਈ ਹੋਈ। ਮੀਟਿੰਗ ਵਿੱਚ ਸਮੂਹ ਦੇਸ਼ ਭਗਤਾਂ ਦੇ ਵਾਰਿਸਾਂ ਨੇ ਹਿੱਸਾ ਲਿਆ ਅਤੇ ਵਿਚਾਰ ਵਟਾਂਦਰਾ ਕਰਦਿਆਂ ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਮਲੋਟ ਨੇ ਕਿਹਾ ਕਿ ਭਾਰਤ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਜਿਨ੍ਹਾਂ ਦੇਸ਼ ਭਗਤਾਂ ਨੇ ਆਪਣਾ ਜੀਵਨ ਕੁਰਬਾਨ ਕਰ ਦਿੱਤਾ ਉਨ੍ਹਾਂ ਦੇ ਜੀਵਨ ਨੂੰ ਉੱਚਾ ਚੁੱਕਣ ਲਈ ਦੇਸ਼ ਭਗਤਾਂ ਦੀ ਕੁਰਬਾਨੀ ਦਾ ਸਤਿਕਾਰ ਕਰਦਿਆਂ ਸ਼੍ਰੀ ਪੰਕਜ ਕੁਮਾਰ ਪਸਰੀਜਾ ਸਿਰਸਾ (ਹਰਿਆਣਾ) ਦੇ ਸਹਿਯੋਗ ਨਾਲ ਜੱਥੇਬੰਦੀ ਵੱਲੋਂ (ਆਜ਼ਾਦੀ ਦੇ ਪਰਵਾਨੇ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ) ਇੱਕ ਕਿਤਾਬ ਤਿਆਰ ਕੀਤੀ ਜਾ ਰਹੀ ਹੈ, ਜੋ ਕਿ ਥੋੜ੍ਹੇ ਸਮੇਂ ਵਿੱਚ ਰਿਲੀਜ਼ ਕੀਤੀ ਜਾਵੇਗੀ। ਉਨ੍ਹਾਂ ਦੇਸ਼ ਭਗਤਾਂ ਦੇ ਵਾਰਿਸਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜਿਨ੍ਹਾਂ ਪਰਿਵਾਰਾਂ ਨੇ ਅਜੇ ਤੱਕ ਆਪਣੇ ਪੁਰਖਿਆਂ ਦੇ ਜੀਵਨ ਬਾਰੇ ਨਹੀਂ ਦੱਸਿਆ ਉਹ ਜਲਦੀ ਤੋਂ ਜਲਦੀ ਆਪਣੇ ਪੁਰਖਿਆਂ ਬਾਰੇ ਲਿਖ ਕੇ ਭੇਜਣ ਤਾਂ ਜੋ ਕਿਤਾਬ ਰਿਲੀਜ਼ ਕੀਤੀ ਜਾਵੇ। ਇਸ ਮੌਕੇ 'ਤੇ ਮੀਟਿੰਗ ਵਿੱਚ ਹਾਜ਼ਰ ਸੀਨੀਆਰ ਮੀਤ ਪ੍ਰਧਾਨ ਗੁਰਮੀਤ ਸਿੰਘ ਸੰਧੂ, ਮੀਤ ਪ੍ਰਧਾਨ ਜਗਪ੍ਰੀਤ ਸਿੰਘ ਛਾਬੜਾ. ਜਨਰਲ ਸਕੱਤਰ ਬਲਜਿੰਦਰ ਸਿੰਘ ਮਧੀਰ, ਜਿਲ੍ਹਾ ਖਜ਼ਾਨਚੀ ਕੁਲਵੰਤ ਸਿੰਘ ਭਲਾਈਆਣਾ, ਸਟੇਟ ਬਾਡੀ ਮੈਂਬਰ ਜਸਕਰਨ ਸਿੰਘ ਜੱਸੇਆਣਾ, ਸਕੱਤਰ ਸ਼ੁਭਾਸ਼ ਬੱਬਰ, ਦਫਤਰ ਇੰਚਾਰਜ ਹਰਿੰਦਰ ਸਿੰਘ ਛਾਬੜਾ, ਮੁਖਤਿਆਰ ਸਿੰਘ, ਪ੍ਰਧਾਨ ਸਿੰਘ, ਸਰਬਜੀਤ ਸਿੰਘ, ਰਾਮ ਸਿੰਘ ਮਿੱਡਾ, ਤਰੁਨਵੀਰ, ਬਲਵੀਰ ਸਿੰਘ, ਗੁਰਬਖਸ ਸਿੰਘ ਦਬੜਾ, ਸਤਿੰਦਰਪਾਲ ਸਿੰਘ, ਸੁਖਦੇਵ ਸਿੰਘ ਵੰਗਲ, ਰਜਿੰਦਰ ਵਰਮਾ, ਗੁਰਦਾਸ ਸਿੰਘ, ਦਰਸ਼ਨ ਸਿੰਘ ਕਾਉਣੀ, ਗੁਰਮੀਤ ਸਿੰਘ ਜੰਡਵਾਲਾ, ਮਨਜੀਤ ਕੌਰ, ਬਲਵਿੰਦਰ ਕੌਰ ਮਿੱਡਾ ਤੇ ਛਿੰਦਰਪਾਲ ਕੌਰ ਆਦਿ ਮੈਂਬਰ ਹਾਜ਼ਰ ਸਨ।

## ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ 'ਆਪ' ਦਾ ਮੁੱਖ ਮੰਤਵ : ਡਾ. ਅਰੋੜਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਵੱਲੋਂ ਆਮ ਆਦਮੀ ਪਾਰਟੀ ਦੇ ਸੰਗਠਨ ਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ।ਇਸ ਮੀਟਿੰਗ ਵਿੱਚ ਨਗਰ ਨਿਗਮ ਦੇ ਮੇਅਰ ਬਲਜੀਤ ਸਿੰਘ ਚਾਨੀ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸ਼ਰਮਾ, ਜ਼ਿਲ੍ਹਾ ਪ੍ਰਧਾਨ ਹਰਮਨ ਬਰਾੜ, ਜ਼ਿਲ੍ਹਾ ਸੈਕਟਰੀ ਪਿਆਰਾ ਸਿੰਘ ਬੱਧਨੀ ਕਲਾਂ, ਮਾਰਕੀਟ ਕਮੇਟੀ ਦੇ ਚੇਅਰਮੈਨ ਹਰਜਿੰਦਰ ਸਿੰਘ ਰੋਡੇ, ਆਪ ਮਹਿਲਾ ਵਿੰਗ ਦੀ ਆਗੂ ਲਵਲੀ ਸਿੰਗਲਾ, ਸੋਨੀਆ ਢੰਡ, ਰਾਕੇਸ਼ ਮਿੱਡਾ, ਕੌਂਸਲਰ ਅਰਵਿੰਦਰ ਸਿੰਘ ਹੈਪੀ ਕਾਨਪੁਰੀਆ, ਆਪ ਦੇ ਅਹੁਦੇਦਾਰ, ਵਲੰਟੀਅਰ ਤੇ ਕੌਂਸਲਰ ਮੌਜੂਦ ਸਨ।ਇਸ ਮੀਟਿੰਗ ਵਿੱਚ ਨਗਰ ਸੁਧਾਰ ਟੱਰਸਟ ਦੇ ਨਵੇਂ ਟਰਸਟੀ ਮੈਂਬਰ ਪਿਆਰਾ ਸਿੰਘ ਬੱਧਨੀ ਤੇ ਜਗਦੀਸ਼ ਸ਼ਰਮਾ ਨੂੰ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਮੂੰਹ ਮਿੱਠਾ ਕਰਵਾ ਕੇ ਸਿਰੋਪਾ ਦੇ ਕੇ ਸਨਮਾਨਤ ਕੀਤਾ।ਇਸ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਮੀਟਿੰਗ ਦਾ ਮਕਸਦ ਸੰਗਠਨ ਨੂੰ ਮਜ਼ਬੂਤ ਕਰਨਾ ਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਸੀ।ਉਨ੍ਹਾਂ ਨਵਨਿਯੁਕਤ ਟਰੱਸਟੀ ਮੈਂਬਰ ਪਿਆਰਾ ਸਿੰਘ ਬੱਧਨੀ ਤੇ ਜਗਦੀਸ਼ ਸ਼ਰਮਾ ਨੂੰ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹਰ ਇਕ ਵਰਕਰ ਨੂੰ ਬਣਦਾ ਮਾਣ ਸਨਮਾਨ ਦਿੱਤਾ ਜਾ ਰਿਹਾ ਹੈ ਅਤੇ ਵਿਕਾਸ ਕਾਰਜਾਂ ਲਈ ਗਰਾਂਟ ਦੀ ਕੋਈ ਕਮੀ ਨਹੀਂ ਹੈ। ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਆਉਣ ਸਹੂਲਤ ਲੋਕਾਂ ਨੂੰ ਦਿੱਤੀ ਜਾ ਰਹੀ।ਇਸ ਮੌਕੇ ਨਵਨਿਯੁਕਤ ਟਰੱਸਟੀ ਪਿਆਰਾ ਸਿੰਘ ਤੇ ਜਗਦੀਸ਼ ਸ਼ਰਮਾ ਨੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਤੇ ਸਮੁੱਚੀ ਲੀਡਰਸ਼ਿਪ ਦਾ ਦਿੱਤੇ ਗਏ ਮਾਨ ਸਨਮਾਨ ਲਈ ਧੰਨਵਾਦ ਕੀਤਾ।

## 5 ਦੇ ਚੰਡੀਗੜ੍ਹ ਮੋਰਚੇ ਸੰਬੰਧੀ ਪਿੰਡਾਂ 'ਚ ਜਾਗਰੂਕਤਾ ਰੈਲੀਆਂ

**ਦਿੜ੍ਹਬਾ (ਜਸਵੀਰ ਲਾਡੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਦਿੜ੍ਹਬਾ ਦੀ ਮੀਟਿੰਗ ਬਲਾਕ ਪ੍ਰਧਾਨ ਭਰਭੂਰ ਸਿੰਘ ਮੌੜਾਂ ਦੀ ਅਗਵਾਈ ਹੇਠ ਬਾਬਾ ਬੈਰਸੀਆਣਾ ਗੁਰਦੁਆਰਾ ਸਾਹਿਬ ਦੇ ਹਸਪਤਾਲ ਦੇ ਪਾਰਕ ਵਿਖੇ ਹੋਈ। ਇਸ ਮੀਟਿੰਗ ਵਿੱਚ ਬਹੁ-ਸੰਮਤੀ ਪਿੰਡ ਇਕਾਈਆਂ ਨੇ ਵੱਧ ਚੜ੍ਹ ਕੇ ਭਾਗ ਲਿਆ। ਮੀਟਿੰਗ ਦਾ ਮੁੱਖ ਏਜੰਡਾ ਇਹ ਸੀ ਕਿ 05 ਮਾਰਚ ਨੂੰ ਚੰਡੀਗੜ੍ਹ ਵਿਖੇ ਲੱਗਣ ਜਾ ਰਹੇ ਮੋਰਚੇ ਸੰਬੰਧੀ ਪਿੰਡਾਂ ਦੀਆਂ ਇਕਾਈਆਂ 'ਚ ਜਾਗਰੂਕ ਰੈਲੀਆਂ ਕੀਤੀਆਂ ਜਾ ਰਹੀਆਂ ਹਨ। 5 ਮਾਰਚ ਦੇ ਚੰਡੀਗੜ੍ਹ ਧਰਨੇ ਦੀਆਂ ਤਿਆਰੀਆਂ ਸਬੰਧੀ ਭਰਪੂਰ ਸਿੰਘ ਮੌੜਾਂ, ਹਰਜੀਤ ਸਿੰਘ ਮਹਿਲਾਂ, ਅਮਨਦੀਪ ਸਿੰਘ ਮਹਿਲਾਂ ਨੇ ਪਿੰਡ ਪਿੰਡ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਬਲਾਕ ਆਗੂ ਹਰਜੀਤ ਸਿੰਘ ਮਹਿਲਾਂ ਤੇ ਅਮਨਦੀਪ ਸਿੰਘ ਮਹਿਲਾਂ ਨੇ ਕਿਹਾ ਕਿ ਮਾਮਦਪੁਰ (ਪਟਿਆਲਾ) ਦੀ ਅਨਾਜ ਮੰਡੀ ਵਿਖੇ ਬਲਾਕ ਦਿੜ੍ਹਬਾ ਦੀਆਂ ਸਾਰੀਆਂ ਪਿੰਡ ਇਕਾਈਆਂ ਦੇ ਆਗੂ ਤੇ ਵਰਕਰ 4 ਮਾਰਚ ਨੂੰ ਇਕੱਠੇ ਹੋ ਕੇ 5 ਮਾਰਚ ਨੂੰ ਚੰਡੀਗੜ੍ਹ ਨੂੰ ਰਵਾਨਾ ਹੋਣਗੇ। ਇਸ ਮੀਟਿੰਗ ਵਿੱਚ ਚਰਨਜੀਤ ਸੰਘ ਘਨੌੜ ਸੰਤਪੁਰਾ, ਹਰਬੰਸ ਸਿੰਘ ਦਿੜ੍ਹਬਾ, ਜਸਵੰਤ ਸਿੰਘ ਸਮੂਰਾਂ, ਜੋਗਿੰਦਰ ਸਿੰਘ ਖੇੜੀ ਨਾਗਾ, ਜਗਜੀਤ ਸਿੰਘ ਮਹਿਲਾਂ, ਗੁਰਜੰਟ ਸਿੰਘ ਮਹਿਲਾਂ, ਸੁਖਵੀਰ ਸਿੰਘ ਮਹਿਲਾਂ, ਜਗਦੀਪ ਸਿੰਘ ਮਹਿਲਾਂ, ਦਰਸ਼ਨ ਸਿੰਘ ਮਹਿਲਾਂ, ਚਮਕੌਰ ਸਿੰਘ ਮਹਿਲਾਂ, ਮਾਸਟਰ ਰੂਪ ਸਿੰਘ ਮੌੜਾਂ, ਮੇਜਰ ਸਿੰਘ ਕੌਹਰੀਆਂ, ਰਾਜ ਸਿੰਘ ਦਿੜ੍ਹਬਾ, ਰਘਵੀਰ ਸਿੰਘ ਕੌਹਰੀਆਂ ਤੇ ਪਿੰਡ ਇਕਾਈਆਂ ਦੇ ਪ੍ਰਧਾਨ/ਜਨਰਲ ਸਕੱਤਰ/ਖ਼ਜ਼ਾਨਚੀ ਹਾਜ਼ਰ ਸਨ।

# ਨਸ਼ਾ ਸਮਗਲਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ : ਗੋਇਲ

### 1.62 ਕਰੋੜ ਦੀ ਲਾਗਤ ਨਾਲ ਬਣਾਏ ਖਾਲਾਂ ਦਾ ਕੀਤਾ ਉਦਘਾਟਨ



**ਲਹਿਰਾਗਾਗਾ (ਪਵਨ ਸ਼ਰਮਾ)**-ਪੰਜਾਬ ਅੰਦਰ ਨਸ਼ਾ ਸਮਗਲਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ, ਇਸ ਲਈ ਨਸ਼ਾ ਸਮਗਲਰ ਨਸ਼ੇ ਦਾ ਧੰਦਾ ਬੰਦ ਕਰ ਦੇਣ ਜਾਂ ਫਿਰ ਪੰਜਾਬ ਛੱਡ ਕੇ ਚਲੇ ਜਾਣ।ਇਸ ਗੱਲ ਦਾ ਪ੍ਰਗਟਾਵਾ ਜਲ ਸਰੋਤ ਮੰਤਰੀ ਐਡਵੋਕੇਟ ਬਰਿੰਦਰ ਗੋਇਲ ਨੇ ਲਹਿਰਾ ਹਲਕੇ ਅੰਦਰ ਵੱਖ-ਵੱਖ ਥਾਵਾਂ 'ਤੇ ਕਿਸਾਨਾਂ ਦੇ ਖੇਤਾਂ ਨੂੰ ਨਹਿਰੀ ਪਾਣੀ ਪਹੁੰਚਾਉਣ ਲਈ 1.62 ਕਰੋੜ ਦੀ ਲਾਗਤ ਨਾਲ ਬਣਾਏ ਗਏ (ਮੋਘਾ ਬੁਰਜੀ 204575 ਆਰ ਆਫ ਘੱਗਰ ਬ੍ਰਾਂਚ ਪਿੰਡ ਲਹਿਰਾ ਲਾਗਤ 58.29 ਲੱਖ ਤੇ ਮੋਘਾ ਬੁਰਜੀ 203840 ਆਰ ਆਫ ਘੱਗਰ ਬ੍ਰਾਂਚ ਪਿੰਡ ਅੜਕਵਾਸ ਲਾਗਤ 1.04 ਕਰੋੜ) ਨਵੇਂ ਖਾਲਾਂ ਦਾ ਉਦਘਾਟਨ ਕਰਨ ਉਪਰੰਤ ਵਿਸ਼ੇਸ਼ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਸੂਬੇ ਅੰਦਰ ਕਿਸਾਨਾਂ ਨੂੰ ਆਰਥਿਕ ਪੱਖੋਂ ਆਤਮ ਨਿਰਭਰ ਬਣਾਉਣ ਲਈ, ਜਿੱਥੇ ਅੰਡਰਗਰਾਊਂਡ ਪਾਈਪਲਾਈਨ ਰਾਹੀਂ ਖੇਤਾਂ ਨੂੰ ਨਹਿਰੀ ਪਾਣੀ ਪਹੁੰਚਾਇਆ ਜਾ ਰਿਹੈ, ਉੱਥੇ ਹੀ ਖਾਲਾਂ ਦੀ ਮੁੜ ਉਸਾਰੀ ਦਾ ਕੰਮ ਵੀ ਜੋ ਸ਼ੋਰ ਨਾਲ ਚੱਲ ਰਿਹਾ ਹੈ, ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ ਹੇਠ ਸੂਬੇ ਦੇ ਹਰ ਖੇਤ ਤੱਕ ਨਹਿਰੀ ਪਾਣੀ ਪਹੁੰਚਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਵੱਲੋਂ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਦੇ ਚਲਦੇ ਬਣਾਈ ਗਈ ਪੰਜ ਮੈਂਬਰੀ ਕੈਬਨਿਟ ਕਮੇਟੀ ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ, ਜਿਸ ਦੇ ਚਲਦੇ ਨਸ਼ਾ ਤਸਕਰਾਂ ਦੀ ਪ੍ਰੋਪਰਟੀ ਫਰੀਜ਼ ਕੀਤੀ ਜਾ ਰਹੀ ਹੈ, ਉੱਥੇ ਹੀ ਉਨ੍ਹਾਂ ਦੀਆਂ ਪ੍ਰੋਪਰਟੀਆਂ 'ਤੇ ਬੁਲਡੋਜ਼ਰ ਚਲਾਇਆ ਜਾ ਰਿਹੈ। ਮੰਤਰੀ ਗੋਇਲ ਨੇ ਵਿਧਾਨ ਸਭਾ ਚੋਣਾਂ 2027 ਦੀ ਗੱਲ ਕਰਦਿਆਂ ਕਿਹਾ ਕਿ ਸੂਬੇ ਦੇ ਲੋਕਾਂ ਨੇ 2027 ਤੱਕ ਆਮ ਆਦਮੀ ਪਾਰਟੀ ਨੂੰ ਪੰਜਾਬ ਤੇ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਹੈ, ਜਿਸ ਦੇ ਚੱਲਦੇ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰ ਰਹੀ ਹੈ ਅਤੇ 2027 ਦੀਆਂ ਚੋਣਾਂ ਵਿੱਚ ਕੀਤੇ ਗਏ ਕੰਮਾਂ ਦੇ ਆਧਾਰ 'ਤੇ ਵੋਟਾਂ ਮੰਗੇਗੀ। ਇਸ ਮੌਕੇ ਉਨ੍ਹਾਂ ਦੇ ਬੇਟੇ ਗੌਰਵ ਗੋਇਲ, ਓ ਐੱਸ ਡੀ ਰਕੇਸ਼ ਕੁਮਾਰ ਗੁਪਤਾ ਵਿੱਕੀ, ਟਰੱਕ ਯੂਨੀਅਨ ਦੇ ਪ੍ਰਧਾਨ ਗੁਰੀ ਚਹਿਲ, ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਜੀਵਨ ਕੁਮਾਰ ਰੱਬੜ, ਵਾਇਸ ਪ੍ਰਧਾਨ ਰਕੇਸ਼ ਕੁਮਾਰ, ਵੱਡੀ ਗਿਣਤੀ ਵਿੱਚ ਕਿਸਾਨ, ਵਿਭਾਗ ਦੇ ਅਧਿਕਾਰੀਆਂ ਤੋਂ ਇਲਾਵਾ ਪਾਰਟੀ ਆਗੂ ਤੇ ਵਲੰਟੀਅਰ ਹਾਜ਼ਰ ਸਨ।

## ਪੱਤਰਕਾਰ ਸਿੱਧੂ ਖ਼ਿਲਾਫ਼ ਪਰਚਾ ਦਰਜ ਕਰਨ ਦੀ ਸਖ਼ਤ ਨਿਖੇਧੀ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਇੰਡੀਅਨ ਜਰਨਲਿਸਟਸ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਬਲਵਿੰਦਰ ਜੰਮੂ, ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਦੇ ਸੂਬਾ ਪ੍ਰਧਾਨ ਬਲਬੀਰ ਜੰਡੂ ਅਤੇ ਸੂਬਾ ਜਥੇਬੰਦਕ ਸਕੱਤਰ ਸੰਤੋਖ ਗਿੱਲ ਨੇ ਹਲਕਾ ਰਾਮਪੁਰਾ ਫੂਲ ਦੇ ਵਿਧਾਇਕ ਬਲਕਾਰ ਸਿੰਘ ਸਿੱਧੂ ਦੇ ਪੀ. ਏ. ਰੇਸ਼ਮ ਸਿੰਘ ਵੱਲੋਂ 'ਲੋਕ ਆਵਾਜ਼' ਚੈਨਲ ਦੇ ਪੱਤਰਕਾਰ ਮਨਿੰਦਰਜੀਤ ਸਿੰਘ ਸਿੱਧੂ ਖ਼ਲਾਫ਼ ਝੂਠਾ ਪੁਲਿਸ ਕੇਸ ਦਰਜ ਕਰਾਉਣ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ ਅਤੇ ਨਾਲ ਹੀ ਮੰਗ ਕੀਤੀ ਗਈ ਹੈ ਕਿ ਪੰਜਾਬ ਮਹਿਲਾ ਕਮਿਸ਼ਨ ਵੱਲੋਂ ਮਾਮਲੇ ਦਾ ਨੋਟਿਸ ਲੈ ਕੇ ਵਿਧਾਇਕ ਬਲਕਾਰ ਸਿੰਘ ਸਿੱਧੂ ਖ਼ਿਲਾਫ਼ ਬਣਦੀ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਆਗੂਆਂ ਨੇ ਕਿਹਾ ਕਿ ਹੁਣ ਤੱਕ ਦੇ ਵਾਚੇ ਮਾਮਲੇ ਤੋਂ ਸਪੱਸ਼ਟ ਹੁੰਦਾ ਹੈ ਕਿ ਵਾਇਰਲ ਹੋਈ ਆਡੀਓ ਕਲਿੱਪ ਵਿੱਚ ਵਿਧਾਇਕ ਵੱਲੋਂ ਬੜੀ ਬੇਸ਼ਰਮੀ ਨਾਲ ਔਰਤਾਂ ਪ੍ਰਤੀ ਬੇਹੱਦ ਮਾੜੀ ਅਤੇ ਅਪਮਾਨ-ਜਨਕ ਸ਼ਬਦਾਂਵਲੀ ਵਰਤੀ ਗਈ ਹੈ, ਜਿਸ ਨੂੰ ਉਸ ਦੇ ਤੱਤਕਾਲੀ ਪੇ ਏ ਵੱਲੋਂ ਰਿਕਾਰਡ ਕੀਤਾ ਗਿਆ ਸੀ। ਇਸ ਵਿਚ ਪੱਤਰਕਾਰ ਮਨਿੰਦਰਜੀਤ ਸਿੱਧੂ ਦੀ ਕੋਈ ਭੂਮਿਕਾ ਹੀ ਨਹੀਂ ਹੈ। ਮਨਿੰਦਰਜੀਤ ਸਿੱਧੂ ਵੱਲੋਂ ਇਸ ਨੂੰ ਆਪਣੇ ਚੈਨਲ 'ਤੇ ਚਲਾਇਆ ਗਿਆ ਹੈ, ਜੋ ਇਕ ਪੱਤਰਕਾਰ ਦਾ ਫਰਜ ਵੀ ਹੈ ਤੇ ਡਿਊਟੀ ਵੀ ਹੈ। ਉਨ੍ਹਾਂ ਕਿਹਾ ਕਿ ਪੱਤਰਕਾਰ ਦਾ ਕੰਮ ਸਿਰਫ ਮਾੜੇ ਅਨਸਰਾਂ ਨੂੰ ਸਮਾਜ ਵਿਚ ਬੇਪਰਦ ਕਰਨਾ ਹੀ ਨਹੀਂ ਹੈ, ਸਗੋਂ ਸਫੇਦਪੋਸ਼ਾਂ ਦੀ ਮਾੜੀ ਸੋਚ ਨੂੰ ਵੀ ਬੇਪਰਦ ਕਰਨਾ ਹੈ। ਆਗੂਆਂ ਨੇ ਮੰਗ ਕੀਤੀ ਕਿ ਪੱਤਰਕਾਰ ਸਿੱਧੂ ਖ਼ਿਲਾਫ਼ ਦਰਜ ਮਾਮਲਾ ਤੁਰੰਤ ਰੱਦ ਕਰਕੇ ਵਿਧਾਇਕ ਖ਼ਿਲਾਫ਼ ਔਰਤਾਂ ਦਾ ਅਪਮਾਨ ਕਰਨ ਦਾ ਪਰਚਾ ਦਰਜ ਕੀਤਾ ਜਾਵੇ।

## ਬੀ ਐੱਫ ਜੀ ਆਈ 'ਚ ਬੈਡਮਿੰਟਨ ਟੂਰਨਾਮੈਂਟ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਬਠਿੰਡਾ (ਬੀ ਐਫ ਜੀ ਆਈ) ਵਿਖੇ ਸਪੋਰਟਸ ਕਲੱਬ ਦੇ ਸਹਿਯੋਗ ਨਾਲ ਲੜਕੇ ਅਤੇ ਲੜਕੀਆਂ ਦੋਹਾਂ ਲਈ ਦੋ ਰੋਜ਼ਾ ਸ਼ਾਨਦਾਰ ਬੈਡਮਿੰਟਨ ਟੂਰਨਾਮੈਂਟ ਦਾ ਆਯੋਜਨ ਕੀਤਾ ਗਿਆ, ਜਿਸ ਦਾ ਮਕਸਦ ਵਿਦਿਆਰਥੀਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨਾ ਸੀ।ਟੂਰਨਾਮੈਂਟ ਦੀ ਸ਼ੁਰੂਆਤ ਬੀ ਐਫ ਜੀ ਆਈ ਦੇ ਕੈਂਪਸ ਡਾਇਰੈਕਟਰ ਪ੍ਰੋ. (ਡਾ.) ਐਮ ਪੀ ਪੂਨੀਆ ਅਤੇ ਬਾਬਾ ਫ਼ਰੀਦ ਕਾਲਜ ਆਫ਼ ਐਜੂਕੇਸ਼ਨ ਦੇ ਪ੍ਰਿੰਸੀਪਲ ਡਾ. ਮੰਗਲ ਸਿੰਘ ਨੇ ਰਿਬਨ ਕੱਟ ਕੇ ਕੀਤੀ।ਖੇਡ ਇੰਚਾਰਜ ਡਾ. ਸੰਦੀਪ ਸਿੰਘ, ਸਰਬਜੀਤ ਕੌਰ, ਜਤਿੰਦਰ ਕੁਮਾਰ ਅਤੇ ਅਨਮੋਲ ਕੁਮਾਰ ਗੁਪਤਾ ਦੀ ਯੋਗ ਅਗਵਾਈ ਹੇਠ ਆਯੋਜਿਤ ਇਸ ਟੂਰਨਾਮੈਂਟ ਵਿੱਚ 100 ਉਤਸਾਹੀ ਭਾਗੀਦਾਰਾਂ ਨੇ ਭਾਗ ਲਿਆ। ਟੂਰਨਾਮੈਂਟ ਦੌਰਾਨ ਲੜਕੀਆਂ ਵਿੱਚੋਂ ਬਾਬਾ ਫ਼ਰੀਦ ਕਾਲਜ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ ਦੀ ਵਿਦਿਆਰਥਣ ਸੋਮਿਆ ਨੇ ਪਹਿਲਾ, ਸਾਨੀਆ ਨੇ ਦੂਜਾ ਤੇ ਸੁਖਮਨ ਨੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਲੜਕਿਆਂ ਵਿੱਚੋਂ ਬਾਬਾ ਫ਼ਰੀਦ ਕਾਲਜ ਦੇ ਆਦਿੱਤਿਆ ਨੇ ਪਹਿਲਾ, ਕੁਕਸ਼ਿਤ ਨੇ ਦੂਜਾ ਅਤੇ ਸੁਖਮਨ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ । ਟੂਰਨਾਮੈਂਟ ਦੀ ਸਮਾਪਤੀ 'ਤੇ ਇਨਾਮ ਵੰਡ ਸਮਾਰੋਹ ਦੌਰਾਨ ਬੀ ਐਫ ਜੀ ਆਈ ਦੇ ਡਿਪਟੀ ਡਾਇਰੈਕਟਰ (ਸਹੂਲਤਾਂ) ਸ. ਹਰਪਾਲ ਸਿੰਘ, ਡਿਪਟੀ ਡਾਇਰੈਕਟਰ (ਐਕਟੀਵਿਟੀਜ਼) ਸ੍ਰੀ ਬੀ ਡੀ ਸ਼ਰਮਾ, ਮੈਨੇਜਰ ਲੀਗਲ ਰਵੇਲ ਸਿੰਘ ਬਰਾੜ ਅਤੇ ਬਾਬਾ ਫ਼ਰੀਦ ਕਾਲਜ ਆਫ਼ ਐਜੂਕੇਸ਼ਨ ਦੇ ਪ੍ਰਿੰਸੀਪਲ ਡਾ. ਮੰਗਲ ਸਿੰਘ ਨੇ ਸਾਰੇ ਜੇਤੂਆਂ ਨੂੰ ਹਾਰਦਿਕ ਵਧਾਈ ਦਿੱਤੀ ਅਤੇ ਇਨਾਮ ਵੰਡੇ।ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਖਿਡਾਰੀਆਂ ਦੀ ਖੇਡ ਰੁਚੀ ਨੂੰ ਪ੍ਰਫੁੱਲਿਤ ਕਰਨ ਹਿੱਤ ਭਵਿੱਖ ਵਿਚ ਵੀ ਅਜਿਹੇ ਟੂਰਨਾਮੈਂਟ ਕਰਵਾਏ ਜਾਣ ਲਈ ਹੱਲਾਸ਼ੇਰੀ ਦਿੱਤੀ।

## ਨਵ-ਨਿਯੁਕਤ ਚੇਅਰਮੈਨ ਭੰਗਾਲ ਨੂੰ ਢਿੱਲੋਂ ਨੇ ਦਿੱਤੀ ਵਧਾਈ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**

ਆਮ ਆਦਮੀ ਪਾਰਟੀ ਹਲਕਾ ਗਿੱਦੜਬਾਹਾ ਦੇ ਮੁੱਖ ਦਫਤਰ ਵਿਖੇ ਵਿਧਾਇਕ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਮਾਰਕੀਟ ਕਮੇਟੀ ਗਿੱਦੜਬਾਹਾ ਦੇ ਨਵ-ਨਿਯੁਕਤ ਚੇਅਰਮੈਨ ਐਡਵੋਕੇਟ ਹਰਦੀਪ ਸਿੰਘ ਭੰਗਾਲ ਦਾ ਮੂੰਹ ਮਿੱਠਾ ਕਰਵਾ ਕੇ ਵਧਾਈ ਦਿੱਤੀ।ਇਸ ਮੌਕੇ ਵਿਧਾਇਕ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਐਡਵੋਕੇਟ ਹਰਦੀਪ ਸਿੰਘ ਭੰਗਾਲ ਨੂੰ ਮਾਰਕੀਟ ਕਮੇਟੀ ਗਿੱਦੜਬਾਹਾ ਦਾ ਚੇਅਰਮੈਨ ਨਿਯੁਕਤ ਕਰਨ ਨਾਲ ਹਲਕਾ ਗਿੱਦੜਬਾਹਾ ਵਿੱਚ ਪਾਰਟੀ ਹੋਰ ਮਜ਼ਬੂਤ ਹੋਵੇਗੀ। ਉਨ੍ਹਾਂ ਕਿਹਾ ਕਿ ਹਲਕਾ ਗਿੱਦੜਬਾਹਾ ਦੇ ਵਿਕਾਸ ਕਾਰਜ ਲਗਾਤਾਰ ਚੱਲ ਰਹੇ ਹਨ ਤੇ ਆਉਣ ਵਾਲੇ ਸਮੇਂ ਵਿੱਚ ਵੀ ਗਿੱਦੜਬਾਹਾ ਦੇ ਵਿਕਾਸ ਕਾਰਜਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਇਸ ਮੌਕੇ ਹਰਦੀਪ ਸਿੰਘ ਭੰਗਾਲ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਹਲਕਾ ਗਿੱਦੜਬਾਹਾ ਦੇ ਵਿਧਾਇਕ ਹਰਦੀਪ ਸਿੰਘ ਡਿੰਪੀ ਢਿੱਲੋਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਨੇ ਉਸ ਨੂੰ ਜੋ ਜ਼ਿੰਮੇਵਾਰੀ ਦਿੱਤੀ ਹੈ, ਮੈਂ ਉਸ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਵਾਂਗਾ।ਇਸ ਮੌਕੇ ਯੂਥ ਆਗੂ ਅਭੇ ਸਿੰਘ ਢਿੱਲੋਂ, ਵਨੀਤ ਜਿੰਦਲ ਮੋਟੀ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ ਤੇ ਬਲਾਕ ਪ੍ਰਧਾਨ ਗਿੱਦੜਬਾਹਾ, ਕਿਰਨਪਾਲ ਸਿੰਘ ਪ੍ਰਧਾਨ ਟਰੱਕ ਯੂਨੀਅਨ, ਲਾਭ ਸਿੰਘ ਸੰਧੂ ਬਲਾਕ ਪ੍ਰਧਾਨ, ਸੁਖਮੰਦਰ ਸਿੰਘ ਬਲਾਕ ਪ੍ਰਧਾਨ, ਵਿੱਕੀ ਥੋਰੀਆ ਲੇਬਰ ਯੂਨੀਅਨ ਦੇ ਪ੍ਰਧਾਨ, ਤਰਸੇਮ ਸਿੰਘ ਸਰਪੰਚ ਗੁਰੂਸਰ, ਸੁਖਮੰਦਰ ਸਿੰਘ ਬਲਾਕ ਪ੍ਰਧਾਨ ਗਿੱਦੜਬਾਹਾ, ਬਲਕਾਰਸਿੰਘ ਦੌਲਾ, ਜਸਕਰਨ ਸਿੰਘ ਪੰਚ, ਗੁਰਜੀਤ ਸਿੰਘ, ਗੁਰਤੇਜ ਸਿੰਘ ਪੰਚ, ਸਰਬਜੀਤ ਸਿੰਘ ਔਲਖ, ਗੁਰਮੀਤ ਸਿੰਘ ਪੰਚ, ਵਰਿੰਦਰ ਸਿੰਘ ਪੰਚ, ਜੱਗਾ ਸਿੰਘ ਫਕਰਸਰ, ਜਸ਼ਨਦੀਪ ਸਿੰਘ, ਜਗਦੇਵ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਤੇ ਵਰਕਰ ਹਾਜ਼ਰ ਸਨ।

## ਪਾਣੀ ਦੇ ਡਿੱਗ ਰਹੇ ਪੱਧਰ 'ਤੇ ਹੋਲੀ ਹਾਰਟ ਸਕੂਲ 'ਚ ਸੈਮੀਨਾਰ



**ਅਜੀਤਵਾਲ (ਨਛੱਤਰ ਸੰਧੂ)**

ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਪਾਣੀ ਦੀ ਵਰਤੋਂ ਸਬੰਧੀ ਸਕੂਲ ਵਿੱਚ ਸੈਮੀਨਾਰ ਲਗਾਇਆ ਗਿਆ।ਇਸ ਸੈਮੀਨਾਰ ਦੌਰਾਨ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਪਾਣੀ ਕੁਦਰਤ ਦਾ ਅਨਮੋਲ ਖਜ਼ਾਨਾ ਹੈ, ਜਿਸ ਤੋਂ ਬਿਨਾਂ ਸੰਸਾਰਕ ਜੀਵਨ ਬੇਕਾਰ ਹੈ।ਇਨਸਾਨ, ਪਸ਼ੂ, ਪੰਛੀਆਂ ਤੇ ਜੀਵ ਜੰਤੂਆਂ ਨੂੰ ਜੀਵਨ ਜਿਉਣ ਲਈ ਪਾਣੀ ਦੀ ਬੇਹੱਦ ਲੋੜ ਹੈ, ਪਰ ਪਿਛਲੇ ਸਮੇਂ ਤੋਂ ਨਿਰੰਤਰ ਪੱਧਰ ਡਿੱਗਦਾ ਜਾ ਰਿਹਾ ਹੈ, ਜਿਸ ਦਾ ਸਭ ਤੋਂ ਵੱਡਾ ਕਾਰਨ ਧੜਾ-ਧੜ ਜੰਗਲਾਂ ਦੀ ਕਟਾਈ ਹੈ, ਜਿਸ ਕਰਕੇ ਮੌਸਮ 'ਚ ਭਾਰੀ ਬਦਲਾਅ ਆ ਰਹੇ ਹਨ।ਉਨ੍ਹਾਂ ਕਿਹਾ ਕਿ ਸਾਡਾ ਬਰਸਾਤੀ ਪਾਣੀ ਤੇ ਧਰਤੀ ਹੇਠਲਾ ਪਾਣੀ ਖਣਿਜ ਭਰਪੂਰ ਹੁੰਦਾ ਹੈ, ਜਿਸ ਨਾਲ ਮਨੁੱਖੀ ਸਰੀਰ ਨੂੰ ਜੋ ਮਿਨਰਲ ਚਾਹੀਦੇ ਹਨ, ਉਹ ਇਸ 'ਚ ਭਰਪੂਰ ਮਾਤਰਾ 'ਚ ਹੁੰਦੇ ਹਨ ਤੇ ਮਿੱਟੀ ਦੇ ਭਾਂਡਿਆਂ 'ਚ ਅਜਿਹੇ ਗੁਣ ਹੁੰਦੇ ਹਨ, ਜੋ ਪਾਣੀ ਦੇ ਦੂਸ਼ਿਤ ਖਣਿਜਾਂ ਨੂੰ ਆਪਣੇ 'ਚ ਸਮਾ ਲੈਂਦੇ ਹਨ, ਜੋ ਮਨੁੱਖੀ ਸਰੀਰ ਲਈ ਲੋੜੀਂਦੇ ਹਨ।ਉਨ੍ਹਾਂ ਨੂੰ ਬਚਾਅ ਕੇ ਰੱਖਦੇ ਹਨ, ਜਿਸ ਨਾਲ ਸਰੀਰ ਨਿਰੋਗ ਰਹਿੰਦਾ ਹੈ।ਉਨ੍ਹਾਂ ਕਿਹਾ ਕਿ ਮੀਂਹ ਦਾ ਪਾਣੀ ਅਜਾਈਂ ਨਹੀਂ ਜਾਣ ਦੇਣਾ ਚਾਹੀਦਾ।ਇਸ ਨੂੰ ਸੇਵ ਕਰਕੇ ਨਿੱਤ ਦੀ ਵਰਤੋਂ 'ਚ ਲਿਆਉਣਾ ਚਾਹੀਦਾ ਹੈ, ਇਸ ਲਈ ਸਾਨੂੰ ਪਾਣੀ ਨੂੰ ਬੇਲੋੜਾ ਨਹੀਂ ਵਰਤਣਾ ਚਾਹੀਦਾ ਤਾਂ ਜੋ ਇਸ ਕੁਦਰਤ ਦੀ ਅਨਮੁੱਲੀ ਚੀਜ਼ ਨੂੰ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਬਚਾਅ ਕੇ ਰੱਖਿਆ ਜਾ ਸਕੇ।ਜੇਕਰ ਅਸੀਂ ਪਾਣੀ ਦੀ ਦੁਰਵਰਤੋਂ ਇਸੇ ਤਰ੍ਹਾਂ ਕਰਦੇ ਰਹੇ ਤਾਂ ਉਹ ਦਿਨ ਦੂਰ ਨਹੀਂ, ਜਦੋਂ ਅਸੀਂ ਪਾਣੀ ਦੀ ਬੂੰਦ ਬੂੰਦ ਨੂੰ ਤਰਸਾਂਗੇ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੈਆ ਪਲਤਾ ਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਅੱਜ ਸਮੇਂ ਦੀ ਮੁੱਖ ਲੋੜ ਹੈ ਕਿ ਸਾਨੂੰ ਪਾਣੀ ਦੀ ਵਰਤੋਂ ਘੱਟ ਤੇ ਸੁਚੱਜੇ ਢੰਗ ਨਾਲ ਕਰਨੀ ਚਾਹੀਦੀ ਹੈ।ਇਸ ਮੌਕੇ ਸਕੂਲ ਸਟਾਫ ਹਾਜ਼ਰ ਸੀ।

## ਐੱਸ ਜੀ ਜੀ ਐੱਸ ਯੂ ਦੇ ਕੰਪਿਊਟਰ ਸਾਇੰਸ ਵਿਭਾਗ ਵੱਲੋਂ ਵੈਬੀਨਾਰ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਕੰਪਿਊਟਰ ਸਾਇੰਸ ਵਿਭਾਗ ਨੇ ਟੈਕਨਾਲੋਜੀ ਕਲੱਬ ਦੇ ਸਹਿਯੋਗ ਨਾਲ ਫਲਟਰ 'ਤੇ ਵਰਚੁਅਲ ਵੈਬੀਨਾਰ ਦਾ ਸਫਲਤਾਪੂਰਵਕ ਆਯੋਜਨ ਕੀਤਾ।ਵੈਬਿਨਾਰ ਦਾ ਉਦੇਸ਼ ਵਿਦਿਆਰਥੀਆਂ ਅਤੇ ਫੈਕਲਟੀ ਨੂੰ ਫਲਟਰ ਨਾਲ ਜਾਣੂ ਕਰਵਾਉਣਾ ਸੀ, ਜੋ ਕਿ ਇੱਕ ਸਿੰਗਲ ਕੋਡਬੇਸ ਤੋਂ ਮੋਬਾਈਲ, ਵੈੱਬ ਤੇ ਡੈਸਕਟੌਪ ਲਈ ਮੂਲ ਰੂਪ ਵਿੱਚ ਕੰਪਾਇਲ ਕੀਤੀਆਂ ਐਪਲੀਕੇਸ਼ਨਾਂ ਬਣਾਉਣ ਲਈ ਇੱਕ ਸ਼ਕਤੀਸ਼ਾਲੀ '9 ਟੂਲਕਿੱਟ ਹੈ।ਆਨਲਾਈਨ ਕੀਤੇ ਇਸ ਸੈਸ਼ਨ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀ ਤੇ ਫੈਕਲਟੀ ਮੈਂਬਰ ਸ਼ਾਮਲ ਹੋਏ, ਜੋ ਕਰਾਸ-ਪਲੇਟਫਾਰਮ ਐਪ ਵਿਕਾਸ ਦੀ ਦੁਨੀਆ ਦੀ ਪੜਚੋਲ ਕਰਨ ਲਈ ਉਤਸੁਕ ਸਨ।ਥਿੰਕਨੈਕਸਟ ਟੈਕਨਾਲੋਜੀਜ਼ ਪ੍ਰਾਈਵੇਟ ਲਿਮਟਿਡ ਮੋਹਾਲੀ ਦੇ ਮਾਹਰ ਬੁਲਾਰੇ ਸ੍ਰੀ ਨਵਨੀਤ ਸ਼ਿਓਰਾਨ ਨੇ ਫਲਟਰ, ਇਸ ਦੇ ਆਰਕੀਟੈਕਚਰ, ਮੁੱਖ ਵਿਸ਼ੇਸ਼ਤਾਵਾਂ ਤੇ ਅਸਲ-ਸੰਸਾਰ ਐਪਲੀਕੇਸ਼ਨਾਂ ਦੀ ਇੱਕ ਸੂਝਵਾਨ ਸੰਖੇਪ ਜਾਣਕਾਰੀ ਪ੍ਰਦਾਨ ਕੀਤੀ।ਭਾਗੀਦਾਰਾਂ ਨੇ ਇੰਟਰਐਕਟਿਵ ਤੇ ਕੁਸ਼ਲ ਉਪਭੋਗਤਾ ਇੰਟਰਫੇਸ ਡਿਜ਼ਾਈਨ ਕਰਨ ਬਾਰੇ ਗਿਆਨ ਪ੍ਰਾਪਤ ਕੀਤਾ, ਜਿਸ ਨਾਲ ਸੈਸ਼ਨ ਬਹੁਤ ਜਾਣਕਾਰੀ ਭਰਪੂਰ ਤੇ ਦਿਲਚਸਪ ਹੋ ਗਿਆ।ਟੈਕਨਾਲੋਜੀ ਕਲੱਬ ਦੇ ਕੋਆਰਡੀਨੇਟਰ ਡਾ. ਕਮਲਜੀਤ ਕੌਰ ਤੇ ਡਾ. ਅਮਨਦੀਪ ਕੌਰ ਵਿਰਕ ਨੇ ਇਸ ਪ੍ਰੋਗਰਾਮ ਦਾ ਆਯੋਜਨ ਕੀਤਾ ਤੇ ਫਲਟਰ ਵਰਗੇ ਆਧੁਨਿਕ ਵਿਕਾਸ ਢਾਂਚੇ ਨੂੰ ਸਿੱਖਣ ਦੀ ਮਹੱਤਤਾ ਨੂੰ ਉਜਾਗਰ ਕੀਤਾ।

## ਸਿਵਲ ਸਰਜਨ ਨੂੰ ਸੇਵਾ-ਮੁਕਤੀ 'ਤੇ ਦਿੱਤੀ ਵਿਦਾਇਗੀ ਪਾਰਟੀ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਡਾ. ਲਹਿੰਬਰ ਰਾਮ ਸਿਵਲ ਸਰਜਨ ਫਾਜ਼ਿਲਕਾ ਦੇ ਮਿਤੀ 28 ਫਰਵਰੀ 2025 ਨੂੰ ਸੇਵਾ ਮੁਕਤ ਹੋਣ ਤੇ ਸਿਹਤ ਵਿਭਾਗ ਫਾਜ਼ਿਲਕਾ ਵੱਲੋਂ ਉਹਨਾਂ ਦੇ ਸਨਮਾਨ ਵਿੱਚ ਵਿਦਾਇਗੀ ਪਾਰਟੀ ਸਮਾਰੋਹ ਕੀਤਾ ਗਿਆ। ਇਸ ਸਮਾਰੋਹ ਵਿੱਚ ਡਾ. ਚੰਦਰ ਸ਼ੇਖਰ ਕੱਕੜ ਸਿਵਲ ਸਰਜਨ ਫਰੀਦਕੋਟ, ਡਾ. ਕਵਿਤਾ ਸਿੰਘ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ, ਡਾ. ਸੁਨੀਲ ਬਾਂਸਲ ਸੀਨੀਅਰ ਮੈਡੀਕਲ ਅਫ਼ਸਰ ਮਲੋਟ, ਡਾ. ਵਿਕਾਸ ਗਾਂਧੀ, ਡਾ. ਰਿੰਕੂ, ਡਾ. ਸੁਰੇਸ਼, ਡਾ. ਨੀਲੂ, ਡਾ. ਅਰਪਿਤ ਤੇ ਡਾ. ਨਿਸ਼ਾਂਤ ਨੇ ਸ਼ਿਰਕਤ ਕੀਤੀ।ਦੱਸਣਯੋਗ ਹੈ ਕਿ ਡਾ ਲਹਿੰਬਰ ਰਾਮ ਨੇ ਬਤੌਰ ਮੈਡੀਕਲ ਅਫ਼ਸਰ ਆਪਣੀ ਸਰਕਾਰੀ ਨੌਕਰੀ ਪੀ ਐਚ ਸੀ ਝਬਾਲ ਜ਼ਿਲ੍ਹਾ ਤਰਨਤਾਰਨ ਤੋਂ ਸ਼ੁਰੂ ਕੀਤੀ। ਇਸ ਤੋਂ ਬਾਅਦ ਸਾਲ 2019 ਵਿੱਚ ਸਿਹਤ ਵਿਭਾਗ ਵੱਲੋਂ ਤਰੱਕੀ ਦੇ ਕੇ ਸੀਨੀਅਰ ਮੈਡੀਕਲ ਅਫ਼ਸਰ ਪੀ ਐਚ ਸੀ ਦੋਰਾਂਗਲਾ ਵਿਖੇ ਨਿਯੁਕਤ ਕੀਤਾ ਗਿਆ।ਸਿਹਤ ਵਿਭਾਗ ਵੱਲੋਂ ਆਪ ਨੂੰ ਬਤੌਰ ਸਿਵਲ ਸਰਜਨ ਤਰੱਕੀ ਦੇ ਕੇ ਦਸੰਬਰ 2024 ਨੂੰ ਫਾਜ਼ਿਲਕਾ ਵਿਖੇ ਨਿਯੁਕਤ ਕੀਤਾ ਗਿਆ।ਇਸ ਮੌਕੇ ਸਿਹਤ ਵਿਭਾਗ ਦੇ ਕਰਮਚਾਰੀ, ਅਧਿਕਾਰੀ ਅਤੇ ਸਮਾਜ ਸੇਵੀ ਸੰਸਥਾਵਾਂ ਨੇ ਸ਼ੁੱਭ-ਕਾਮਨਾਵਾਂ ਦਿੱਤੀਆਂ ਤੇ ਵਿਦਾਇਗੀ ਪਾਰਟੀ ਦਿੱਤੀ।

## ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਰਾਸ਼ਟਰੀ ਵਿਗਿਆਨ ਦਿਵਸ ਮਨਾਇਆ



**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ ਦੇ ਵਿਗਿਆਨ ਵਿਭਾਗ ਵੱਲੋਂ ਸਰ ਸੀ ਵੀ ਰਮਨ ਦੁਆਰਾ ਖੋਜੇ ਗਏ 'ਰਮਨ ਪ੍ਰਭਾਵ' ਦੀ ਯਾਦ ਨੂੰ ਸਮਰਪਿਤ ਰਾਸ਼ਟਰੀ ਵਿਗਿਆਨ ਦਿਵਸ ਮਨਾਇਆ ਗਿਆ,ਜਿਸ ਦਾ ਵਿਸ਼ਾ 'ਵਿਕਸਤ ਭਾਰਤ ਲਈ ਵਿਗਿਆਨ ਅਤੇ ਨਵੀਨਤਾ ਵਿੱਚ ਵਿਸ਼ਵਵਿਆਪੀ ਅਗਵਾਈ ਲਈ ਭਾਰਤੀ ਨੌਜਵਾਨਾਂ ਨੂੰ ਸਸ਼ਕਤ ਬਣਾਉਣਾ'ਸੀ।ਇਸ ਮੌਕੇ ਕੈਮਿਸਟਰੀ ਵਿਭਾਗ ਦੇ ਮੁਖੀ ਡਾ. ਮਨੋਜ ਕੁਮਾਰ ਚੌਧਰੀ ਨੇ ਵਿਦਿਆਰਥੀਆਂ ਨੂੰ ਵਿਸ਼ੇ ਦੀ ਮਹੱਤਤਾ ਅਤੇ ਡਾ. ਸੀ ਵੀ ਰਮਨ ਦੇ ਵੱਡਮੁੱਲੇ ਯੋਗਦਾਨ ਬਾਰੇ ਜਾਣਕਾਰੀ ਦਿੰਦਿਆਂ ਸਾਡੇ ਜੀਵਨ ਦੇ ਹਰ ਪਹਿਲੂ ਵਿੱਚ ਵਿਗਿਆਨ ਅਤੇ ਤਕਨਾਲੋਜੀ ਦੀ ਮਹੱਤਵਪੂਰਨ ਭੂਮਿਕਾ ਉੱਤੇ ਜ਼ੋਰ ਦਿੱਤਾ ਅਤੇ ਵਿਦਿਆਰਥੀਆਂ ਨੂੰ ਵਿਗਿਆਨ ਦੁਆਰਾ ਪੇਸ਼ ਕੀਤੀਆਂ ਜਾ ਰਹੀਆਂ ਵਿਸ਼ਾਲ ਸੰਭਾਵਨਾਵਾਂ ਦੀ ਪੜਚੋਲ ਕਰਨ ਲਈ ਉਤਸ਼ਾਹਿਤ ਕੀਤਾ।ਇਸ ਮੌਕੇ ਪੋਸਟਰ ਮੇਕਿੰਗ ਮੁਕਾਬਲਾ, ਇੰਟਰਐਕਟਿਵ ਪ੍ਰਯੋਗਾਂ ਅਤੇ ਵਿਗਿਆਨਕ ਪ੍ਰਦਰਸ਼ਨੀਆਂ ਵਰਗੀਆਂ ਕਈ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ।ਆਪਣੇ ਵਿਚਾਰ ਪ੍ਰਗਟ ਕਰਦਿਆਂ ਗਣਿਤ ਵਿਭਾਗ ਦੇ ਮੁਖੀ ਪ੍ਰੋ. ਮਾਲਤੀ ਤਿਵਾੜੀ ਨੇ ਕਿਹਾ ਕਿ ਇਨ੍ਹਾਂ ਗਤੀਵਿਧੀਆਂ ਦਾ ਉਦੇਸ਼ ਵਿਦਿਆਰਥੀਆਂ ਵਿੱਚ ਵਿਗਿਆਨਕ ਰੁਚੀਆਂ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਵਿਗਿਆਨਕ ਖੇਤਰ ਵਿੱਚ ਹੋਏ ਨਵੀਨ ਵਿਕਾਸ ਬਾਰੇ ਜਾਣੂ ਕਰਵਾਉਣਾ ਹੈ। ਇਸ ਮੌਕੇ ਕਰਵਾਏ ਗਏ ਮੁਕਾਬਲਿਆਂ ਵਿੱਚ ਟੀਮ-ਐਚ ਵੈਸ਼ਨਵੀ ਸਿੰਘ (ਬੀ ਐਸ ਸੀ 99) ਤੇ ਬਿਪਿਨਪ੍ਰੀਤ ਸਿੰਘ (ਬੀ ਐਸ ਸੀ-9) ਨੇ ਪਹਿਲਾ, ਅਰਸ਼ਜੋਤ ਕੌਰ (ਬੀ ਐਸ ਸੀ 999) ਤੇ ਸਾਕਸ਼ੀ (ਬੀ ਐਸ ਸੀ 999) ਨੇ ਦੂਜਾ ਅਤੇ ਵਿਕਰਮਜੀਤ ਸਿੰਘ (ਬੀ ਐਸ ਸੀ 999) ਤੇ ਹਰਜੋਤ ਸਿੰਘ (ਬੀਐਸਸੀ 9) ਨੇ ਤੀਜਾ ਇਨਾਮ ਪ੍ਰਾਪਤ ਕੀਤਾ। ਪ੍ਰੋ: ਰਣਜੀਤ ਕੌਰ, ਡਾ: ਨਿਰਲੇਪ ਕੌਰ ਅਤੇ ਡਾ: ਲਵਲੀਨ ਬੈਂਸ ਨੇ ਜੱਜਾਂ ਦੀ ਭੂਮਿਕਾ ਨਿਭਾਈ। ਇਸ ਆਯੋਜਨ ਵਿੱਚ ਵਿਗਿਆਨ ਵਿਭਾਗ ਤੋਂ ਡਾ. ਅਮਨਦੀਪ ਕੌਰ, ਪ੍ਰੋ. ਰੋਹਿਤ ਕੁਮਾਰ, ਪ੍ਰੋ. ਗੁਰਪ੍ਰੀਤ ਕੌਰ, ਪ੍ਰਯੋਗਸ਼ਾਲਾ ਸਹਾਇਕ ਸ਼੍ਰੀ ਗੁਰਪ੍ਰੀਤ ਸਿੰਘ ਅਤੇ ਸ਼੍ਰੀ ਪਰਮਜੀਤ ਸਿੰਘ ਨੇ ਮਹੱਤਵਪੂਰਨ ਯੋਗਦਾਨ ਪਾਇਆ।

# ਸਰਵ ਭਾਰਤੀਆ ਸੇਵਾ ਸਮਿਤੀ ਵੱਲੋਂ ਅੱਖਾਂ ਦਾ ਮੁਫਤ ਅਪ੍ਰੇਸ਼ਨ ਕੈਂਪ



**ਧੂਰੀ (ਬਿੰਨੀ ਗਰਗ)**

ਸਰਵ ਭਾਰਤੀਆ ਸੇਵਾ ਸਮਿਤੀ ਵੱਲੋਂ ਪ੍ਰਧਾਨ ਰਾਕੇਸ਼ ਕੁਮਾਰ ਗਰਗ ਦੀ ਅਗਵਾਈ ਹੇਠ ਅੱਖਾਂ ਦਾ 48ਵਾਂ ਮੁਫਤ ਮੋਤੀਆ ਬਿੰਦ ਆਪ੍ਰੇਸ਼ਨ ਕੈਂਪ ਲਾਇਆ ਗਿਆ।ਕੈਂਪ ਦਾ ਉਦਘਾਟਨ ਸਵਾਮੀ ਆਤਮਾਨੰਦ ਵੱਲੋਂ ਝੰਡੇ ਦੀ ਰਸਮ ਅਦਾ ਕਰਕੇ ਕੀਤਾ ਗਿਆ, ਜੋਤੀ ਪ੍ਰਚੰਡ ਦੀ ਰਸਮ ਕੈਂਬ੍ਰਿਜ ਗਰੁੱਪ ਦੇ ਚੇਅਰਮੈਨ ਮੱਖਣ ਗਰਗ ਤੇ ਨਗਰ ਕੌਂਸਲ ਪ੍ਰਧਾਨ ਪੁਸ਼ਪਾ ਤਾਇਲ ਵੱਲੋਂ ਅਦਾ ਕੀਤੀ ਗਈ। ਇਸ ਮੌਕੇ ਰਾਈਸੀਲਾ ਹੈਲਥ ਫੂਡ ਦੇ ਡਾਇਰੈਕਟਰ ਵਿਜੇ ਗੋਇਲ, ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਸੋਨੀ ਮੰਡੇਰ, ਸਮਾਜਸੇਵੀ ਸੁਰੇਸ਼ ਬਾਂਸਲ, ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਸ਼ੁਭਮ ਸ਼ਰਮਾ ਸ਼ੁਭੀ, ਭਾਜਪਾ ਆਗੂ ਜਗਦੇਵ ਜੱਗਾ, ਬ੍ਰਿਜੇਸ਼ਵਰ ਗੋਇਲ ਤੇ ਭੂਪੇਸ਼ ਜਿੰਦਲ, ਗੁਰਚਰਨ ਸਿੰਘ ਤੇ ਦਰਸ਼ਨ ਦਰਸ਼ੀ (ਸਾਬਕਾ ਕੌਂਸਲਰ), ਗਗਨ ਕਾਂਸਲ, ਮਨੂ ਕਾਂਸਲ, ਲਖਬੀਰ ਬਮਾਲ ਤੇ ਹੈਪੀ ਸਿੰਗਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਕੈਂਪ ਦੌਰਾਨ ਅੱਖਾਂ ਦੇ ਮਾਹਰ ਡਾ.ਮਨਪ੍ਰੀਤ ਸਿੰਘ ਪਟਿਆਲਾ, ਡਾ. ਸਾਂਈਦੀਪ, ਡਾ. ਹਿਮਾਂਸ਼ੂ ਗਰਗ ਤੇ ਡਾ. ਰਮੇਸ਼ ਗਰਗ ਤੇ ਉਨ੍ਹਾਂ ਦੀ ਟੀਮ ਵੱਲੋਂ 400 ਦੇ ਕਰੀਬ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ 'ਚੋਂ 200 ਤੋਂ ਵੱਧ ਮਰੀਜ਼ਾਂ ਦਾ ਆਪ੍ਰੇਸ਼ਨ ਸ਼ਰਮਾ ਹਸਪਤਾਲ ਵਿਖੇ ਕੀਤਾ ਜਾਵੇਗਾ।ਇਸ ਦੌਰਾਨ ਮਰੀਜ਼ਾਂ ਦਾ ਬਲੱਡ ਪ੍ਰੈਸ਼ਰ ਤੇ ਸ਼ੂਗਰ ਜਾਂਚ ਵੀ ਮੁਫਤ ਕੀਤੀ ਗਈ।ਕਾਂਗਰਸੀ ਆਗੂ ਸ਼ੁਭਮ ਸ਼ਰਮਾ ਸ਼ੁਭੀ ਨੇ ਕਿਹਾ ਕਿ ਸਮੇਂ-ਸਮੇਂ ਸਿਰ ਅਜਿਹੇ ਕੈਂਪ ਲਗਾਉਣ ਦੇ ਨਾਲ-ਨਾਲ ਸੰਸਥਾ ਵੱਲੋਂ ਲੜਕੀਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਲਈ ਸਿਲਾਈ-ਕੱਢਾਈ ਸੈਂਟਰ, ਬਿਊਟੀ ਐਂਡ ਸਕਿਨ ਕੇਅਰ ਸੈਂਟਰ ਵੀ ਚਲਾਇਆ ਜਾ ਰਿਹਾ ਹੈ, ਜਿਥੇ 1200 ਲੜਕੀਆਂ ਸਿਲਾਈ ਦਾ ਕੰਮ, 400 ਲੜਕੀਆਂ ਬਿਊਟੀ ਐਂਡ ਸਕਿਨ ਕੇਅਰ ਦਾ ਕੰਮ ਤੇ 400 ਲੜਕੀਆਂ ਕੰਪਿਊਟਰ ਕੋਰਸ ਕਰਕੇ ਆਪਣੇ ਪਰਿਵਾਰਾਂ ਦੇ ਮੋਢੇ ਨਾਲ ਮੋਢਾ ਲਾ ਕੇ ਖੜ੍ਹਨ ਯੋਗ ਹੋਈਆਂ ਹਨ।ਇਸ ਤੋਂ ਇਲਾਵਾ ਸੰਸਥਾ ਵੱਲੋਂ ਸ਼ਹਿਰ ਅੰਦਰ 6 ਠੰਡੇ ਪਾਣੀ ਦੇ ਪਿਆਊ ਲਗਾਏ ਗਏ ਹਨ। ਇਸ ਮੌਕੇ ਗਿਆਨ ਚੰਦ ਗਰਗ, ਮੋਹਨ ਲਾਲ ਸਿੰਗਲਾ, ਰਤਨ ਸਿੰਗਲਾ, ਪ੍ਰਦੀਪ ਮਿੱਤਲ, ਅਨੁਰਾਗ ਗੋਇਲ, ਸੰਜੇ ਸਿੰਗਲਾ, ਪੂਰਨ ਚੰਦ ਸਿੰਗਲਾ, ਬਿੰਨੀ ਗਰਗ, ਪਿਆਰ ਚੰਦ ਸੰਖਿਆਨ, ਵਿਕਾਸ ਸੇਠ, ਟੇਕ ਬਹਾਦੁਰ ਸ਼੍ਰੀਵਾਸਤਵ, ਗਿਆਨ ਚੰਦ ਮਿੱਤਲ, ਸੁਖਵਿੰਦਰ ਕਾਂਝਲਾ, ਹਰਜੀਤ ਢਿੱਲੋਂ, ਸੁਭਾਸ਼ ਗਰਗ, ਯਸ਼ਪਾਲ ਬਾਂਸਲ, ਪਵਨ ਭੂਸ਼ਣ ਸਿੰਗਲਾ, ਸ਼ਿਵ ਕੁਮਾਰ ਗਰਗ, ਜੈ ਸਿੰਘ ਮਰਾਹੜ, ਗੁਰਮੇਲ ਸਿੰਘ, ਸ਼ਿਸ਼ਨ ਪਾਲ ਤੇ ਹੋਰ ਪਤਵੰਤੇ ਹਾਜ਼ਰ ਸਨ।

## ਸਾਗਰ ਸੇਤੀਆ ਨੇ ਡੀ ਸੀ ਵਜੋਂ ਅਹੁਦਾ ਸੰਭਾਲਿਆ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਸਰਕਾਰ ਵੱਲੋਂ ਕੀਤੇ ਗਏ ਤਬਾਦਲਿਆਂ ਤਹਿਤ ਸਾਗਰ ਸੇਤੀਆ ਨੂੰ ਜ਼ਿਲ੍ਹਾ ਮੋਗਾ ਦਾ ਡਿਪਟੀ ਕਮਿਸ਼ਨਰ ਲਗਾਇਆ ਗਿਆ ਹੈ।ਉਨ੍ਹਾਂ ਨੇ ਅੱਜ ਆਪਣਾ ਅਹੁਦਾ ਸੰਭਾਲ ਲਿਆ।ਦੱਸਣਯੋਗ ਹੈ ਕਿ ਸਾਗਰ ਸੇਤੀਆ 2017 ਬੈਚ ਦੇ ਆਈ ਏ ਐੱਸ ਅਧਿਕਾਰੀ ਹਨ।ਇਸ ਤੋਂ ਪਹਿਲਾਂ ਉਹ ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ ਦੇ ਵਧੀਕ ਸਕੱਤਰ ਲੱਗੇ ਹੋਏ ਸਨ।ਇਸ ਤੋਂ ਇਲਾਵਾ ਕਈ ਜ਼ਿਲ੍ਹਿਆਂ ਵਿੱਚ ਵਧੀਕ ਡਿਪਟੀ ਕਮਿਸ਼ਨਰ ਵਜੋਂ ਵੀ ਸੇਵਾਵਾਂ ਨਿਭਾਅ ਚੁੱਕੇ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਤਰਜੀਹੀ ਯੋਜਨਾਵਾਂ ਨੂੰ ਜ਼ਮੀਨੀ ਪੱਧਰ ਤੱਕ ਲਿਜਾ ਕੇ ਹਰੇਕ ਯੋਗ ਵਿਅਕਤੀ ਨੂੰ ਉਨ੍ਹਾਂ ਦਾ ਲਾਭ ਮੁਹੱਈਆ ਕਰਵਾਉਣਾ ਉਨ੍ਹਾਂ ਦੀ ਪ੍ਰਾਥਮਿਕਤਾ ਰਹੇਗੀ।ਸਰਕਾਰੀ ਕੰਮਾਂ ਕਾਰਾਂ ਵਿੱਚ ਪਾਰਦਰਸ਼ਤਾ, ਨਿਰੰਤਰਤਾ ਤੇ ਤੇਜ਼ੀ ਲਿਆਉਣ ਦੇ ਨਾਲ ਨਾਲ ਜ਼ਿਲ੍ਹਾ ਮੋਗਾ ਵਾਸੀਆਂ ਨੂੰ ਵਧੀਆ ਪ੍ਰਸ਼ਾਸਕੀ ਸੇਵਾਵਾਂ ਦੇਣਾ ਯਕੀਨੀ ਬਣਾਇਆ ਜਾਵੇਗਾ।

## ਕੈਰੀਅਰ ਗਾਈਡੈਂਸ ਤੇ ਰੋਜ਼ਗਾਰ ਸੰਬੰਧੀ ਵਰਕਸ਼ਾਪ



**ਰਾਜਪੁਰਾ (ਰਮੇਸ਼ ਕਟਾਰੀਆ)**-ਸਥਾਨਕ ਪਟੇਲ ਮੈਮੋਰੀਅਲ ਨੈਸ਼ਨਲ ਕਾਲਜ ਦੇ ਪ੍ਰਿੰਸੀਪਲ ਚੰਦਰ ਪ੍ਰਕਾਸ਼ ਗਾਂਧੀ ਅਤੇ ਪਟੇਲ ਇੰਸਟੀਚਿਊਟ ਮੈਨੇਜਮੈਂਟ ਐਂਡ ਟੈਕਨਾਲੋਜੀ ਰਾਜਪੁਰਾ ਦੇ ਡਾਇਰੈਕਟਰ ਪ੍ਰੋ. ਰਾਜੀਵ ਬਾਹੀਆ ਦੀ ਅਗਵਾਈ ਵਿੱਚ ਕਰੀਅਰ ਗਾਇਡੈਂਸ ਅਤੇ ਰੋਜ਼ਗਾਰ ਸਬੰਧੀ ਤਿੰਨ ਰੋਜ਼ਾ ਆਨਲਾਈਨ ਵਰਕਸ਼ਾਪ ਕਰਵਾਈ ਗਈ।ਇਹ ਵਰਕਸ਼ਾਪ ਪੀ ਆਈ ਬੀ ਐਮ ਪੂਨੇ ਦੇ ਸਹਿਯੋਗ ਨਾਲ ਕਰਵਾਈ ਗਈ, ਜਿਸ ਵਿੱਚ ਕਾਲਜ ਦੇ ਲੱਗਭਗ 172 ਵਿਦਿਆਰਥੀਆਂ ਨੇ ਭਾਗ ਲਿਆ।ਬੁਲਾਰਿਆਂ ਨੇ ਪਹਿਲੇ ਦਿਨ ਭਾਸ਼ਾਈ ਹੁਨਰ , ਦੂਜੇ ਦਿਨ ਨਵੇਂ ਰੋਜ਼ਗਾਰ ਦੀ ਸ਼ੁਰੂਆਤ ਲਈ ਤਕਨੀਕਾਂ ਅਤੇ ਤੀਜੇ ਦਿਨ ਤਰਕਯੋਗਤਾ ਦੀਆਂ ਤਕਨੀਕਾਂ ਬਾਰੇ ਵੱਡਮੂਲੀ ਜਾਣਕਾਰੀ ਨੂੰ ਸਾਂਝੀ ਕੀਤਾ।ਇਸ ਉਪਰੰਤ ਵਿਦਿਆਰਥੀਆਂ ਨੇ ਰੋਜ਼ਗਾਰ ਦੀ ਤਿਆਰੀ ਅਤੇ ਜ਼ਰੂਰੀ ਹੁਨਰਾਂ ਬਾਰੇ ਬਹੁਤ ਸਾਰੇ ਪ੍ਰਸ਼ਨ ਪੁੱਛੇ।ਇਸ ਵਰਕਸ਼ਾਪ ਦੀ ਪ੍ਰੋ.ਸੰਦੀਪ ਕੁਮਾਰ, ਸ਼੍ਰੀਮਤੀ ਮੰਜੂ ਬਾਲਾ ਅਤੇ ਸ਼੍ਰੀ ਰੋਹਿਤ ਪਹੂਜਾ ਨੇ ਯੋਗ ਅਗਵਾਈ ਕੀਤੀ। ਪ੍ਰੋ. ਸੰਦੀਪ ਕੁਮਾਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਇਸ ਵਰਕਸ਼ਾਪ ਦਾ ਉਦੇਸ਼ ਅੱਜ ਦੇ ਸਮੇਂ ਵਿੱਚ ਉਹਨਾਂ ਨੂੰ ਰੋਜ਼ਗਾਰ ਦੀ ਸਮਰੱਥਾ ਨੂੰ ਬਿਹਤਰ ਬਣਾਉਣਾ ਹੈ।ਵਰਕਸ਼ਾਪ ਦੇ ਤਿੰਨੇ ਦਿਨ ਵਿਦਿਆਰਥੀਆਂ ਦਾ ਕਾਰਾਤਮਤ ਹੁੰਗਾਰਾ ਮਿਲਿਆ।ਇਸ ਵਰਕਸ਼ਾਪ ਵਿੱਚ ਡਾ. ਮਨਦੀਪ ਸਿੰਘ, ਡਾ. ਨਵਨੀਤ ਕੌਰ, ਪ੍ਰੋ . ਏਕਾਂਤ ਗੁਪਤਾ, ਪ੍ਰੋ. ਨੀਤਿਕਾ ਸੇਠੀ, ਪ੍ਰੋ. ਹਰਪ੍ਰੀਤ ਕੌਰ ਅਤੇ ਸਮੂਹ ਅਧਿਆਪਕ ਹਾਜ਼ਰ ਸਨ।

## ਪੁਲਸ ਵੱਲੋਂ ਨਸ਼ਿਆਂ ਖਿਲਾਫ ਵਿਸ਼ੇਸ਼ ਤਲਾਸ਼ੀ ਅਭਿਆਨ



**ਖੰਨਾ (ਸੁਖਵਿੰਦਰ ਸਿੰਘ ਭਾਦਲਾ)**-ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਨੂੰ ਅੱਗੇ ਤੋਰਦਿਆਂ ਐਸ ਐਸ ਪੀ ਖੰਨਾ ਡਾ. ਜੋਤੀ ਯਾਦਵ ਬੈਂਸ ਦੀ ਅਗਵਾਈ ਹੇਠ ਵੱਖ-ਵੱਖ ਟੀਮਾਂ ਵੱਲੋਂ ਖੰਨਾ, ਸਮਰਾਲਾ ਅਤੇ ਪਾਇਲ ਵਿਖੇ ਪੰਜ ਅਪਰਾਧ/ਨਸ਼ੇ ਦੇ ਹੌਟਸਪੋਟ ਟਿਕਾਣਿਆਂ ਦੀ ਘੇਰਾਬੰਦੀ ਕਰਕੇ ਤਲਾਸ਼ੀ ਅਭਿਆਨ ਚਲਾਇਆ ਗਿਆ।ਇਸ ਮੌਕੇ ਡੀ ਆਈ ਜੀ ਲੁਧਿਆਨਾ ਰੇਂਜ ਨੀਲੰਬਰੀ ਜਗਦਲੇ ਵੀ ਨਿੱਜੀ ਤੌਰ 'ਤੇ ਮੌਜੂਦ ਸਨ। ਬੈਂਸ ਨੇ ਦੱਸਿਆ ਕਿ ਤਲਾਸ਼ੀ ਅਭਿਆਨ ਪੰਜਾਬ ਪੁਲਿਸ ਵੱਲੋਂ ਸੂਬੇ ਵਿੱਚੋਂ ਨਸ਼ੇ ਦੇ ਕੋਹੜ ਨੂੰ ਜੜ੍ਹੋਂ ਪੁੱਟਣ ਲਈ ਸ਼ੁਰੂ ਕੀਤੀ ਗਈ ਮੁਹਿੰਮ ਦਾ ਹਿੱਸਾ ਹੈ।ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਨੂੰ ਅੰਜ਼ਾਮ ਦੇਣ ਵਾਲੀ ਵਿਸ਼ੇਸ਼ ਟੀਮ ਵਿੱਚ 6 ਡੀ ਐਸ ਪੀ, 7 ਐਸ ਐਚ ਓ, 13 ਤੋਂ ਵੱਧ ਟੀਮਾਂ ਵਿੱਚ 165 ਮੁਲਾਜ਼ਮ ਆਪਣੇ ਇੰਚਾਰਜਾਂ ਦੀ ਅਗਵਾਈ ਵਿੱਚ ਸ਼ਾਮਲ ਸਨ।ਉਨ੍ਹਾਂ ਅੱਗੇ ਦੱਸਿਆ ਕਿ ਇਸ ਵਿਸ਼ੇਸ਼ ਚੈਕਿੰਗ ਦੌਰਾਨ ਕਰੀਬ 66 ਸ਼ੱਕੀ ਵਿਅਕਤੀਆਂ ਦੀ ਜਾਂਚ ਕਰਦਿਆਂ ਪੁੱਛ ਪੜਤਾਲ ਕੀਤੀ ਗਈ ਅਤੇ 35 ਵਾਹਨਾਂ ਨੂੰ ਚੈੱਕ ਕੀਤਾ ਗਿਆ। ਇਸ ਮੁਹਿੰਮ ਦੌਰਾਨ 14 ਸਮਾਜ ਵਿਰੋਧੀ ਅਨਸਰਾਂ ਨੂੰ ਗ੍ਰਿਫਤਾਰ ਕੀਤਾ ਗਿਆ, ਜਿਨ੍ਹਾਂ ਵਿੱਚ 04 ਚੋਰ ਅਤੇ 10 ਨਸ਼ਾ ਤਸ਼ਕਰ ਸ਼ਾਮਲ ਹਨ।ਉਨ੍ਹਾਂ ਇਹ ਵੀ ਦੱਸਿਆ ਕਿ ਅਪਰਾਧੀਆਂ ਤੇ ਕਾਰਵਾਈ ਕਰਦਿਆਂ ਵੱਖ-ਵੱਖ 4 ਐਫ ਆਈ ਆਰ ਦਰਜ ਕੀਤੀਆਂ ਹਨ ਅਤੇ 20 ਗ੍ਰਾਮ ਹੈਰੋਇਨ, 150 ਗ੍ਰਾਮ ਅਫੀਮ, 7 ਚੋਰੀ ਦੇ ਮੋਬਾਈਲ ਫ਼ੋਨ, 150 ਲੋਮੋਟਿਲ ਗੋਲੀਆਂ ਦੀ ਬਰਾਮਦਗੀ ਹੋਈ ਹੈ।

## ਝਾੜ ਸਾਹਿਬ ਕਾਲਜ ਦਾ ਬੀ ਏ ਦਾ ਨਤੀਜਾ ਰਿਹਾ ਸ਼ਾਨਦਾਰ



**ਸਮਰਾਲਾ (ਸੁਰਜੀਤ ਸਿੰਘ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਰਪ੍ਰਸਤੀ ਹੇਠ ਚੱਲ ਰਹੀ ਇਲਾਕੇ ਦੀ ਸਿੱਖਿਆ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਝਾੜ ਸਾਹਿਬ (ਲੁਧਿ.) ਦਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਐਲਾਨੇ ਗਏ ਬੀ ਏ ਸਮੈਸਟਰ ਤੀਜੇ ਦਾ ਨਤੀਜਾ ਸ਼ਾਨਦਾਰ ਰਿਹਾ।ਬੀ ਏ ਸਮੈਸਟਰ ਤੀਜੇ ਦੀ ਵਿਦਿਆਰਥਣ ਇਕਬਾਲ ਕੌਰ ਸਪੁੱਤਰੀ ਹਰਦਿਆਲ ਸਿੰਘ ਨੇ 78 ਫੀਸਦੀ ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ, ਖੁਸ਼ਪ੍ਰੀਤ ਕੌਰ ਸਪੁੱਤਰੀ ਬਲਵੀਰ ਸਿੰਘ ਨੇ 76.5 ਫੀਸਦੀ ਅੰਕ ਹਾਸਲ ਕਰਕੇ ਦੂਸਰਾ ਤੇ ਸੁਖਵਿੰਦਰ ਕੌਰ ਸਪੁੱਤਰੀ ਅਵਤਾਰ ਸਿੰਘ ਨੇ 75 ਫੀਸਦੀ ਅੰਕ ਹਾਸਲ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ।ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਵਿਦਿਆਰਥਣਾਂ ਤੇ ਸਟਾਫ਼ ਮੈਂਬਰ, ਮਾਪਿਆਂ ਨੂੰ ਵਧਾਈ ਦਿੱਤੀ। ਕਾਲਜ ਦੀ ਲੋਕਲ ਮੈਨੇਜਿੰਗ ਕਮੇਟੀ ਵੱਲੋਂ ਵਿਦਿਆਰਥਣਾਂ ਦੀ ਇਸ ਪ੍ਰਾਪਤੀ ਦੀ ਸ਼ਲਾਘਾ ਕੀਤੀ ਗਈ।

## ਮਹਿਲਾ ਦਿਵਸ 8 ਨੂੰ ਖਨੌਰੀ ਬਾਰਡਰ 'ਤੇ ਮਨਾਇਆ ਜਾਵੇਗਾ : ਬੀ ਕੇ ਯੂ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਜ਼ਿਲ੍ਹਾ ਫਰੀਦਕੋਟ ਦੀ ਮੀਟਿੰਗ 8 ਤਰੀਕ ਨੂੰ ਖਨੌਰੀ ਬਾਰਡਰ ਉੱਪਰ ਮਨਾਏ ਜਾ ਰਹੇ ਮਹਿਲਾ ਦਿਵਸ ਸਬੰਧੀ ਸੂਬਾ ਜਨਰਲ ਸਕੱਤਰ ਕਾਕਾ ਸਿੰਘ ਕੋਟੜਾ ਤੇ ਬੋਹੜ ਸਿੰਘ ਰੁਪਈਆਂ ਵਾਲਾ ਜ਼ਿਲ੍ਹਾ ਪ੍ਰਧਾਨ ਫਰੀਦਕੋਟ ਦੀ ਅਗਵਾਈ ਵਿੱਚ ਹੋਈ।ਇਸ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਸਾਨ ਆਗੂਆਂ ਨੇ ਕਿਹਾ ਕਿ ਜੀਵਨ ਦੀ ਕਲਪਨਾ ਮਹਿਲਾਵਾਂ ਤੋਂ ਬਿਨਾਂ ਨਹੀਂ ਕੀਤੀ ਜਾ ਸਕਦੀ ਤੇ ਕਿਸੇ ਵੀ ਵਧੀਆ ਸਮਾਜ ਨੂੰ ਸਿਰਜਣ ਵਿੱਚ ਅਤੇ ਹਰ ਇੱਕ ਅੰਦੋਲਨ ਵਿੱਚ ਮਹਿਲਾਵਾਂ ਦਾ ਸਭ ਤੋਂ ਵੱਧ ਯੋਗਦਾਨ ਰਿਹਾ ਹੈ। ਫਰੀਦਕੋਟ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵੱਲੋਂ ਮੀਟਿੰਗ ਕਰਕੇ ਖਨੌਰੀ ਮੋਰਚੇ ਉੱਪਰ ਮਨਾਏ ਜਾ ਰਹੇ ਮਹਿਲਾ ਦਿਵਸ ਸਬੰਧੀ ਸਾਰੇ ਬਲਾਕਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ।ਇਸ ਮੌਕੇ ਉਨ੍ਹਾਂ ਨਾਲ ਇੰਦਰਜੀਤ ਸਿੰਘ ਘਣੀਆ ਜ਼ਿਲ੍ਹਾ ਜਨਰਲ ਸਕੱਤਰ, ਗੁਰਦਿੱਤਾ ਸਿੰਘ ਜ਼ਿਲ੍ਹਾ ਵਿੱਤ ਸਕੱਤਰ, ਰਜਿੰਦਰ ਸਿੰਘ ਬਲਾਕ ਪ੍ਰਧਾਨ ਸਾਦਿਕ, ਸੁਖਚਰਨ ਸਿੰਘ ਬਲਾਕ ਪ੍ਰਧਾਨ ਗੋਲੇਵਾਲਾ, ਤੇਜਾ ਸਿੰਘ ਬਲਾਕ ਪ੍ਰਧਾਨ ਫਰੀਦਕੋਟ, ਬਲਜਿੰਦਰ ਸਿੰਘ ਬਾੜਾ ਭਾਈਕਾ ਬਲਾਕ ਪ੍ਰਧਾਨ ਬਾਜਾਖਾਨਾ, ਸ਼ਿੰਦਰਪਾਲ ਸਿੰਘ ਬਲਾਕ ਪ੍ਰਧਾਨ ਜੈਤੋ, ਨੈਬ ਸਿੰਘ ਸ਼ੇਰ ਸਿੰਘ ਵਾਲਾ ਕਨਵੀਨਰ ਬਲਾਕ ਸਾਦਿਕ, ਬਲਾਕ ਕੋਟਕਪੂਰਾ ਤੋਂ ਇਲਾਵਾ ਕਮੇਟੀ ਮੈਂਬਰ ਵਿਪਨ ਸਿੰਘ ਫਿੱਡੇ, ਕਮੇਟੀ ਮੈਂਬਰ ਨਿਰਮਲ ਸਿੰਘ ਢਿੱਲਵਾਂ, ਕਮੇਟੀ ਮੈਂਬਰ ਸੁਖਜੀਵਨ ਸਿੰਘ ਢਿੱਲਵਾਂ ਤੇ ਯੂਥ ਆਗੂ ਜਤਿੰਦਰਜੀਤ ਸਿੰਘ ਆਦਿ ਹਾਜ਼ਰ ਸਨ।

## ਨਸ਼ਾ ਤਸਕਰਾਂ ਨੂੰ ਜ਼ਮੀਨੀ ਪੱਧਰ 'ਤੇ ਸਖਤੀ ਨਾਲ ਨੱਥ ਪਾਈ ਜਾਵੇਗੀ : ਯਾਦਵ



**ਭੀਖੀ (ਧਰਮਵੀਰ ਸ਼ਰਮਾ)**-ਪੰਜਾਬ ਸਰਕਾਰ ਵੱਲੋਂ ਪੰਜਾਬ ਨੂੰ ਨਸ਼ਾ-ਮੁਕਤ ਕਰਨ ਲਈ ਵਿੱਢੀ ਮੁਹਿੰਮ ਯੁੱਧ ਨਸ਼ਿਆ ਵਿਰੁੱਧ ਤਹਿਤ ਆਈ ਜੀ ਪ੍ਰਦੀਪ ਕੁਮਾਰ ਯਾਦਵ ਦੀ ਅਗਵਾਈ ਵਿੱਚ ਭੀਖੀ ਅੰਦਰ ਨਸ਼ਾ ਸਮੱਗਲਰਾਂ ਖਿਲਾਫ ਵੱਡਾ ਐਕਸ਼ਨ ਲੈਂਦੇ ਹੋਏ ਡਰੱਗ ਹੋਟਸਪੋਟ ਏਰੀਆ ਨੂੰ ਘੇਰਾਬੰਦੀ ਕਰਕੇ ਸਰਚ ਆਪ੍ਰੇਸ਼ਨ ਚਲਾਇਆ ਗਿਆ।ਇਸ ਦਰਮਿਆਨ ਪੁਲਸ ਵੱਲੋਂ ਵੱਖ ਵੱਖ ਹਿਸਟਰੀ ਸ਼ੀਟਰ ਨਸ਼ਾ ਤਸਕਰਾਂ ਦੇ ਘਰਾਂ ਦੀ ਤਲਾਸ਼ੀ ਲਈ ਗਈ ਤੇ ਉਨ੍ਹਾਂ ਨੂੰ ਸਖਤੀ ਨਾਲ ਤਾੜਨਾ ਕੀਤੀ ਗਈ ਕਿ ਜੇਕਰ ਕੋਈ ਵਿਅਕਤੀ ਨਸ਼ਾ ਵੇਚਦਾ ਫੜਿਆ ਗਿਆ ਤਾਂ ਉਨ੍ਹਾਂ ਖਿਲਾਫ ਸਖਤ ਕਾਰਵਾਈ ਕਰਨ ਦੇ ਨਾਲ ਨਾਲ ਉਨ੍ਹਾਂ ਦੀ ਜਾਇਦਾਦ ਵੀ ਜ਼ਬਤ ਕਰ ਲਈ ਜਾਵੇਗੀ।ਸ਼੍ਰੀ ਯਾਦਵ ਨੇ ਕਿਹਾ ਕਿ ਹੁਣ ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਨਸ਼ੀਲੀਆਂ ਦਵਾਈਆਂ ਵੇਚਣ ਵਾਲੇ ਕੈਮਿਸਟਾਂ ਨੂੰ ਵੀ ਨਹੀ ਬਖਸ਼ਿਆ ਜਾਵੇਗਾ।ਇਸ ਲਈ ਸਿਹਤ ਵਿਭਾਗ ਨਾਲ ਉਚੇਚਾ ਤਾਲਮੇਲ ਕੀਤਾ ਜਾ ਰਿਹਾ ਹੈ।ਉਨ੍ਹਾਂ ਛੋਟੀ ਉਮਰ ਦੇ ਬੱਚਿਆਂ ਵਿੱਚ ਨਸ਼ੇ ਦੀ ਲੱਤ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪੁਲਸ ਵਿਭਾਗ ਇਸ ਲਈ ਪੂਰਨ ਤੌਰ 'ਤੇ ਜਾਗਰੂਕ ਹੈ।ਬੱਚਿਆਂ ਨੂੰ ਨਸ਼ਿਆਂ ਵਿਰੁੱਧ ਪ੍ਰੇਰਨ ਲਈ ਸਕੂਲਾਂ ਤੇ ਕਾਲਜਾਂ ਵਿੱਚ ਵਿਸ਼ੇਸ਼ ਸੈਮੀਨਾਰ ਕਰਵਾਏ ਜਾ ਰਹੇ ਹਨ।ਇਸ ਮੌਕੇ ਸੀਨੀਅਰ ਕਪਤਾਨ ਪੁਲਸ ਭਾਗੀਰਥ ਸਿੰਘ ਮੀਨਾ ਨੇ ਕਿਹਾ ਕਿ ਜ਼ਿਲ੍ਹਾ ਪੁਲਸ ਵੱਲੋਂ ਸਮੁੱਚੇ ਜ਼ਿਲ੍ਹੇ ਅੰਦਰ ਕਈ ਸ਼ਹਿਰੀ ਬਸਤੀਆਂ ਤੇ ਪਿੰਡਾਂ ਵਿੱਚ ਨਸ਼ਾ ਤਸਕਰਾਂ 'ਤੇ ਤਿੱਖੀ ਨਿਗ੍ਹਾ ਰੱਖੀ ਜਾ ਰਹੀ ਹੈ ਅਤੇ ਲੰਘੇ ਸਮੇਂ ਤੋਂ ਪੁਲਸ ਵਿਭਾਗ ਵੱਲੋਂ ਸਿੰਥੈਟਿਕ ਨਸ਼ੇ ਦੀਆਂ ਬਰਾਮਦਗੀਆਂ ਕੀਤੀਆਂ ਗਈਆਂ ਹਨ।ਇਸ ਮੌਕੇ ਐੱਸ. ਪੀ. (ਐੱਚ) ਜਸਕੀਰਤ ਸਿੰਘ ਅਹੀਰ, ਐੱਸ. ਪੀ. (ਡੀ) ਮਨਮੋਹਨ ਸਿੰਘ ਔਲਖ, ਡੀ.ਐੱਸ.ਪੀ. ਪ੍ਰਿਤਪਾਲ ਸਿੰਘ, ਥਾਣਾ ਮੁਖੀ ਭੀਖੀ ਸੁਖਜੀਤ ਸਿੰਘ, ਥਾਣਾ ਮੁਖੀ ਸਦਰ ਬੁਢਲਾਡਾ ਇੰਸਪੈਕਟਰ ਦਲਜੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੁਲਸ ਮੁਲਾਜ਼ਮ ਤੇ ਅਧਿਕਾਰੀ ਮੌਜੂਦ ਸਨ।

## ਐਡਵੋਕੇਟ ਅਸ਼ੋਕ ਕੰਬੋਜ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਬਣੇ



**ਜਲਾਲਾਬਾਦ (ਜੰਗੀਰ ਕੌਰ ਫਲੀਆਂਵਾਲਾ/ਜੀਤ ਕੁਮਾਰ)**-ਬਾਰ ਐਸੋਸੀਏਸ਼ਨ ਜਲਾਲਾਬਾਦ ਦੇ ਅਹੁਦੇਦਾਰਾਂ ਦੀ ਚੋਣ ਲਈ ਪਈਆਂ ਵੋਟਾਂ ਦੌਰਾਨ ਐਡਵੋਕੇਟ ਅਸ਼ੋਕ ਕੰਬੋਜ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਕੇ ਨਵੇਂ ਪ੍ਰਧਾਨ ਬਣੇ। ਇਨ੍ਹਾਂ ਚੋਣਾਂ ਵਿੱਚ ਪ੍ਰਧਾਨ ਲਈ ਐਡਵੋਕੇਟ ਅਸ਼ੋਕ ਕੰਬੋਜ ਤੇ ਐਡਵੋਕੇਟ ਸਤਪਾਲ ਕੰਬੋਜ, ਸੈਕਟਰੀ ਲਈ ਐਡਵੋਕੇਟ ਸ਼ਾਂਤਮ ਮੁਜਾਲ ਤੇ ਐਡਵੋਕੇਟ ਮੁਖਤਿਆਰ ਸਿੰਘ ਅਤੇ ਜੁਆਇੰਟ ਸੈਕਟਰੀ ਲਈ ਐਡਵੋਕੇਟ ਅਕਸ਼ੇ ਪੁਪਨੇਜਾ ਤੇ ਐਡਵੋਕੇਟ ਸੰਦੀਪ ਘੋਗਾ ਚੋਣ ਮੈਦਾਨ ਵਿੱਚ ਉੱਤਰੇ ਸਨ, ਜਦੋਂਕਿ ਉੱਪ-ਪ੍ਰਧਾਨ ਐਡਵੋਕੇਟ ਅਮਨ ਹਾਂਡਾ ਤੇ ਕੈਸ਼ੀਅਰ ਐਡਵੋਕੇਟ ਸੁਨੀਲ ਵਾਰਵਲ ਬਿਨਾਂ ਮੁਕਾਬਲਾ ਜੇਤੂ ਰਹੇ ਹਨ। ਇਸ ਚੋਣ ਦੌਰਾਨ ਪ੍ਰਧਾਨ ਅਹੁਦੇ ਲਈ ਐਡਵੋਕੇਟ ਅਸ਼ੋਕ ਕੰਬੋਜ (134 ਵੋਟਾਂ) ਨੇ ਐਡਵੋਕੇਟ ਸੱਤਪਾਲ ਕੰਬੋਜ (59 ਵੋਟਾਂ) ਨੂੰ ਹਰਾ ਕੇ ਜਿੱਤ ਪ੍ਰਾਪਤ ਕੀਤੀ। ਸੈਕਟਰੀ ਅਹੁਦੇ ਲਈ ਐਡਵੋਕੇਟ ਸ਼ਾਂਤਮ ਮੁਜਾਲ (141 ਵੋਟਾਂ) ਨੇ ਐਡਵੋਕੇਟ ਮੁਖਤਿਆਰ ਸਿੰਘ (61 ਵੋਟਾਂ) ਨੂੰ ਅਤੇ ਜੁਆਇੰਟ ਸੈਕਟਰੀ ਐਡਵੋਕੇਟ ਅਕਸ਼ੇ ਪੁਪਨੇਜਾ (129 ਵੋਟਾਂ) ਨੇ ਐਡਵੋਕੇਟ ਸੰਦੀਪ ਘੋਗਾ (51 ਵੋਟਾਂ) ਨੂੰ ਹਰਾ ਕੇ ਜੇਤੂ ਬਣੇ ਹਨ। ਨਵੇਂ ਚੁਣੇ ਗਏ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਅਸ਼ੋਕ ਕੰਬੋਜ ਨੇ ਬਾਰ ਮੈਂਬਰਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਮਿਲੀ ਜ਼ਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ।

3-MAR-PAGE-1.qxd 3/2/2025 10:17 PM Page 1

ਸੋਮਵਾਰ, 3 ਮਾਰਚ, 2025
20 ਫੱਗਣ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 272

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • MONDAY, 3 MARCH, 2025 ਜਲੰਧਰ

nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in

# ਜਾਨਸ਼ੀਨ ਭਤੀਜਾ ਫਿਰ ਲਾਂਭੇ

## ਹੁਣ ਜਿਊਂਦੇ ਜੀਅ ਜਾਨਸ਼ੀਨ ਨਹੀਂ ਥਾਪਣਾ : ਮਾਇਆਵਤੀ



**ਲਖਨਊ** : ਬਸਪਾ ਸੁਪਰੀਮੋ ਮਾਇਆਵਤੀ ਨੇ ਆਪਣੇ ਜਾਨਸ਼ੀਨ ਤੇ ਨੈਸ਼ਨਲ ਕੋਆਰਡੀਨੇਟਰ ਭਤੀਜੇ ਆਕਾਸ਼ ਆਨੰਦ ਨੂੰ ਐਤਵਾਰ ਪਾਰਟੀ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਤੋਂ ਮੁਕਤ ਕਰ ਦਿੱਤਾ। ਮਾਇਆਵਤੀ ਨੇ ਇੱਥੇ ਪਾਰਟੀ ਦੀ ਕਾਰਜਕਾਰਨੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾ ਕਿਹਾ ਕਿ ਪਾਰਟੀ ਦੇ ਹਿੱਤਾਂ ਵਿੱਚ ਆਕਾਸ਼ ਨੂੰ ਸਾਰੇ ਅਹੁਦਿਆਂ ਤੋਂ ਹਟਾਇਆ ਗਿਆ ਹੈ। ਮਾਇਆਵਤੀ ਨੇ ਕੁਝ ਦਿਨ ਪਹਿਲਾਂ ਆਕਾਸ਼ ਦੇ ਸਹੁਰੇ ਤੇ ਸਾਬਕਾ ਰਾਜ ਸਭਾ ਮੈਂਬਰ ਅਸ਼ੋਕ ਸਿਧਾਰਥ ਨੂੰ ਪਾਰਟੀ ਵਿਰੋਧੀ ਸਰਗਰਮੀਆਂ ਤੇ ਗੁਟਬਾਜ਼ੀ ਦੇ ਦੋਸ਼ਾਂ ਵਿੱਚ ਪਾਰਟੀ ਵਿੱਚੋਂ ਕੱਢ ਦਿੱਤਾ ਸੀ।

ਬਸਪਾ ਮੁਖੀ ਨੇ ਹੁਣ ਆਪਣੇ ਭਰਾ ਤੇ ਆਕਾਸ਼ ਦੇ ਪਿਤਾ ਆਨੰਦ ਕੁਮਾਰ ਅਤੇ ਰਾਜ ਸਭਾ ਮੈਂਬਰ ਰਾਮਜੀ ਗੌਤਮ ਨੂੰ ਕੌਮੀ ਕੋਆਰਡੀਨੇਟਰ ਨਿਯੁਕਤ ਕੀਤਾ ਹੈ। ਆਨੰਦ ਕੁਮਾਰ ਦਿੱਲੀ ਵਿੱਚ ਰਹਿ ਕੇ ਸਰਗਰਮੀ ਕਰਨਗੇ, ਜਦਕਿ ਗੌਤਮ ਦੇਸ਼ ਭਰ ਵਿੱਚ ਪਾਰਟੀ ਹਮਾਇਤੀਆਂ ਨਾਲ ਸੰਪਰਕ ਕਰਨਗੇ। ਯੂ ਪੀ ਦੀ ਸਾਬਕਾ ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਹੁਣ ਉਸ ਦੇ ਜਿਊਂਦੇ ਜੀਅ ਪਾਰਟੀ ਵਿੱਚ ਕੋਈ ਜਾਨਸ਼ੀਨ ਨਹੀਂ ਹੋਵੇਗਾ। ਉਨ੍ਹਾ ਜ਼ੋਰ ਦਿੰਦਿਆਂ ਕਿਹਾ ਕਿ ਉਨ੍ਹਾ ਲਈ ਪਾਰਟੀ ਸਰਵਉੱਚ ਹੈ ਤੇ ਰਿਸ਼ਤੇਦਾਰੀ ਬਾਅਦ 'ਚ। ਆਨੰਦ (30) ਬਸਪਾ ਦਾ ਕੌਮੀ ਕੋਆਰਡੀਨੇਟਰ ਅਤੇ ਮਾਇਆਵਤੀ ਦਾ ਸਿਆਸੀ ਜਾਨਸ਼ੀਨ ਸੀ। ਮਾਇਆਵਤੀ ਨੇ ਪਿਛਲੇ ਸਾਲ ਵੀ ਲੋਕ ਸਭਾ ਚੋਣਾਂ ਦੌਰਾਨ ਆਨੰਦ ਨੂੰ ਜਾਨਸ਼ੀਨ ਤੇ ਨੈਸ਼ਨਲ ਕੋਆਰਡੀਨੇਟਰ ਦੇ ਅਹੁਦਿਆਂ ਤੋਂ ਬਰਖਾਸਤ ਕਰ ਦਿੱਤਾ ਸੀ। ਹਾਲਾਂਕਿ ਬਾਅਦ ਵਿੱਚ ਚੋਣਾਂ ਦੇ ਨਤੀਜਿਆਂ ਤੋਂ ਇਕ ਮਹੀਨੇ ਬਾਅਦ ਉਸ ਨੂੰ ਬਹਾਲ ਕਰ ਦਿੱਤਾ ਸੀ। ਬਸਪਾ ਨੂੰ ਚੋਣਾਂ ਵਿੱਚ ਕੋਈ ਸੀਟ ਨਹੀਂ ਮਿਲੀ ਸੀ।

ਮੀਟਿੰਗ, ਜਿਸ ਵਿੱਚ ਕਈ ਸੂਬਾਈ ਪ੍ਰਧਾਨ ਵੀ ਸ਼ਾਮਲ ਹੋਏ, 'ਚ 2027 ਵਿੱਚ ਯੂ ਪੀ ਅਸੈਂਬਲੀ ਦੀਆਂ ਚੋਣਾਂ ਤੋਂ ਪਹਿਲਾਂ ਪਾਰਟੀ ਨੂੰ ਮਜ਼ਬੂਤ ਕਰਨ ਬਾਰੇ ਵਿਚਾਰਾਂ ਹੋਈਆਂ। ਮੀਟਿੰਗ ਵਿੱਚ ਮਾਇਆਵਤੀ ਦੇ ਭਰਾ ਆਨੰਦ ਤੋਂ ਇਲਾਵਾ ਕੌਮੀ ਜਨਰਲ ਸਕੱਤਰ ਸਤੀਸ਼ ਚੰਦਰਾ ਵੀ ਸ਼ਾਮਲ ਹੋਏ, ਪਰ ਆਕਾਸ਼ ਆਨੰਦ ਨਹੀਂ ਆਇਆ। ਮਾਇਆਵਤੀ ਨੇ ਕਿਹਾ ਕਿ ਆਕਾਸ਼ ਆਨੰਦ ਦੇ ਸਿਆਸੀ ਕੈਰੀਅਰ ਨੂੰ ਉਸ ਦੇ ਸਹੁਰੇ ਨੇ ਬਰਬਾਦ ਕਰ ਦਿੱਤਾ ਹੈ ਅਤੇ ਉਹ ਆਪਣੀ ਧੀ ਤੇ ਆਕਾਸ਼ ਦੀ ਪਤਨੀ ਪ੍ਰਗਿਆ ਰਾਹੀਂ ਅੱਗੇ ਵੀ ਅਸਰ ਪਾ ਸਕਦਾ ਹੈ।

# ਗੈਂਗਸਟਰਾਂ ਤੇ ਨਸ਼ਾ ਸਮੱਗਲਰਾਂ ਦਾ ਸਫਾਇਆ ਛੇਤੀ : ਮਾਨ

**ਹੁਸ਼ਿਆਰਪੁਰ (ਓ ਪੀ ਰਾਣਾ, ਬਲਬੀਰ ਸਿੰਘ ਸੈਣੀ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਪੰਜਾਬ ਦੀ ਪਵਿੱਤਰ ਧਰਤੀ 'ਤੇ ਗੈਂਗਸਟਰਾਂ, ਸਮੱਗਲਰਾਂ, ਅਪਰਾਧੀਆਂ ਅਤੇ ਹੋਰ ਸਮਾਜ ਵਿਰੋਧੀ ਅਨਸਰਾਂ ਲਈ ਕੋਈ ਥਾਂ ਨਹੀਂ ਅਤੇ ਜਲਦ ਹੀ ਇਨ੍ਹਾਂ ਦਾ ਸੂਬੇ ਵਿੱਚੋਂ ਸਫਾਇਆ ਕਰ ਦਿੱਤਾ ਜਾਵੇਗਾ।ਐਤਵਾਰ ਜਹਾਨ ਖੇਲਾਂ 'ਚ 2490 ਸਿਪਾਹੀਆਂ ਦੀ ਪਾਸਿੰਗ ਆਊਟ ਪਰੇਡ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਬਦਕਿਸਮਤੀ ਨਾਲ ਪਿਛਲੀਆਂ ਸਰਕਾਰਾਂ ਦੀ ਸਰਪ੍ਰਸਤੀ ਹੇਠ ਸਮੱਗਲਰਾਂ, ਗੈਂਗਸਟਰਾਂ ਤੇ ਹੋਰ ਅਪਰਾਧੀਆਂ ਨੇ ਸੂਬੇ ਨੂੰ ਆਪਣਾ ਅੱਡਾ ਬਣਾ ਲਿਆ ਸੀ। ਸੂਬਾ ਸਰਕਾਰ ਨੇ ਹੁਣ ਇਨ੍ਹਾਂ ਦੇਸ਼ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਲਈ ਮੁਹਿੰਮ ਸ਼ੁਰੂ ਕਰ ਦਿੱਤੀ ਹੈ ਅਤੇ ਇਹ ਜਲਦੀ ਸਲਾਖਾਂ ਪਿੱਛੇ ਹੋਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਇੱਕ ਇਤਿਹਾਸਕ ਮੋੜ 'ਤੇ ਹੈ, ਕਿਉਂਕਿ ਪੰਜਾਬ ਸਰਕਾਰ ਨੇ ਸੂਬੇ ਵਿੱਚ ਨਸ਼ਿਆਂ ਵਿਰੁੱਧ ਫੈਸਲਾਕੁੰਨ ਜੰਗ ਛੇੜੀ ਹੋਈ ਹੈ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਨੇ ਨਸ਼ਿਆਂ ਵਿਰੁੱਧ ਬਿਲਕੁੱਲ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾਈ ਹੈ ਅਤੇ ਆਮ ਜਨਤਾ ਦੇ ਸਰਗਰਮ ਸਹਿਯੋਗ ਨਾਲ ਪੰਜਾਬ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਬਣਾਇਆ ਜਾਵੇਗਾ। ਨਸ਼ਿਆਂ ਦੀ ਸਪਲਾਈ ਲਾਈਨ ਨੂੰ ਤੋੜਿਆ ਜਾ ਰਿਹਾ ਹੈ, ਨਸ਼ਾ ਤਸਕਰਾਂ ਨੂੰ ਸਲਾਖਾਂ ਪਿੱਛੇ ਡੱਕਿਆ ਜਾ ਰਿਹਾ ਹੈ ਅਤੇ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾ ਰਹੀਆਂ ਹਨ। ਉਨ੍ਹਾ ਕਿਹਾ ਕਿ ਨਵੇਂ ਭਰਤੀ ਮੁਲਾਜ਼ਮ ਨਸ਼ਿਆਂ ਵਿਰੁੱਧ ਜੰਗ ਦਾ ਅਨਿੱਖੜਵਾਂ ਅੰਗ ਬਣਨਗੇ।ਮੁੱਖ ਮੰਤਰੀ ਨੇ ਫੋਰਸ ਵਿੱਚ ਨਵੇਂ ਸ਼ਾਮਲ ਕੀਤੇ ਪੁਲਸ ਮੁਲਾਜ਼ਮਾਂ ਨੂੰ ਸੂਬੇ ਵਿੱਚੋਂ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਪੁੱਟਣ ਲਈ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ। ਪੰਜਾਬ ਨਸ਼ਿਆਂ ਵਿਰੁੱਧ ਦੇਸ਼ ਦੀ ਜੰਗ ਲੜ ਰਿਹਾ ਹੈ ਅਤੇ ਪੰਜਾਬ ਪੁਲਸ ਨੇ ਇਸ ਦੀ ਸਪਲਾਈ ਨੂੰ ਰੋਕਣ ਲਈ ਹਮੇਸ਼ਾ ਅੱਗੇ ਹੋ ਕੇ ਕੰਮ ਕੀਤਾ ਹੈ। ਮਾਨ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ, ਜਦੋਂ ਫੋਰਸ ਨੂੰ ਪੰਜਾਬ ਪੁਲਸ ਦੀ ਸ਼ਾਨਾਮੱਤੀ ਪਰੰਪਰਾ ਨੂੰ ਕਾਇਮ ਰੱਖਣਾ ਚਾਹੀਦਾ ਹੈ, ਤਾਂ ਜੋ ਸੂਬੇ ਵਿੱਚੋਂ ਨਸ਼ਿਆਂ ਦੀ ਲਾਹਨਤ ਨੂੰ ਜੜ੍ਹੋਂ ਖ਼ਤਮ ਕੀਤਾ ਜਾ ਸਕੇ।

ਉਹਨਾ ਫੁੱਟ-ਪਾਊ ਤਾਕਤਾਂ ਨੂੰ ਚੇਤਾਵਨੀ ਦਿੱਤੀ ਕਿ ਉਨ੍ਹਾਂ ਦੇ ਫਿਰਕੂ ਤਣਾਅ ਪੈਦਾ ਕਰਨ ਦੇ ਮਨਸੂਬਿਆਂ ਨੂੰ ਨਾਕਾਮ ਕੀਤਾ ਜਾਵੇਗਾ। ਸੂਬੇ ਵਿੱਚ ਸਮਾਜਿਕ ਤਾਣਾ-ਬਾਣਾ ਏਨਾ ਮਜ਼ਬੂਤ ਹੈ ਕਿ ਪੰਜਾਬ ਦੀ ਉਪਜਾਊ ਧਰਤੀ 'ਤੇ ਕੋਈ ਵੀ ਬੀਜ ਉਗ ਸਕਦਾ ਹੈ, ਪਰ ਇੱਥੇ ਨਫ਼ਰਤ ਦਾ ਬੀਜ ਕਿਸੇ ਵੀ ਕੀਮਤ 'ਤੇ ਨਹੀਂ ਉਗੇਗਾ। ਭਾਵੇਂ ਸੂਬੇ ਦੀ ਅਮਨ-ਸ਼ਾਂਤੀ ਨੂੰ ਭੰਗ ਕਰਨ ਦੀਆਂ ਕੋਝੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਪਰ ਪੰਜਾਬੀਆਂ ਵੱਲੋਂ ਪਿਆਰ, ਸਦਭਾਵਨਾ ਤੇ ਸ਼ਾਂਤੀ ਦੇ ਰਿਸ਼ਤੇ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ 2022 ਤੋਂ ਲੈ ਕੇ ਹੁਣ ਤੱਕ ਪੁਲਸ ਫੋਰਸ ਨੂੰ ਅਪਡੇਟ ਕਰਨ ਲਈ 10,000 ਤੋਂ ਵੱਧ ਨੌਜਵਾਨ ਨਿਯੁਕਤ ਕੀਤੇ ਗਏ ਹਨ। ਪੰਜਾਬ ਪੁਲਸ ਵਿੱਚ 10,000 ਨਵੇਂ ਸਿਪਾਹੀਆਂ ਦੀ ਭਰਤੀ ਕਰਨ ਦਾ ਵੀ ਫੈਸਲਾ ਕੀਤਾ ਹੈ, ਜਿਸ ਲਈ ਜਲਦੀ ਹੀ ਕੈਬਨਿਟ ਵੱਲੋਂ ਲੋੜੀਂਦੀ ਹਰੀ ਝੰਡੀ ਦੇ ਦਿੱਤੀ ਜਾਵੇਗੀ।

## 10 ਹਜ਼ਾਰ ਸਿਪਾਹੀ ਭਰਤੀ ਕੀਤੇ ਜਾਣਗੇ



## ਪੰਜ ਪਰਵਾਰਾਂ ਨੂੰ ਇੱਕ-ਇੱਕ ਕਰੋੜ ਦੀ ਸਹਾਇਤਾ

**ਜਹਾਨ ਖੇਲਾਂ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਡਿਊਟੀ ਦੌਰਾਨ ਸ਼ਹੀਦ ਹੋਏ ਪੰਜ ਪੁਲਸ ਮੁਲਾਜ਼ਮਾਂ ਦੇ ਮੈਂਬਰਾਂ ਨੂੰ ਇੱਕ-ਇੱਕ ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦੇ ਚੈੱਕ ਸੌਂਪੇ। ਮੁੱਖ ਮੰਤਰੀ ਨੇ ਇੱਥੇ ਪਾਸਿੰਗ ਆਊਟ ਪਰੇਡ ਦੌਰਾਨ ਸ਼ਹੀਦ ਏ ਐੱਸ ਆਈ (ਐੱਲ ਆਰ) ਬਲਵਿੰਦਰ ਸਿੰਘ, ਏ ਐੱਸ ਆਈ (ਐੱਲ ਆਰ) ਨਸੀਬ ਚੰਦ, ਏ ਐੱਸ ਆਈ (ਐੱਲ ਆਰ) ਅਨਿਲ ਕੁਮਾਰ, ਹੌਲਦਾਰ ਮਨਜਿੰਦਰ ਸਿੰਘ ਅਤੇ ਸਿਪਾਹੀ ਇੰਦਰਜੀਤ ਸਿੰਘ ਦੇ ਪਰਵਾਰ ਨੂੰ ਇੱਕ-ਇੱਕ ਕਰੋੜ ਰੁਪਏ ਦੇ ਚੈੱਕ ਸੌਂਪੇ।

ਦੇਸ਼ ਸੇਵਾ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਸੈਨਿਕਾਂ ਦੇ ਪਰਵਾਰਾਂ ਦੀ ਮਦਦ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਉਂਦਿਆਂ ਉਨ੍ਹਾ ਕਿਹਾ ਕਿ ਇਹ ਪੰਜਾਬ ਸਰਕਾਰ ਦਾ ਮੁੱਢਲਾ ਫ਼ਰਜ਼ ਹੈ।

# ਤਿੰਨ ਹੋਰ ਲਾਸ਼ਾਂ ਬਰਾਮਦ, ਬਚੇ ਇੱਕ ਮਜ਼ਦੂਰ ਦੀ ਭਾਲ



**ਦੇਹਰਾਦੂਨ** : ਉੱਤਰਾਖੰਡ ਦੇ ਚਮੋਲੀ ਜ਼ਿਲ੍ਹੇ ਦੇ ਪਿੰਡ ਮਾਣਾ ਵਿੱਚ ਬਰਫ਼ ਦੇ ਤੋਦਿਆਂ ਹੇਠ ਦੱਬੇ ਬਾਰਡਰ ਰੋਡ ਆਰਗੇਨਾਈਜ਼ੇਸ਼ਨ (ਬੀ ਆਰ ਓ) ਦੇ ਚਾਰ ਲਾਪਤਾ ਮਜ਼ਦੂਰਾਂ ਨੂੰ ਲੱਭਣ ਦਾ ਕੰਮ ਐਤਵਾਰ ਸਵੇਰੇ ਮੁੜ ਸ਼ੁਰੂ ਹੋਇਆ ਤੇ ਤਿੰਨ ਹੋਰ ਮਜ਼ਦੂਰਾਂ ਦੀਆਂ ਲਾਸ਼ਾਂ ਫੌਜ ਨੇ ਬਰਾਮਦ ਕੀਤੀਆਂ। ਅਧਿਕਾਰੀਆਂ ਨੇ ਦੱਸਿਆ ਕਿ ਇਸ ਨਾਲ ਬਰਫੀਲੇ ਤੂਫਾਨ 'ਚ ਮਰਨ ਵਾਲਿਆਂ ਦੀ ਗਿਣਤੀ 7 ਹੋ ਗਈ ਹੈ ਅਤੇ ਬਚਾਅ ਕਰਮੀਆਂ ਵੱਲੋਂ ਰਹਿੰਦੇ ਇੱਕ ਹੋਰ ਮਜ਼ਦੂਰ ਨੂੰ ਲੱਭਣ ਲਈ ਯਤਨ ਜਾਰੀ ਸਨ।

ਸ਼ੁੱਕਰਵਾਰ ਨੂੰ ਮਾਣਾ ਤੇ ਬਦਰੀਨਾਥ ਦਰਮਿਆਨ ਬੀ ਆਰ ਓ ਕੈਂਪ ਦੇ ਬਰਫੀਲੇ ਤੂਫਾਨ ਦੀ ਜ਼ੱਦ ਵਿੱਚ ਆਉਣ ਕਰਕੇ 55 ਵਰਕਰ ਤੋਦਿਆਂ ਹੇਠ ਦੱਬੇ ਜਾਣ ਦੀਆਂ ਰਿਪੋਰਟਾਂ ਸਨ, ਹਾਲਾਂਕਿ ਇਹ ਗਿਣਤੀ ਸੋਧ ਕੇ 54 ਕਰ ਦਿੱਤੀ ਗਈ, ਕਿਉਂਕਿ ਇਨ੍ਹਾਂ ਵਿੱਚੋਂ ਇਕ ਵਰਕਰ, ਜੋ ਹਿਮਾਚਲ ਪ੍ਰਦੇਸ਼ ਨਾਲ ਸੰਬੰਧਤ ਹੈ, ਆਪਣੇ ਸੀਨੀਅਰਾਂ ਨੂੰ ਦੱਸੇ ਬਗੈਰ ਛੁੱਟੀ 'ਤੇ ਸੀ ਅਤੇ ਉਹ ਇਸ ਵੇਲੇ ਆਪਣੇ ਘਰ ਸੁਰੱਖਿਅਤ ਹੈ।

# ਬੁਚ ਤੇ ਪੰਜ ਹੋਰਨਾਂ ਖਿਲਾਫ ਐੱਫ ਆਈ ਆਰ ਦਰਜ ਕਰਨ ਦੇ ਹੁਕਮ



**ਮੁੰਬਈ** : ਇੱਥੋਂ ਦੀ ਇਕ ਵਿਸ਼ੇਸ਼ ਅਦਾਲਤ ਨੇ ਭ੍ਰਿਸ਼ਟਾਚਾਰ ਰੋਕੂ ਬਿਊਰੋ (ਏ ਸੀ ਬੀ) ਨੂੰ ਸੇਬੀ ਦੀ ਸਾਬਕਾ ਚੇਅਰਪਰਸਨ ਮਾਧਬੀ ਪੁਰੀ ਬੁਚ ਅਤੇ ਪੰਜ ਹੋਰ ਅਧਿਕਾਰੀਆਂ ਵਿਰੁੱਧ ਸਟਾਕ ਮਾਰਕੀਟ ਧੋਖਾਧੜੀ ਅਤੇ ਰੈਗੂਲੇਟਰੀ ਬੇਨੇਮੀਆਂ ਦੇ ਦੋਸ਼ ਹੇਠ ਐੱਫ ਆਈ ਆਰ ਦਰਜ ਕਰਨ ਦਾ ਨਿਰਦੇਸ਼ ਦਿੱਤਾ ਹੈ। ਇਹ ਅਧਿਕਾਰੀ ਬੰਬੇ ਸਟਾਕ ਐਕਸਚੇਂਜ (ਬੀ ਐੱਸ ਈ) ਤੇ ਸਕਿਉਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ ਨਾਲ ਸੰਬੰਧਤ ਹਨ।

ਵਿਸ਼ੇਸ਼ ਅਦਾਲਤ ਦੇ ਜੱਜ ਸ਼ਸ਼ੀਕਾਂਤ ਏਕਨਾਥਰਾਓ ਬਾਂਗੜ ਨੇ ਹੁਕਮਾਂ ਵਿਚ ਕਿਹਾ ਕਿ ਇਸ ਸੰਬੰਧੀ ਪਹਿਲੀ ਨਜ਼ਰੇ ਬੇਨੇਮੀਆਂ ਅਤੇ ਮਿਲੀਭੁਗਤ ਕਰਨ ਦਾ ਪਤਾ ਲੱਗਦਾ ਹੈ, ਜਿਸ ਲਈ ਨਿਰਪੱਖ ਜਾਂਚ ਦੀ ਲੋੜ ਹੈ। ਬੁਚ ਤੋਂ ਇਲਾਵਾ ਜਿਨ੍ਹਾਂ ਹੋਰ ਅਧਿਕਾਰੀਆਂ ਵਿਰੁੱਧ ਅਦਾਲਤ ਨੇ ਐੱਫ ਆਈ ਆਰ ਦਰਜ ਕਰਨ ਦਾ ਹੁਕਮ ਦਿੱਤਾ ਹੈ, ਉਨ੍ਹਾਂ ਵਿੱਚ ਬੀ ਐੱਸ ਈ ਦੇ ਮੈਨੇਜਿੰਗ ਡਾਇਰੈਕਟਰ ਅਤੇ ਸੀ ਈ ਓ ਸੁੰਦਰਰਾਮਨ ਰਾਮਾਮੂਰਤੀ, ਤੱਤਕਾਲੀ ਚੇਅਰਮੈਨ ਤੇ ਜਨਹਿਤ ਨਿਰਦੇਸ਼ਕ ਪ੍ਰਮੋਦ ਅਗਰਵਾਲ ਅਤੇ ਸੇਬੀ ਦੇ ਤਿੰਨ ਮੈਂਬਰ ਅਸ਼ਵਨੀ ਭਾਟੀਆ, ਅਨੰਤ ਨਰਾਇਣ ਅਤੇ ਕਮਲੇਸ਼ ਚੰਦਰ ਵਰਸ਼ਨੇ ਸ਼ਾਮਲ ਹਨ। ਅਦਾਲਤ ਨੇ ਕਿਹਾ ਕਿ ਉਹ ਜਾਂਚ ਦੀ ਨਿਗਰਾਨੀ ਕਰੇਗੀ ਅਤੇ ਇਸ ਮਾਮਲੇ ਦੀ 30 ਦਿਨਾਂ ਦੇ ਅੰਦਰ ਰਿਪੋਰਟ ਸੌਂਪੀ ਜਾਵੇ। ਇਹ ਹੁਕਮ ਸਪਨ ਸ੍ਰੀਵਾਸਤਵ (47) ਦੀ ਸ਼ਿਕਾਇਤ ਤੋਂ ਬਾਅਦ ਦਿੱਤੇ ਗਏ ਹਨ। ਉਸ ਨੇ ਵੱਡੇ ਪੱਧਰ 'ਤੇ ਵਿੱਤੀ ਧੋਖਾਧੜੀ, ਰੈਗੂਲੇਟਰੀ ਉਲੰਘਣਾਵਾਂ ਅਤੇ ਭ੍ਰਿਸ਼ਟਾਚਾਰ ਦੇ ਅਪਰਾਧਾਂ ਦੀ ਜਾਂਚ ਦੀ ਮੰਗ ਕੀਤੀ ਸੀ।

# ਇਜ਼ਰਾਈਲ ਨੇ ਗਾਜ਼ਾ ਪੱਟੀ ਨੂੰ ਹਰ ਤਰ੍ਹਾਂ ਦੀ ਸਪਲਾਈ ਰੋਕੀ

**ਤੇਲ ਅਵੀਵ** : ਇਜ਼ਰਾਈਲ ਨੇ ਰਮਜ਼ਾਨ ਦੀ ਸ਼ੁਰੂਆਤ ਵਿੱਚ ਹੀ ਗਾਜ਼ਾ ਪੱਟੀ ਨੂੰ ਹਰ ਤਰ੍ਹਾਂ ਦੀ ਸਹਾਇਤਾ ਅਤੇ ਸਪਲਾਈ ਰੋਕ ਦਿੱਤੀ ਹੈ। ਉਸ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਹਮਾਸ ਨੇ ਜੰਗਬੰਦੀ ਨੂੰ ਵਧਾਉਣ ਦੀ ਅਮਰੀਕੀ ਤਜਵੀਜ਼ ਨੂੰ ਸਵੀਕਾਰ ਨਾ ਕੀਤਾ ਤਾਂ ਉਸ ਨੂੰ ਨਤੀਜੇ ਭੁਗਤਣੇ ਪੈਣਗੇ। ਇਜ਼ਰਾਈਲ-ਹਮਾਸ ਜੰਗਬੰਦੀ ਦਾ ਪਹਿਲਾ ਪੜਾਅ ਸਨਿੱਚਰਵਾਰ ਮੁਕੰਮਲ ਹੋ ਗਿਆ ਸੀ। ਦੋਵਾਂ ਧਿਰਾਂ ਨੇ ਅਜੇ ਦੂਜੇ ਪੜਾਅ ਬਾਰੇ ਗੱਲਬਾਤ ਨਹੀਂ ਕੀਤੀ, ਜਿਸ ਵਿੱਚ ਹਮਾਸ ਨੇ ਇਜ਼ਰਾਈਲੀ ਫੌਜੀਆਂ ਦੀ ਵਾਪਸੀ ਅਤੇ ਸਥਾਈ ਜੰਗਬੰਦੀ ਦੇ ਬਦਲੇ ਦਰਜਨਾਂ ਬਾਕੀ ਬਚੇ ਬੰਦੀਆਂ ਨੂੰ ਰਿਹਾਅ ਕਰਨਾ ਸੀ। ਇਜ਼ਰਾਈਲ ਨੇ ਐਤਵਾਰ ਪਹਿਲਾਂ ਕਿਹਾ ਸੀ ਕਿ ਉਹ ਰਮਜ਼ਾਨ ਮਹੀਨੇ ਜਾਂ 20 ਅਪ੍ਰੈਲ ਤੱਕ ਜੰਗਬੰਦੀ ਦੇ ਪਹਿਲੇ ਪੜਾਅ ਨੂੰ ਵਧਾਉਣ ਦੀ ਤਜਵੀਜ਼ ਦਾ ਸਮਰਥਨ ਕਰਦਾ ਹੈ। ਜੰਗਬੰਦੀ ਵਧਾਉਣ ਦੀ ਤਜਵੀਜ਼ ਟਰੰਪ ਪ੍ਰਸ਼ਾਸਨ ਦੇ ਮੱਧ ਪੂਰਬ ਦੇ ਰਾਜਦੂਤ ਸਟੀਵ ਵਿਟਕੌਫ ਨੇ ਦਿੱਤੀ ਹੈ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਦਫਤਰ ਅਨੁਸਾਰ ਤਜਵੀਜ਼ ਤਹਿਤ ਹਮਾਸ ਪਹਿਲੇ ਦਿਨ ਅੱਧੇ ਬੰਦੀਆਂ ਨੂੰ ਰਿਹਾਅ ਕਰੇਗਾ ਅਤੇ ਸਥਾਈ ਜੰਗਬੰਦੀ 'ਤੇ ਸਮਝੌਤਾ ਹੋਣ ਤੋਂ ਬਾਅਦ ਬਾਕੀ ਨੂੰ ਰਿਹਾਅ ਕਰੇਗਾ।

## ਬਜ਼ੁਰਗ ਜੋੜੇ 'ਤੇ ਫਾਇਰਿੰਗ : ਪਤੀ ਦੀ ਮੌਤ, ਪਤਨੀ ਗੰਭੀਰ



**ਕਿਲ੍ਹਾ ਲਾਲ ਸਿੰਘ** : ਸਨਿੱਚਰਵਾਰ ਦੇਰ ਰਾਤ ਡੇਰਾ ਬਾਬਾ ਨਾਨਕ ਮੁੱਖ ਮਾਰਗ 'ਤੇ ਲੱਗੇ ਲੰਗਰ ਤੋਂ ਸੇਵਾ ਕਰਕੇ ਘਰ ਵਾਪਸ ਪਰਤ ਰਹੇ ਪਤੀ-ਪਤਨੀ 'ਤੇ ਅਣਪਛਾਤੇ ਮੋਟਰਸਾਈਕਲ ਸਵਾਰ ਨੌਜਵਾਨਾਂ ਨੇ ਗੋਲੀਆਂ ਚਲਾ ਕੇ ਉਨ੍ਹਾਂ ਨੂੰ ਗੰਭੀਰ ਜ਼ਖਮੀ ਕਰ ਦਿੱਤਾ। ਪਤੀ ਨੇ ਬਟਾਲਾ ਦੇ ਨਿੱਜੀ ਹਸਪਤਾਲ 'ਚ ਦਮ ਤੋੜ ਦਿੱਤਾ, ਜਦਕਿ ਪਤਨੀ ਮੌਤ ਨਾਲ ਲੜ ਰਹੀ ਸੀ। ਪਿੰਡ ਸਰਵਾਲੀ ਦੇ ਮੋੜ 'ਤੇ ਮੇਲਾ ਚੋਲਾ ਸਾਹਿਬ ਦੇ ਸੰਬੰਧ 'ਚ ਲੰਗਰ ਚੱਲ ਰਿਹਾ ਹੈ ਅਤੇ ਇਸ ਲੰਗਰ 'ਚ ਸਰਵਾਲੀ ਦਾ ਹੀ ਬਜ਼ੁਰਗ ਸੋਹਣ ਸਿੰਘ ਅਤੇ ਪਤਨੀ ਪਰਮਿੰਦਰ ਕੌਰ ਨਾਲ ਲੰਗਰ ਦੀ ਸੇਵਾ ਕਰਨ ਉਪਰੰਤ ਘਰ ਪਰਤ ਰਿਹਾ ਸੀ ਤਾਂ ਉਨ੍ਹਾਂ 'ਤੇ ਹਮਲਾ ਕਰ ਦਿੱਤਾ ਗਿਆ।

## ਕੋਕੀਨ ਦੇ 100 ਕੈਪਸੂਲ ਨਿਗਲਣ ਵਾਲੀ ਗ੍ਰਿਫ਼ਤਾਰ

**ਮੁੰਬਈ** : ਮਾਲੀਆ ਇੰਟੈਲੀਜੈਂਸ ਬਾਰੇ ਡਾਇਰੈਕਟੋਰੇਟ ਨੇ ਕੋਕੀਨ ਦੇ 100 ਕੈਪਸੂਲ ਨਿਗਲਣ ਵਾਲੀ ਬ੍ਰਾਜ਼ੀਲਿਆਈ ਮਹਿਲਾ ਨੂੰ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਹੈ, ਜਿਹੜੀ ਸਾਓ ਪੋਲੋ ਤੋਂ ਮੁੰਬਈ ਪੁੱਜੀ ਸੀ। ਮਹਿਲਾ ਨੇ ਪੁੱਛਗਿੱਛ ਦੌਰਾਨ ਮੰਨਿਆ ਕਿ ਇਨ੍ਹਾਂ ਕੈਪਸੂਲਾਂ ਵਿੱਚ ਨਸ਼ਾ ਸੀ, ਜੋ ਭਾਰਤ 'ਚ ਸਮਗਲ ਕੀਤਾ ਜਾ ਰਿਹਾ ਸੀ। ਮਹਿਲਾ ਨੂੰ ਸਰਕਾਰੀ ਹਸਪਤਾਲ ਲਿਜਾ ਕੇ ਕੈਪਸੂਲ ਕੱਢੇ ਗਏ। ਕੈਪਸੂਲਾਂ ਵਿਚ 1096 ਗ੍ਰਾਮ ਕੋਕੀਨ ਸੀ, ਜਿਸ ਦੀ ਗ਼ੈਰਕਾਨੂੰਨੀ ਨਸ਼ਾ ਬਾਜ਼ਾਰ ਵਿੱਚ ਕੀਮਤ 10.96 ਕਰੋੜ ਰੁਪਏ ਦੱਸੀ ਗਈ ਹੈ।

# ਅਮਰੀਕਾ 'ਚ ਐਲਨ ਮਸਕ ਖਿਲਾਫ਼ ਪ੍ਰਦਰਸ਼ਨ




**ਬੋਸਟਨ** : ਅਮਰੀਕਾ ਦੇ ਬੋਸਟਨ ਵਿੱਚ ਲੋਕਾਂ ਨੇ ਅਰਬਪਤੀ ਕਾਰੋਬਾਰੀ ਐਲਨ ਮਸਕ ਵੱਲੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸੰਘੀ ਖਰਚਿਆਂ ਵਿੱਚ ਕਟੌਤੀ ਕਰਨ ਦੇ ਯਤਨਾਂ ਦੇ ਹਿੱਸੇ ਵਜੋਂ ਚੁੱਕੇ ਗਏ ਕਦਮਾਂ ਵਿਰੁੱਧ ਪ੍ਰਦਰਸ਼ਨ ਕੀਤਾ। ਲਿਬਰਲ ਸਮੂਹ ਕਈ ਹਫਤਿਆਂ ਤੋਂ ਮਸਕ ਦੀ ਟੈਸਲਾ ਕਾਰ ਕੰਪਨੀ ਖਿਲਾਫ ਪ੍ਰਦਰਸ਼ਨ ਕਰ ਰਹੇ ਹਨ, ਤਾਂ ਜੋ ਕਾਰ ਕੰਪਨੀ ਦੀ ਵਿਕਰੀ 'ਤੇ ਨਕਾਰਾਤਮਕ ਪ੍ਰਭਾਵ ਪਾਇਆ ਜਾ ਸਕੇ ਅਤੇ ਮਸਕ ਦੇ ਡਿਪਾਰਟਮੈਂਟ ਆਫ ਸਟੇਟ ਐਫੀਸ਼ੀਐਂਸੀ ਦੇ ਵਿਰੋਧ ਨੂੰ ਤੇਜ਼ ਕੀਤਾ ਜਾ ਸਕੇ। ਨਵੰਬਰ ਵਿੱਚ ਟਰੰਪ ਦੀ ਜਿੱਤ ਤੋਂ ਬਾਅਦ ਡੈਮੋਕ੍ਰੇਟਿਕ ਪਾਰਟੀ ਲਗਾਤਾਰ ਇਸ ਤਰੀਕੇ ਨਾਲ ਪ੍ਰਦਰਸ਼ਨ ਕਰ ਕੇ ਪਾਰਟੀ ਵਿੱਚ ਊਰਜਾ ਭਰਨ ਦੀ ਕੋਸ਼ਿਸ਼ ਕਰ ਰਹੀ ਹੈ। ਮੈਸੇਚਿਉਸੇਟਸ ਦੇ 58 ਸਾਲਾ ਨਾਥਨ ਫਿਲਿਪਸ ਨੇ ਕਿਹਾ—ਅਸੀਂ ਐਲਨ ਮਸਕ ਤੋਂ ਬਦਲਾ ਲੈ ਸਕਦੇ ਹਾਂ। ਅਸੀਂ ਹਰ ਥਾਂ ਉਸ ਦੇ ਸ਼ੋਅਰੂਮਾਂ ਵਿੱਚ ਜਾ ਕੇ ਅਤੇ ਟੈਸਲਾ ਦਾ ਬਾਈਕਾਟ ਕਰ ਕੇ ਕੰਪਨੀ ਨੂੰ ਸਿੱਧਾ ਆਰਥਕ ਨੁਕਸਾਨ ਪਹੁੰਚਾ ਸਕਦੇ ਹਾਂ। ਟਰੰਪ ਦੇ ਨਿਰਦੇਸ਼ਾਂ 'ਤੇ ਐਲਨ ਮਸਕ ਸੰਘੀ ਖਰਚਿਆਂ ਅਤੇ ਕਾਰਜਬਲ ਵਿੱਚ ਭਾਰੀ ਕਟੌਤੀ ਕਰਨ ਲਈ ਕਦਮ ਚੁੱਕ ਰਹੇ ਹਨ ਅਤੇ ਉਨ੍ਹਾ ਦਾ ਤਰਕ ਹੈ ਕਿ ਟਰੰਪ ਦੀ ਜਿੱਤ ਨੇ ਰਾਸ਼ਟਰਪਤੀ ਅਤੇ ਉਨ੍ਹਾ ਨੂੰ ਅਮਰੀਕੀ ਸਰਕਾਰ ਦਾ ਪੁਨਰਗਠਨ ਕਰਨ ਦਾ ਆਦੇਸ਼ ਦਿੱਤਾ ਹੈ।

ਇਸ ਦੌਰਾਨ 'ਟੈਸਲਾ ਟੇਕਡਾਊਨ' ਵੈੱਬਸਾਈਟ ਨੇ ਸਨਿੱਚਰਵਾਰ 50 ਤੋਂ ਵੱਧ ਵਿਰੋਧ ਪ੍ਰਦਰਸ਼ਨਾਂ ਦੀ ਸੂਚੀ ਦਿੱਤੀ ਅਤੇ ਮਾਰਚ ਵਿੱਚ ਹੋਰ ਪ੍ਰਦਰਸ਼ਨਾਂ ਦੀ ਯੋਜਨਾ ਹੈ। ਨਿਊ ਯਾਰਕ ਸਿਟੀ ਵਿੱਚ ਟੈਸਲਾ ਦੇ ਬਾਹਰ ਹੋਏ ਹਿੰਸਕ ਵਿਰੋਧ ਪ੍ਰਦਰਸ਼ਨ ਦੇ ਸੰਬੰਧ ਵਿੱਚ 9 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਨੇ ਦੱਸਿਆ ਕਿ ਸੈਂਕੜੇ ਲੋਕਾਂ ਨੇ ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲਿਆ। ਅਰਬਪਤੀ ਮਸਕ ਨੂੰ ਦੇਸ਼ ਭਰ ਵਿੱਚ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪ੍ਰਦਰਸ਼ਨਕਾਰੀਆਂ ਦੀ ਭੀੜ ਨੇ 'ਬਰਨ ਏ ਟੈਸਲਾ : ਸੇਵ ਡੈਮੋਕਰੇਸੀ' ਦੇ ਨਾਅਰੇ ਵਾਲੀਆਂ ਤਖਤੀਆਂ ਵੀ ਲਹਿਰਾਈਆਂ ਅਤੇ ਜੈਕਸਨਵਿਲ, ਫਲੋਰੀਡਾ, ਟਕਸਨ, ਐਰੀਜ਼ੋਨਾ ਤੇ ਕਈ ਹੋਰ ਥਾਵਾਂ 'ਤੇ ਐਲਨ ਮਸਕ ਦੇ ਟੈਸਲਾ ਸ਼ੋਅਰੂਮਾਂ ਦੇ ਸਾਹਮਣੇ ਪ੍ਰਦਰਸ਼ਨ ਕੀਤਾ।

# ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਦੀ ਇਕੱਤਰਤਾ 7 ਨੂੰ : ਮੰਨਣ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਇਸ ਵੇਲੇ ਸ਼੍ਰੋਮਣੀ ਕਮੇਟੀ, ਸ੍ਰੀ ਅਕਾਲ ਤਖਤ ਅਤੇ ਅਕਾਲੀ ਦਲ ਵਿੱਚ ਪਏ ਖਿਲਾਰੇ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਦਿੱਤੇ ਗਏ ਅਸਤੀਫੇ ਨੂੰ ਲੈ ਕੇ ਵਿਚਾਰ ਚਰਚਾ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਦੀ ਇਕੱਤਰਤਾ 7 ਮਾਰਚ ਨੂੰ ਰੱਖੀ ਗਈ ਹੈ, ਜਿਸ ਦੀ ਪ੍ਰਧਾਨਗੀ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਕਰਨਗੇ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਅੰਤਰਿੰਗ ਕਮੇਟੀ ਦੀ ਇਕੱਤਰਤਾ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਿਖੇ 7 ਮਾਰਚ ਨੂੰ ਸਵੇਰੇ 11 ਵਜੇ ਰੱਖੀ ਗਈ ਹੈ। ਉਨ੍ਹਾ ਦੱਸਿਆ ਕਿ ਇਕੱਤਰਤਾ ਵਿਚ ਸ਼੍ਰੋਮਣੀ ਕਮੇਟੀ ਦੇ ਆਉਣ ਵਾਲੇ ਬਜਟ ਸੰਬੰਧੀ ਗਠਿਤ ਸਬ-ਕਮੇਟੀ ਦੀਆਂ ਸਿਫ਼ਾਰਸ਼ਾਂ ਅਤੇ ਸਿੱਖ ਸੰਸਥਾ ਦੇ ਕੰਮਕਾਜ ਨਾਲ ਸੰਬੰਧਤ ਵਿਚਾਰ ਹੋਵੇਗੀ। ਇਕੱਤਰਤਾ ਵਿੱਚ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਲਾਂਭੇ ਕਰਨ ਬਾਰੇ ਵੀ ਵਿਚਾਰ-ਚਰਚਾ ਹੋ ਸਕਦੀ ਹੈ। ਗਿਆਨੀ ਰਘਬੀਰ ਸਿੰਘ ਵੱਲੋਂ ਅਕਾਲੀ ਦਲ ਬਾਦਲ ਵੱਲੋਂ ਕੀਤੀ ਭਰਤੀ 'ਤੇ ਕੀਤੀ ਟਿੱਪਣੀ ਨੂੰ ਲੈ ਕੇ ਇਸ ਵੇਲੇ ਬਾਦਲ ਦਲ ਨਾਲ ਸੰਬੰਧਤ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਵਿੱਚ ਬੈਠੇ ਮੈਂਬਰ ਵੀ ਕਾਫੀ ਸਕਤੇ ਵਿੱਚ ਹਨ ਤੇ ਇਸ ਇਕੱਤਰਤਾ ਵਿੱਚ ਕੋਈ ਵੱਡਾ ਫੈਸਲਾ ਲਿਆ ਜਾ ਸਕਦਾ ਹੈ।

## ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ। ਪਿਛਲੇ ਸਾਲ ਦੀ ਅਧਿਕਾਰਤ ਪੱਤਰ ਦੀ ਕਾਪੀ ਨਾਲ ਲਿਆਉਣ। -ਮੈਨੇਜਰ

# 93 ਹਜ਼ਾਰ ਤੋਂ ਵੱਧ ਵਿਦਿਆਰਥਣਾਂ ਦਾ ਹੋਵੇਗਾ ਸਾਇਕੋਮੈਟਰਿਕ ਟੈਸਟ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਇੱਕ ਨਿਵੇਕਲੀ ਪਹਿਲਕਦਮੀ ਤਹਿਤ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੀਆਂ 10ਵੀਂ ਜਮਾਤ ਦੀਆਂ ਵਿਦਿਆਰਥਣਾਂ ਦੀ ਕੈਰੀਅਰ ਪ੍ਰਤੀ ਰੁਚੀ, ਸਮਰੱਥਾ ਅਤੇ ਯੋਗਤਾ ਦਾ ਪਤਾ ਲਗਾਉਣ ਲਈ ਉਨ੍ਹਾਂ ਦਾ ਸਾਇਕੋਮੈਟਰਿਕ ਟੈਸਟ ਕਰਵਾਇਆ ਜਾਵੇਗਾ।ਇਸ ਪ੍ਰੋਜੈਕਟ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸਟੇਟ ਕੌਂਸਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ ਵੱਲੋਂ ਟੈਸਟ ਲਈ ਸਾਰੇ ਜ਼ਿਲ੍ਹਿਆਂ ਨੂੰ 6.56 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਅਲਾਟ ਕੀਤੀ ਗਈ ਹੈ। ਇਸ ਪ੍ਰੋਗਰਾਮ ਤਹਿਤ 31 ਮਾਰਚ ਤੱਕ 10ਵੀਂ ਜਮਾਤ ਵਿੱਚ ਪੜ੍ਹਦੀਆਂ ਸਾਰੀਆਂ 93,819 ਵਿਦਿਆਰਥਣਾਂ ਦਾ ਟੈਸਟ ਕੀਤਾ ਜਾਵੇਗਾ।

ਪ੍ਰੋਜੈਕਟ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ ਸੂਬੇ ਭਰ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ। ਇਸ ਪਹਿਲਕਦਮੀ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੀਆਂ ਮਾਨਸਕ ਸਮਰਥਾਵਾਂ, ਰੁਚੀਆਂ ਅਤੇ ਸ਼ਖਸੀਅਤ ਦੇ ਗੁਣਾਂ ਦਾ ਵਿਸ਼ਲੇਸ਼ਣ ਕਰਨਾ ਹੈ, ਤਾਂ ਜੋ ਉਨ੍ਹਾਂ ਦਾ ਢੁਕਵੇਂ ਕੈਰੀਅਰ ਦੀ ਚੋਣ ਕਰਨ ਵਿੱਚ ਮਾਰਗ-ਦਰਸ਼ਨ ਕੀਤਾ ਜਾ ਸਕੇ।ਬੈਂਸ ਨੇ ਕਿਹਾ ਕਿ ਜ਼ਿਆਦਾਤਰ ਵਿਦਿਆਰਥੀ 10ਵੀਂ ਬੋਰਡ ਪ੍ਰੀਖਿਆ ਤੋਂ ਬਾਅਦ ਆਪਣੇ ਭਵਿੱਖੀ ਕੈਰੀਅਰ ਨੂੰ ਲੈ ਕੇ ਦੁਚਿੱਤੀ ਦਾ ਸਾਹਮਣਾ ਕਰਦੇ ਹਨ।

ਇਹ ਫੈਸਲਾ 11ਵੀਂ ਜਮਾਤ ਵਿੱਚ ਸਟਰੀਮ ਦੀ ਚੋਣ ਨੂੰ ਪ੍ਰਭਾਵਤ ਕਰਦਾ ਹੈ। ਹਾਲਾਂਕਿ ਪ੍ਰਾਈਵੇਟ ਸਕੂਲ ਅਕਸਰ ਕੈਰੀਅਰ ਕਾਊਂਸਲਿੰਗ ਪ੍ਰਦਾਨ ਕਰਦੇ ਹਨ, ਪਰ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਕੋਲ ਇਸ ਸਹੂਲਤ ਦੀ ਘਾਟ ਸੀ, ਜਿਸ ਕਾਰਨ ਉਹ ਆਪਣੇ ਸਾਥੀ ਜਮਾਤੀਆਂ ਨੂੰ ਦੇਖ ਕੇ ਉਨ੍ਹਾਂ ਵਾਲੇ ਸਟਰੀਮ ਦੀ ਚੋਣ ਕਰ ਲੈਂਦੇ ਸਨ। ਇਸ ਕਾਰਨ ਅਕਸਰ ਕਈ ਵਿਦਿਆਰਥੀ ਅਜਿਹੇ ਸਟਰੀਮ ਦੀ ਚੋਣ ਕਰ ਲੈਂਦੇ ਸਨ, ਜੋ ਉਹਨਾਂ ਦੀ ਰੁਚੀ ਤੇ ਕਾਬਲੀਅਤ ਨਾਲ ਮੇਲ ਨਹੀਂ ਖਾਂਦਾ ਹੁੰਦਾ ਸੀ।

# ਹਿਮਾਨੀ ਦੀ ਮਾਂ ਵੱਲੋਂ ਲਾਸ਼ ਲੈਣੋਂ ਨਾਂਹ

**ਚੰਡੀਗੜ੍ਹ** : ਬੇਕਿਰਕੀ ਨਾਲ ਕਤਲ ਕੀਤੀ ਗਈ ਯੂਥ ਕਾਂਗਰਸ ਆਗੂ ਹਿਮਾਨੀ ਨਰਵਾਲ ਦੀ ਮਾਂ ਨੇ ਹੱਤਿਆਰਿਆਂ ਦੀ ਗ੍ਰਿਫ਼ਤਾਰੀ ਤੱਕ ਅੰਤਮ ਸੰਸਕਾਰ ਲਈ ਉਸ ਦੀ ਲਾਸ਼ ਲੈਣ ਤੋਂ ਨਾਂਹ ਕਰ ਦਿੱਤੀ ਹੈ। ਹਿਮਾਨੀ ਦੀ ਲਾਸ਼ ਸਨਿੱਚਰਵਾਰ ਦੁਪਹਿਰ ਸਾਂਪਲਾ ਫਲਾਈਓਵਰ ਨਾਲ ਪੈਂਦੀਆਂ ਝਾੜੀਆਂ ਵਿੱਚ ਸੂਟਕੇਸ ਵਿੱਚੋਂ ਮਿਲੀ ਸੀ।

ਹਿਮਾਨੀ ਦੀ ਮਾਂ ਸਵਿਤਾ ਨੇ ਐਤਵਾਰ ਦੋਸ਼ ਲਾਇਆ ਕਿ ਇਸ ਹੱਤਿਆ ਪਿੱਛੇ ਪਾਰਟੀ ਆਗੂਆਂ ਦਾ ਹੱਥ ਹੈ। ਉਸ ਨੇ ਉਸ ਦੀ ਮ੍ਰਿਤਕ ਦੇਹ ਲੈਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਪਹਿਲਾਂ ਹਿਮਾਨੀ ਦੀ ਮਾਂ ਆਪਣੇ ਬੇਟੇ ਜਤਿਨ ਨਾਲ ਦਿੱਲੀ ਤੋਂ ਪੋਸਟਮਾਰਟਮ ਵਾਲੀ ਥਾਂ ਪੁੱਜੀ। ਉਸ ਨੇ ਪੁਲਸ ਦੀ ਕਾਰਗੁਜ਼ਾਰੀ 'ਤੇ ਵੀ ਸਵਾਲ ਖੜ੍ਹੇ ਕੀਤੇ। ਉਸ ਨੇ ਕਿਹਾ ਕਿ ਹਿਮਾਨੀ ਤਿੰਨ ਕੁ ਦਿਨ ਪਹਿਲਾਂ ਰੋਹਤਕ ਦੇ ਇੱਕ ਪਿੰਡ ਵਿਆਹ 'ਤੇ ਗਈ ਸੀ।



(ਖੱਬੇ) ਹਿਮਾਨੀ ਦੀ ਮਾਂ ਤੇ (ਸੱਜੇ) ਭਰਾ।

ਸਵਿਤਾ ਨੇ ਕਿਹਾ ਕਿ 2011 ਵਿੱਚ ਉਸ ਦੇ ਵੱਡੇ ਬੇਟੇ ਦੀ ਵੀ ਹੱਤਿਆ ਕਰ ਦਿੱਤੀ ਗਈ ਸੀ ਤੇ ਉਸ ਮਾਮਲੇ ਵਿੱਚ ਉਨ੍ਹਾਂ ਨੂੰ ਅਜੇ ਤੱਕ ਇਨਸਾਫ ਨਹੀਂ ਮਿਲਿਆ। ਸਵਿਤਾ ਨੇ ਕਿਹਾ ਕਿ ਉਸ ਦੀ ਧੀ ਕਾਂਗਰਸ ਆਗੂ ਭੁਪਿੰਦਰ ਸਿੰਘ ਹੁੱਡਾ ਦੀ ਪਤਨੀ ਆਸ਼ਾ ਹੁੱਡਾ ਦੀ ਬਹੁਤ ਕਰੀਬੀ ਸੀ ਅਤੇ ਰਾਹੁਲ ਗਾਂਧੀ ਨਾਲ ਭਾਰਤ ਜੋੜੋ ਯਾਤਰਾ ਵਿੱਚ ਨਜ਼ਰ ਆਈ ਸੀ। ਇਸ ਕਰਕੇ ਕਈ ਲੋਕ ਉਸ ਤੋਂ ਸੜਦੇ ਸਨ।

ਮੁਹੱਲਾ ਵਾਸੀਆਂ ਮੁਤਾਬਕ ਹਿਮਾਨੀ ਦੇ ਪਿਤਾ ਨੇ ਬੀ ਐੱਸ ਐੱਫ ਵਿੱਚ ਨੌਕਰੀ ਤੋਂ ਬਾਅਦ ਰੋਹਤਕ ਵਿੱਚ ਰਿਹਾਇਸ਼ ਕੀਤੀ ਸੀ। 10 ਸਾਲ ਪਹਿਲਾਂ ਉਸ ਦੀ ਭੇਦਭਰੀ ਹਾਲਤ ਵਿੱਚ ਮੌਤ ਹੋ ਗਈ ਸੀ।

## ਅੱਜ-ਨਾਮਾ

ਦੌਲਤ ਖੇਤਰ ਦੀ ਮਾਧੁਰੀ ਬੜੀ ਅਫਸਰ,
ਹੋਇਆ ਉਹਦੇ 'ਤੇ ਕੇਸ ਹੈ ਦਰਜ ਬੇਲੀ।
ਹੇਰਾਫੇਰੀ ਵਿੱਚ ਕਹਿੰਦੇ ਈ ਨਾਂਅ ਉਹਦਾ,
ਇਹੋ ਰੋਕਣ ਦਾ ਉਹਦਾ ਸੀ ਫਰਜ਼ ਬੇਲੀ।
ਉਹ ਹੀ ਰਹੇ ਇਸ ਬੀਬੀ ਨੂੰ ਸ਼ਹਿ ਦਿੰਦੇ,
ਜਿਨ੍ਹਾਂ ਨੂੰ ਦੇਣਾ ਸੀ ਲੋੜਦਾ ਵਰਜ ਬੇਲੀ।
ਫਸੀ ਮਾਧੁਰੀ, ਹੋਰ ਕੁਝ ਨਾਲ ਫਸ ਗਏ,
ਜਿਨ੍ਹਾਂ-ਜਿਨ੍ਹਾਂ ਦਾ ਏਹੀ ਸੀ ਮਰਜ਼ ਬੇਲੀ।
ਬਚਦੀ ਆਈ ਸੀ ਪਹੁੰਚ ਦੇ ਨਾਲ ਬੀਬੀ,
ਮਾਰ ਹੁਕਮ ਅਦਾਲਤ ਨਾਲ ਪਈ ਬੇਲੀ।
ਚੱਲ ਪਈ ਲੜੀ ਤਾਂ ਜਾਊਗੀ ਹੋਰ ਅੱਗੇ,
ਫਸਦੇ ਜਾਣਗੇ ਕਹਿੰਦੇ ਹਨ ਕਈ ਬੇਲੀ।

-ਤੀਸ ਮਾਰ ਖਾਂ

# 'ਆਪ' ਸਰਕਾਰ ਨੇ ਕਰ ਮਾਲੀਏ ਨੂੰ ਕਾਫੀ ਵਧਾਇਆ : ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ)**



ਪੰਜਾਬ ਦੇ ਵਿੱਤ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਐਤਵਾਰ ਦੱਸਿਆ ਕਿ ਮਾਰਚ 2022 ਵਿੱਚ ਸੱਤਾ ਵਿੱਚ ਆਉਣ ਤੋਂ ਬਾਅਦ 'ਆਪ' ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਅਟੁੱਟ ਇਮਾਨਦਾਰੀ ਅਤੇ ਪਾਰਦਰਸ਼ਤਾ ਨਾਲ ਪਰਿਵਰਤਨਕਾਰੀ ਬਦਲਾਅ ਲਾਗੂ ਕੀਤੇ, ਜਿਸ ਦੇ ਨਤੀਜੇ ਵਜੋਂ ਸਾਲ ਦਰ ਸਾਲ ਸੂਬੇ ਦੇ ਕਰ ਮਾਲੀਏ ਵਿੱਚ ਨਿਰੰਤਰ ਵਾਧਾ ਹੋਇਆ। ਉਨ੍ਹਾ ਕਿਹਾ ਕਿ ਇਸੇ ਲੜੀ ਤਹਿਤ ਮੌਜੂਦਾ ਵਿੱਤੀ ਸਾਲ ਵਿੱਚ ਸੂਬੇ ਨੇ ਫਰਵਰੀ ਤੱਕ ਜੀ ਐੱਸ ਟੀ, ਆਬਕਾਰੀ, ਵੈਟ, ਸੀ ਐੱਸ ਟੀ ਅਤੇ ਪੀ ਐੱਸ ਡੀ ਟੀ ਤੋਂ ਪ੍ਰਾਪਤ ਸ਼ੁੱਧ ਕਰ ਮਾਲੀਏ ਵਿੱਚ ਵਿੱਤੀ ਸਾਲ 2023-24 ਦੇ ਮੁਕਾਬਲੇ 12.10 ਪ੍ਰਤੀਸ਼ਤ ਦੀ ਵਿਕਾਸ ਦਰ ਹਾਸਲ ਕੀਤੀ, ਜਦੋਂ ਕਿ ਫਰਵਰੀ 2025 ਦੌਰਾਨ ਸ਼ੁੱਧ ਜੀ ਐੱਸ ਟੀ ਮਾਲੀਏ ਵਿੱਚ 28.01 ਫੀਸਦੀ ਦਾ ਪ੍ਰਭਾਵਸ਼ਾਲੀ ਵਾਧਾ ਦਰਜ ਕੀਤਾ ਗਿਆ।

ਚੀਮਾ ਨੇ ਕਿਹਾ ਕਿ ਇਸ ਵਿੱਤੀ ਸਾਲ ਦੌਰਾਨ ਵਿੱਤੀ ਵਰ੍ਹੇ 2023-24 ਦੀ ਇਸੇ ਮਿਆਦ ਦੇ ਮੁਕਾਬਲੇ ਫਰਵਰੀ ਤੱਕ ਸ਼ੁੱਧ ਜੀ ਐੱਸ ਟੀ ਵਿੱਚ 13.39 ਫੀਸਦੀ, ਆਬਕਾਰੀ ਵਿੱਚ 14.43 ਫੀਸਦੀ, ਵੈਟ ਵਿੱਚ 5.10 ਫੀਸਦੀ, ਸੀ ਐੱਸ ਟੀ ਵਿੱਚ 17.03 ਫੀਸਦੀ ਅਤੇ ਪੀ ਐੱਸ ਡੀ ਟੀ ਵਿੱਚ 13.65 ਫੀਸਦੀ ਦੀ ਵਾਧਾ ਦਰ ਨਾਲ ਸੂਬੇ ਨੇ ਕਰ ਮਾਲੀਏ ਵਿੱਚ ਵਾਧੇ ਦੇ ਪਿਛਲੇ ਸਾਲਾਂ ਦੇ ਰੁਝਾਨਾਂ ਨੂੰ ਕਾਇਮ ਰੱਖਿਆ। ਉਨ੍ਹਾ ਕਿਹਾ ਕਿ ਇਸ ਵਿੱਤੀ ਸਾਲ ਫਰਵਰੀ ਤੱਕ ਇਨ੍ਹਾਂ ਕਰਾਂ ਤੋਂ ਸ਼ੁੱਧ ਮਾਲੀਆ ਪ੍ਰਾਪਤੀ 38272.66 ਕਰੋੜ ਰੁਪਏ ਹੈ, ਜਦੋਂ ਕਿ ਪਿਛਲੇ ਵਿੱਤੀ ਸਾਲ ਦੌਰਾਨ 34141.36 ਕਰੋੜ ਰੁਪਏ ਸੀ, ਜਿਸ ਨਾਲ 4131.30 ਕਰੋੜ ਰੁਪਏ ਦਾ ਵਾਧਾ ਦਰਜ ਕੀਤਾ ਗਿਆ।

ਪਿਛਲੇ ਮਹੀਨੇ ਦੌਰਾਨ ਜੀ ਐੱਸ ਟੀ ਮਾਲੀਏ ਵਿੱਚ ਹੋਏ ਮਹੱਤਵਪੂਰਨ ਵਾਧੇ ਦਾ ਖਾਸ ਤੌਰ 'ਤੇ ਜ਼ਿਕਰ ਕਰਦਿਆਂ ਚੀਮਾ ਨੇ ਕਿਹਾ ਕਿ ਫਰਵਰੀ 2025 ਦੌਰਾਨ ਸ਼ੁੱਧ ਜੀ ਐੱਸ ਟੀ ਮਾਲੀਆ ਪ੍ਰਾਪਤੀ ਵਿੱਚ 506.26 ਕਰੋੜ ਰੁਪਏ ਦਾ ਪ੍ਰਭਾਵਸ਼ਾਲੀ ਵਾਧਾ ਹੋਇਆ। ਫਰਵਰੀ 2025 ਲਈ ਸ਼ੁੱਧ ਜੀ ਐੱਸ ਟੀ ਪ੍ਰਾਪਤੀ 2,313.69 ਕਰੋੜ ਰੁਪਏ ਰਹੀ, ਜਦੋਂ ਕਿ ਫਰਵਰੀ 2024 ਵਿੱਚ ਇਹ ਪ੍ਰਾਪਤੀ 1,807.43 ਕਰੋੜ ਰੁਪਏ ਸੀ। ਇਸ ਤੋਂ ਇਲਾਵਾ ਉਨ੍ਹਾ ਆਬਕਾਰੀ ਮਾਲੀਏ ਵਿੱਚ ਸ਼ਲਾਘਾਯੋਗ ਵਾਧੇ ਦਾ ਵੀ ਜ਼ਿਕਰ ਕਰਦਿਆਂ ਦੱਸਿਆ ਕਿ ਇਸ ਸਾਲ ਫਰਵਰੀ ਵਿੱਚ 686.47 ਕਰੋੜ ਰੁਪਏ ਦਾ ਆਬਕਾਰੀ ਮਾਲੀਆ ਪ੍ਰਾਪਤ ਹੋਇਆ, ਜੋ ਕਿ ਪਿਛਲੇ ਸਾਲ ਫਰਵਰੀ ਵਿੱਚ ਪ੍ਰਾਪਤ ਹੋਏ 656 ਕਰੋੜ ਰੁਪਏ ਦੇ ਮਾਲੀਏ ਤੋਂ 30.47 ਕਰੋੜ ਰੁਪਏ ਵੱਧ ਹੈ। ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਦੀ ਅਗਵਾਈ ਵਾਲੀਆਂ ਰਾਜ ਸਰਕਾਰਾਂ ਦੀ ਸੂਬੇ ਦੇ ਕਰ ਮਾਲੀਏ ਨੂੰ ਵਧਾਉਣ ਵਿੱਚ ਅਸਮਰਥਾ ਲਈ ਤਿੱਖੀ ਆਲੋਚਨਾ ਕਰਦੇ ਹੋਏ ਚੀਮਾ ਨੇ ਕਿਹਾ ਕਿ ਇਨ੍ਹਾਂ ਪਾਰਟੀਆਂ ਵੱਲੋਂ ਟੈਕਸ ਚੋਰੀ ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰਨ ਅਤੇ ਪ੍ਰਭਾਵਸ਼ਾਲੀ ਵਿੱਤੀ ਪ੍ਰਬੰਧਨ ਪ੍ਰਤੀ ਰਾਜਨੀਤਕ ਇੱਛਾ ਸ਼ਕਤੀ ਦੀ ਘਾਟ ਦਿਖਾਈ ਗਈ।

# ਸੋਨੂੰ ਖੱਤਰੀ ਗੈਂਗ ਦੇ ਦੋ ਗੈਂਗਸਟਰ ਮੁਕਾਬਲੇ 'ਚ ਗ੍ਰਿਫ਼ਤਾਰ

**ਜਲੰਧਰ (ਸ਼ੈਲੀ ਐਲਬਰਟ)**

ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਦੀ ਅਗਵਾਈ ਹੇਠ ਕਮਿਸ਼ਨਰੇਟ ਜਲੰਧਰ ਪੁਲਸ ਨੇ ਸੋਨੂੰ ਖੱਤਰੀ ਗੈਂਗ (ਅਮਰੀਕਾ ਤੋਂ ਕੰਮ ਕਰ ਰਹੇ) ਨਾਲ ਜੁੜੇ ਦੋ ਆਦਤਨ ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਕਮਿਸ਼ਨਰ ਨੇ ਦੱਸਿਆ ਕਿ 2 ਮਾਰਚ ਨੂੰ ਸੀ ਆਈ ਏ ਪੁਲਸ ਟੀਮ ਆਪਣੀ ਰੁਟੀਨ ਗਸ਼ਤ ਦੇ ਹਿੱਸੇ ਵਜੋਂ ਜਲੰਧਰ ਵਿੱਚ ਸੁਚੀ ਪਿੰਡ ਰੋਡ ਦੇ ਨੇੜੇ ਤਾਇਨਾਤ ਸੀ। ਟੀਮ ਨੂੰ ਸੋਨੂੰ ਖੱਤਰੀ ਗੈਂਗ ਦੇ ਦੋ ਵਿਅਕਤੀਆਂ ਬਾਰੇ ਸੂਹ ਮਿਲੀ, ਜੋ ਕਥਿਤ ਤੌਰ 'ਤੇ ਮੋਟਰਸਾਈਕਲ 'ਤੇ ਸੁਚੀ ਪਿੰਡ ਵੱਲ ਜਾ ਰਹੇ ਸਨ, ਜਿਸ ਵਿੱਚ ਕੋਈ ਅਪਰਾਧ ਕਰਨ ਦਾ ਇਰਾਦਾ ਸੀ। ਉਹ ਸ਼ੱਕੀ ਡਕੈਤੀਆਂ, ਲੜਾਈਆਂ ਅਤੇ ਖੋਹਾਂ ਦੀਆਂ ਘਟਨਾਵਾਂ ਵਿੱਚ ਸ਼ਾਮਲ ਸਨ।ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਪੁਲਸ ਟੀਮ ਸੁਚੀ ਪਿੰਡ ਜਲੰਧਰ ਪਹੁੰਚੀ ਅਤੇ ਨਾਕਾਬੰਦੀ ਕੀਤੀ। ਇਸ ਦੌਰਾਨ ਪੁਲਸ ਪਾਰਟੀ ਨੇ ਦੋ ਵਿਅਕਤੀਆਂ ਨੂੰ ਬਿਨਾਂ ਨੰਬਰ ਪਲੇਟ ਵਾਲੇ ਮੋਟਰਸਾਈਕਲ 'ਤੇ ਸਵਾਰ ਦੇਖਿਆ ਅਤੇ ਜਦੋਂ ਪੁਲਿਸ ਨੇ ਸ਼ੱਕੀਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਤਾਂ ਉਨ੍ਹਾਂ ਪੁਲਸ ਟੀਮ 'ਤੇ ਗੋਲੀਬਾਰੀ ਕਰ ਦਿੱਤੀ। ਗੋਲੀਬਾਰੀ ਦੇ ਬਾਅਦ ਸ਼ੱਕੀਆਂ ਨੇ ਆਪਣੇ ਮੋਟਰਸਾਈਕਲ 'ਤੇ ਕੰਟਰੋਲ ਗੁਆ ਦਿੱਤਾ ਅਤੇ ਡਿੱਗ ਪਏ। ਇਸ ਦੇ ਬਾਵਜੂਦ ਉਨ੍ਹਾ ਪੁਲਸ ਅਧਿਕਾਰੀਆਂ 'ਤੇ ਗੋਲੀਬਾਰੀ ਜਾਰੀ ਰੱਖੀ, ਜਿਸ ਕਾਰਨ ਦੁਬਾਰਾ ਗੋਲੀਬਾਰੀ ਹੋਈ। ਇਸ ਮੁਕਾਬਲੇ ਵਿੱਚ ਦੋਵੇਂ ਲੱਤਾਂ ਵਿੱਚ ਗੋਲੀਆਂ ਲੱਗਣ ਨਾਲ ਜ਼ਖਮੀ ਹੋ ਗਏ। ਅਪਰਾਧੀਆਂ ਦੀ ਪਛਾਣ ਸੁਖਵਿੰਦਰ ਕੁਮਾਰ ਉਰਫ ਸੁੱਖ ਵਾਸੀ ਪਿੰਡ ਗੜ੍ਹ ਪਧਾਣਾ, ਥਾਣਾ ਮੁਕੰਦਪੁਰ ਅਤੇ ਹਰਪ੍ਰੀਤ ਸਿੰਘ ਉਰਫ ਮਾਮੂ ਉਰਫ ਪ੍ਰੀਤ ਵਾਸੀ ਪਿੰਡ ਕੰਗ ਜਗੀਰ, ਜਲੰਧਰ ਵਜੋਂ ਹੋਈ। ਉਹ ਜੰਮੂ-ਕਸ਼ਮੀਰ ਵਿੱਚ ਸਬ-ਇੰਸਪੈਕਟਰ ਦੀਪਕ ਸ਼ਰਮਾ ਦੇ ਕਤਲ ਸਮੇਤ ਕਈ ਹਿੰਸਕ ਅਪਰਾਧਾਂ ਵਿੱਚ ਸ਼ਾਮਲ ਹਨ।

ਨਵਾਂ ਜ਼ਮਾਨਾ
ਸੋਮਵਾਰ, 3 ਮਾਰਚ 2025

# ਵੋਟਰ ਸੂਚੀਆਂ 'ਚ ਗੜਬੜ ਦਾ ਮਾਮਲਾ

ਕਾਂਗਰਸ ਪਾਰਟੀ ਮਹਾਰਾਸ਼ਟਰ ਦੀਆਂ ਵਿਧਾਨ ਸਭਾ ਚੋਣਾਂ ਸਮੇਂ ਵੋਟਰ ਸੂਚੀਆਂ ਵਿੱਚ ਹੇਰਾਫੇਰੀ ਦਾ ਮੁੱਦਾ ਲਗਾਤਾਰ ਭਖਦਾ ਰੱਖਣਾ ਚਾਹੁੰਦੀ ਹੈ। ਇੰਜ ਕਰਕੇ ਉਹ ਮਹਾਰਾਸ਼ਟਰ ਵਿੱਚ ਆਪਣਾ ਜਨਤਕ ਅਧਾਰ ਵੀ ਵਧਾਉਣਾ ਚਾਹੁੰਦੀ ਹੈ ਤੇ ਬਿਹਾਰ ਵਰਗੇ ਰਾਜਾਂ ਵਿੱਚ ਅੱਗੋਂ ਹੋਣ ਵਾਲੀਆਂ ਚੋਣਾਂ ਲਈ ਚੋਣ ਕਮਿਸ਼ਨ ਉੱਤੇ ਦਬਾਅ ਬਣਾ ਕੇ ਉੱਥੇ ਅਜਿਹੀ ਹੇਰਾਫੇਰੀ ਨੂੰ ਰੋਕਣ ਦੀ ਕੋਸ਼ਿਸ਼ ਵੀ ਕਰ ਰਹੀ ਹੈ।

ਮਹਾਰਾਸ਼ਟਰ ਕਾਂਗਰਸ ਨੇ 28 ਫ਼ਰਵਰੀ ਨੂੰ ਇਸ ਸੰਬੰਧੀ ਇੱਕ ਸੂਬਾ ਪੱਧਰੀ ਮੀਟਿੰਗ ਕੀਤੀ ਸੀ। ਮੀਟਿੰਗ ਤੋਂ ਬਾਅਦ ਮਹਾਰਾਸ਼ਟਰ ਕਾਂਗਰਸ ਦੇ ਨਵੇਂ ਬਣੇ ਪ੍ਰਧਾਨ ਹਰਸ਼ਵਰਧਨ ਸਪਕਾਲ ਨੇ ਕਿਹਾ, 'ਸਾਡੇ ਆਗੂ ਰਾਹੁਲ ਗਾਂਧੀ ਨੇ ਸੰਸਦ ਵਿੱਚ ਮਹਾਰਾਸ਼ਟਰ ਅੰਦਰ ਵੋਟਰ ਸੂਚੀਆਂ ਵਿੱਚ ਕੀਤੀ ਗਈ ਗੜਬੜ ਦਾ ਮੁੱਦਾ ਚੁੱਕ ਕੇ ਅੰਤਮ ਵੋਟਰ ਸੂਚੀਆਂ ਦੀ ਮੰਗ ਕੀਤੀ ਸੀ, ਪਰ ਚੋਣ ਕਮਿਸ਼ਨ ਟਾਲ-ਮਟੋਲ ਦੀ ਨੀਤੀ ਅਪਣਾ ਰਿਹਾ ਹੈ। ਇਸ ਲਈ ਅਸੀਂ ਇਸ ਲੜਾਈ ਨੂੰ ਜਨਤਾ ਦੀ ਅਦਾਲਤ ਵਿੱਚ ਲੈ ਕੇ ਜਾਣ ਦਾ ਫ਼ੈਸਲਾ ਕੀਤਾ ਹੈ।' ਇਸ ਮੌਕੇ ਕਾਂਗਰਸ ਆਗੂ ਗੁਰਦੀਪ ਸੱਪਲ ਨੇ ਕਿਹਾ, 'ਪਾਰਟੀ ਨੇ ਜਦੋਂ ਦਿੱਲੀ ਹਾਈਕੋਰਟ ਵਿੱਚ ਆਪਣੀ ਮੰਗ ਰੱਖੀ ਤਾਂ ਚੋਣ ਕਮਿਸ਼ਨ ਨੇ ਹੋਰ ਤਿੰਨ ਮਹੀਨੇ ਦੀ ਮੁਹਲਤ ਮੰਗ ਲਈ ਹੈ। ਅਸਲ ਵਿੱਚ ਚੋਣ ਕਮਿਸ਼ਨ ਟਾਲ-ਮਟੋਲ ਕਰਕੇ ਵਕਤ ਲੰਘਾ ਰਿਹਾ ਹੈ।'

ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਵਿੱਚ ਗਿਣੀਆਂ ਗਈਆਂ ਵੋਟਾਂ ਤੇ ਪਈਆਂ ਵੋਟਾਂ ਵਿੱਚ ਕਾਫ਼ੀ ਅੰਤਰ ਹੈ। ਇਸ ਲਈ ਇਸ ਉੱਤੇ ਵਿਵਾਦ ਹੋਣਾ ਸੁਭਾਵਕ ਹੈ। ਕੇਂਦਰੀ ਚੋਣ ਕਮਿਸ਼ਨ ਅਨੁਸਾਰ ਪਈਆਂ ਵੋਟਾਂ ਦੀ ਗਿਣਤੀ 6,40,88,195 ਸੀ, ਜਦੋਂ ਕਿ ਗਿਣੀਆਂ ਗਈਆਂ ਵੋਟਾਂ ਦੀ ਗਿਣਤੀ 6,45,92,508 ਸੀ। ਇਸ ਤਰ੍ਹਾਂ ਗਿਣੀਆਂ ਗਈਆਂ ਵੋਟਾਂ ਪਈਆਂ ਵੋਟਾਂ ਨਾਲੋਂ, 5,04,313 ਵੱਧ ਸਨ।

ਸਭ ਤੋਂ ਵੱਧ ਹੈਰਾਨ ਕਰਨ ਵਾਲੀ ਗੱਲ ਇਹ ਸੀ ਕਿ 2024 ਦੀਆਂ ਲੋਕ ਸਭਾ ਚੋਣਾਂ ਤੋਂ 5 ਮਹੀਨੇ ਬਾਅਦ ਵਿਧਾਨ ਸਭਾ ਚੋਣਾਂ ਹੋਈਆਂ ਸਨ। ਇਨ੍ਹਾਂ 5 ਮਹੀਨਿਆਂ ਦੌਰਾਨ ਮਹਾਰਾਸ਼ਟਰ ਵਿੱਚ ਵੋਟਰਾਂ ਦੀ ਗਿਣਤੀ 47 ਲੱਖ ਵਧ ਗਈ ਸੀ। ਇਸ ਤੋਂ ਪਹਿਲਾਂ 2019 ਦੀਆਂ ਲੋਕ ਸਭਾ ਚੋਣਾਂ ਤੋਂ ਲੈ ਕੇ 2024 ਦੀਆਂ ਲੋਕ ਸਭਾ ਚੋਣਾਂ ਤੱਕ ਦੇ 5 ਸਾਲਾਂ ਵਿੱਚ ਵੋਟਰਾਂ ਦੀ ਗਿਣਤੀ 37 ਲੱਖ ਵਧੀ ਸੀ। ਇਹ ਵਾਧਾ 5 ਮਹੀਨਿਆਂ ਦਾ ਔਸਤਨ 3 ਲੱਖ ਬਣਦਾ ਹੈ।

ਡਾਟਾ ਪੜਤਾਲ ਤੋਂ ਪਤਾ ਲਗਦਾ ਹੈ ਕਿ ਨਵੇਂ ਜੋੜੇ ਗਏ ਵੋਟਰਾਂ ਦਾ ਵਾਧਾ ਕੁਝ ਸੀਟਾਂ ਉੱਤੇ ਵਿਸ਼ੇਸ਼ ਤੌਰ ਉੱਤੇ ਵੱਧ ਹੋਇਆ ਸੀ। ਖਾਸ ਤੌਰ ਉੱਤੇ 78 ਵਿਧਾਨ ਸਭਾ ਹਲਕਿਆਂ ਵਿੱਚ ਪ੍ਰਤੀ ਹਲਕਾ 18 ਲੱਖ ਤੋਂ ਵੱਧ ਵੋਟਰ ਜੋੜੇ ਗਏ ਸਨ। ਇਨ੍ਹਾਂ ਸੀਟਾਂ ਵਿੱਚੋਂ 68 ਉੱਤੇ ਭਾਜਪਾ ਨੇ ਜਿੱਤ ਪ੍ਰਾਪਤ ਕੀਤੀ ਸੀ। ਰਾਹੁਲ ਗਾਂਧੀ ਨੇ ਇਹ ਮਾਮਲਾ ਸੰਸਦ ਵਿੱਚ ਉਠਾਉਂਦਿਆਂ ਕਿਹਾ ਸੀ ਕਿ ਸ਼ਿਰੜੀ ਹਲਕੇ ਦੀ ਇੱਕ ਬਿਲਡਿੰਗ ਵਿੱਚ ਹੀ 7 ਹਜ਼ਾਰ ਵੋਟਰਾਂ ਦਾ ਵਾਧਾ ਹੋਇਆ ਸੀ। ਕਾਂਗਰਸ ਤੋਂ ਇਲਾਵਾ ਪ੍ਰਕਾਸ਼ ਅੰਬੇਡਕਰ ਦੀ ਵੰਚਿਤ ਬਹੁਜਨ ਅਗਾੜੀ ਨੇ ਵੀ ਪੋਲਿੰਗ ਵਾਲੇ ਦਿਨ ਸ਼ਾਮ 6 ਵਜੇ ਤੋਂ ਬਾਅਦ ਪਈਆਂ 76 ਲੱਖ ਵੋਟਾਂ ਦਾ ਵੇਰਵਾ ਦੇਣ ਲਈ ਰਿੱਟ ਦਾਇਰ ਕੀਤੀ ਹੈ। ਦਿੱਲੀ ਹਾਈਕੋਰਟ ਅੰਦਰ 25 ਫ਼ਰਵਰੀ ਨੂੰ ਇਸ ਮਾਮਲੇ ਦੀ ਸੁਣਵਾਈ ਸਮੇਂ ਚੋਣ ਕਮਿਸ਼ਨ ਨੇ ਕਿਹਾ ਕਿ ਉਹ ਤਿੰਨ ਮਹੀਨਿਆਂ ਵਿੱਚ ਫੈਸਲਾ ਲਵੇਗਾ ਕਿ ਪਟੀਸ਼ਨਰ ਨੂੰ ਵੋਟਰ ਸੂਚੀ ਦੇਣੀ ਹੈ ਕਿ ਨਹੀਂ। ਕਾਂਗਰਸ ਵੱਲੋਂ ਪੇਸ਼ ਵਕੀਲ ਸਿੰਘਵੀ ਨੇ ਕਿਹਾ ਕਿ ਚੋਣ ਕਮਿਸ਼ਨ ਨੂੰ ਜਵਾਬ ਦੇਣ ਲਈ ਦੋ ਮਹੀਨੇ ਲੱਗ ਗਏ ਹਨ, ਹੁਣ ਹੋਰ ਤਿੰਨ ਮਹੀਨੇ ਮੰਗ ਲਏ ਗਏ ਹਨ।

ਵੋਟਰ ਸੂਚੀਆਂ ਵਿੱਚ ਧਾਂਦਲੀ ਦਾ ਮੁੱਦਾ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਵੀ ਉਠਾਇਆ ਹੈ। ਉਸ ਨੇ ਦੋਸ਼ ਲਾਇਆ ਹੈ ਕਿ ਉੱਥੇ ਵਾਧੂ ਵੋਟਰ ਜੋੜਨ ਦੀ ਥਾਂ ਪੁਰਾਣੇ ਨਾਂਅ ਕੱਟ ਕੇ ਨਵੇਂ ਨਾਂਅ ਜੋੜੇ ਗਏ ਹਨ, ਭਾਵ ਵੋਟਰ ਨੰਬਰ ਪੁਰਾਣਾ ਹੀ ਹੈ, ਪਰ ਵੋਟਰ ਦਾ ਨਾਂਅ ਬਦਲ ਦਿੱਤਾ ਗਿਆ ਹੈ। ਮਮਤਾ ਬੈਨਰਜੀ ਨੇ ਇਸ ਦੀ ਪੜਤਾਲ ਲਈ ਜ਼ਿਲ੍ਹੇਵਾਰ ਕਮੇਟੀਆਂ ਬਣਾ ਕੇ 15 ਦਿਨਾਂ ਵਿੱਚ ਅੰਕੜੇ ਪੇਸ਼ ਕਰਨ ਲਈ ਕਿਹਾ ਹੈ, ਤਾਂ ਜੋ ਇਸ ਸੰਬੰਧੀ ਕੇਂਦਰੀ ਚੋਣ ਕਮਿਸ਼ਨ ਨੂੰ ਜਾਣੂੰ ਕਰਾਇਆ ਜਾਵੇ।

# ਮਨੁੱਖਤਾ ਨੂੰ ਜੰਗ ਨਹੀਂ, ਅਮਨ ਦੀ ਜ਼ਰੂਰਤ

ਪੁਸ਼ਪਿੰਦਰ

ਰੂਸ-ਯੂਕਰੇਨ ਦੀ ਜੰਗ ਲੱਗੀ ਨੂੰ ਤਿੰਨ ਸਾਲ ਪੂਰੇ ਹੋ ਗਏ ਹਨ। ਸਿਆਣੇ ਦੱਸਦੇ ਹਨ ਤਕਰੀਬਨ ਦਸ ਲੱਖ ਲੋਕ , ਜ਼ਿਆਦਾ ਨੌਜਵਾਨ ਜਾਂ ਤਾਂ ਮਾਰੇ ਜਾ ਚੁੱਕੇ ਹਨ ਜਾਂ ਉਮਰ ਭਰ ਲਈ ਨਿਕਾਰਾ ਹੋ ਗਏ ਹਨ। ਅਮਰੀਕਾ ਦੇ ਨਵੇਂ ਬਣੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਯੁੱਧ ਬੰਦ ਕਰਵਾਉਣ ਲਈ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਨਾਲ ਫੋਨ 'ਤੇ 90 ਮਿੰਟ ਲੰਮੀ ਗੱਲਬਾਤ ਕੀਤੀ ਹੈ। ਇਸ ਪਹਿਲਕਦਮੀ ਨਾਲ ਜੰਗ ਬੰਦ ਹੋਣ ਦੀ ਕੁਝ ਆਸ ਬੱਝੀ ਹੈ। ਕੀ ਨਤੀਜੇ ਨਿਕਲਦੇ ਹਨ ? ਅਜੇ ਸਪੱਸ਼ਟ ਨਹੀਂ, ਪਰ ਯੂਰਪੀਨ ਯੂਨੀਅਨ ਦੇ ਕੁਝ ਦੇਸ਼ਾਂ ਨੇ,ਖਾਸ ਕਰ ਬਰਤਾਨੀਆ ਅਤੇ ਫਰਾਂਸ ਨੇ ਤਾਂ ਤਰਥੱਲੀ ਮਚਾ ਦਿੱਤੀ ਹੈ। ਹਾਂ-ਹਾਂ ਸਾਨੂੰ ਪੁੱਛੇ ਬਿਨਾਂ ਸ਼ਾਂਤੀ ਕਿਵੇਂ ਹੋ ਸਕਦੀ ਹੈ । ਫਰਾਂਸ ਦੇ ਰਾਸ਼ਟਰਪਤੀ ਨੇ ਤਾਂ ਪੈਰਿਸ ਵਿਚ ਯੂਨੀਅਨ ਦੇ ਦੇਸ਼ਾਂ ਦੀ ਹੰਗਾਮੀ ਮੀਟਿੰਗ ਵੀ ਬੁਲਾ ਲਈ ਸੀ। ਦੂਸਰੀ ਹੰਗਾਮੀ ਮੀਟਿੰਗ ਸ਼ਾਇਦ ਬਰਸਲਜ਼ ਵਿਚ ਹੋਈ ਹੈ। ਇਨ੍ਹਾਂ ਨੂੰ ਸ਼ਿਕਾਇਤ ਹੈ ਕਿ ਸਾਊਦੀ ਅਰਬ ਦੀ ਰਾਜਧਾਨੀ ਰਿਆਦ ਵਿਚ ਅਮਰੀਕਾ ਅਤੇ ਰੂਸ ਦੇ ਪ੍ਰਤੀਨਿਧਾਂ ਵਿਚਕਾਰ ਹੋਈ ਮੀਟਿੰਗ ਵਿਚ ਸਾਨੂੰ ਕਿਉਂ ਨਹੀਂ ਸੱਦਿਆ ਗਿਆ। ਇਹ ਬੇਨਤੀ ਲੈ ਕੇ ਫਰਾਂਸ ਦਾ ਪ੍ਰਧਾਨ ਮੈਕਰੋ ਤਾਂ ਵਸ਼ਿੰਗਟਨ ਦੀ ਫੇਰੀ ਲਾ ਆਇਆ ਹੈ। ਇੰਗਲੈਂਡ ਦਾ ਪ੍ਰਧਾਨ ਮੰਤਰੀ ਸਟਾਰਮਰ ਵੀ ਟਰੰਪ ਦੀ ਹਾਜ਼ਰੀ ਭਰ ਆਇਆ ਹੈ। ਉਸ ਨੇ ਤਾਂ ਇਹ ਵੀ ਕਹਿ ਦਿੱਤਾ ਹੈ ਕਿ ਅਮਰੀਕਾ ਦਾ ਹੁਕਮ ਮੰਨਦੇ ਹੋਏ ਇੰਗਲੈਂਡ ਫੌਜ ਉਪਰ ਹੋਣ ਵਾਲੇ ਖਰਚ ਨੂੰ ਤਕਰੀਬਨ 13 ਅਰਬ ਡਾਲਰ ਵਧਾ ਦੇਵੇਗਾ ।

ਇਨ੍ਹਾਂ ਦੇਸ਼ਾਂ ਦੀ ਬੁਖਲਾਹਟ ਦਾ ਕੀ ਮਤਲਬ ਹੈ ? ਕੀ ਇਨ੍ਹਾਂ ਲੋਕਾਂ ਨੂੰ ਸ਼ਾਂਤੀ ਪਸੰਦ ਨਹੀਂ। ਲਾਸ਼ਾਂ ਦੀ ਗਿਣਤੀ ਕਰਨਾ ਚੰਗਾ ਲਗਦਾ ਹੈ ? ਅਮਰੀਕਾ ਅਤੇ ਰੂਸ ਦੋਵੇਂ ਦੁਨੀਆ ਦੀਆਂ ਸਭ ਤੋਂ ਵੱਡੀਆਂ ਪ੍ਰਮਾਣੂ ਸ਼ਕਤੀਆਂ ਹਨ। ਇਨ੍ਹਾਂ ਕੋਲ ਐਨੇ ਕੁ ਐਟਮੀ ਬੰਬ ਹਨ ਕਿ ਇੱਕ ਵਾਰ ਨਹੀਂ, ਕਈ ਵਾਰ ਸਾਰੀ ਦੁਨੀਆ ਨੂੰ ਤਬਾਹ ਕਰ ਸਕਦੇ ਹਨ। ਜੇ ਇਹ ਦੋਵੇਂ ਦੁਸ਼ਮਣੀਆਂ ਛੱਡ ਕੇ ਪਿਆਰ-ਮੁਹੱਬਤ ਨਾਲ ਰਹਿਣਾ ਸ਼ੁਰੂ ਕਰ ਦੇਣ ਤਾਂ ਦੁਨੀਆ ਬਹੁਤ ਖ਼ੂਬਸੂਰਤ ਹੋ ਸਕਦੀ ਹੈ । ਫਿਰ ਅਮਨ ਪਸੰਦ ਲੋਕਾਂ ਨੂੰ ਸੋਚਣਾ ਚਾਹੀਦਾ ਹੈ ਕਿ ਪੱਛਮ ਦੇ ਰਾਜਸੀ ਆਗੂਆਂ, ਸਿਆਸੀ ਟਿੱਪਣੀਕਾਰਾਂ ਨੂੰ ਐਨੀ ਹੈਰਾਨੀ ਕਿਉਂ ਹੋ ਰਹੀ ਹੈ।

ਇਹ ਤਾਂ ਸਮਝ ਵਿਚ ਆਉਂਦਾ ਹੈ ਕਿ ਹਥਿਆਰਾਂ ਦੇ ਵਪਾਰੀ, ਟੈਂਕ, ਮਿਜ਼ਾਈਲਾਂ ਦਾ ਨਿਰਮਾਣ ਕਰਨ ਵਾਲੇ ਕਾਰਖਾਨੇਦਾਰ, ਯਾਨਿ ਸਾਰੇ ਉਹ, ਜਿਨ੍ਹਾਂ ਲਈ ਜੰਗਾਂ ਪੈਸਾ ਕਮਾਉਣ ਅਤੇ ਆਪਣੀ ਨੇਤਾਗਿਰੀ ਚਮਕਾਉਣ ਦਾ ਵਸੀਲਾ ਹਨ, ਉਹ ਕਦੇ ਅਮਨ ਦੀ ਬਹਾਲੀ ਲਈ ਹੋਣ ਵਾਲੀ ਵਾਰਤਾਲਾਪ ਨੂੰ ਪਸੰਦ ਨਹੀਂ ਕਰਨਗੇ । ਉਨ੍ਹਾਂ ਆਪਣੀ ਕਾਬਲੀਅਤ ਅਤੇ ਦੌਲਤ ਜੰਗਾਂ ਦੇ ਮੁਨਾਫਾਖੋਰ ਵਪਾਰ ਵਿਚ ਲਗਾਈ ਹੋਈ ਹੈ। ਨਫਰਤ, ਡਰ, ਆਤੰਕ, ਕਤਲੋਗਾਰਤ ਉਨ੍ਹਾਂ ਦੀਆਂ ਪਸੰਦੀਦਾ ਵਸਤੂਆਂ ਹਨ। ਅਮਨ ਭਰਪੂਰ ਸਹਿਹੋਂਦ ਦੀ ਉਹ ਕਲਪਨਾ ਨਹੀਂ ਕਰ ਸਕਦੇ ਅਤੇ ਦੂਸਰਿਆਂ ਨੂੰ ਵੀ ਕਲਪਨਾ ਕਰਨ ਦਾ ਅਧਿਕਾਰ ਨਹੀਂ। ਕਦੇ ਅਮਰੀਕਾ ਅਤੇ ਸੋਵੀਅਤ ਯੂਨੀਅਨ ਵਿਚ ਹੋਣ ਵਾਲੇ 'ਦਿਤਾਂਤ' ਨੂੰ ਬਹੁਤ ਚੰਗਾ ਸਮਝਿਆ ਜਾਂਦਾ ਸੀ, ਸਾਰੀ ਦੁਨੀਆ ਵਿਚ ਅਜਿਹੀ ਪਹਿਲਕਦਮੀ ਦਾ ਸਵਾਗਤ ਕੀਤਾ ਜਾਂਦਾ ਸੀ, ਪਰ ਵਰਤਮਾਨ ਵਿਚ ਇਸ ਨੂੰ 'ਅਪੀਜ਼ਮੈਂਟ' ( ਮਨਾਉਣਾ ) ਦਾ ਨਾਂਅ ਦੇ ਦਿੱਤਾ ਗਿਆ ਹੈ ।

ਯੂਰਪ ਦੇ ਦੇਸ਼ਾਂ ਨੂੰ ਇੱਕ ਤੌਖਲਾ ਹੋਰ ਵੀ ਹੈ ਕਿ ਜੇ ਰੂਸ ਅਤੇ ਅਮਰੀਕਾ ਦਰਮਿਆਨ ਕਿਸੇ ਤਰ੍ਹਾਂ ਦਾ ਸ਼ਾਂਤੀ ਸਮਝੌਤਾ ਹੋ ਜਾਂਦਾ ਹੈ ਤਾਂ ਅਮਰੀਕਾ ਨੂੰ ਆਪਣੇ ਯੂਰਪੀਨ ਸਾਥੀ ਦੇਸ਼ਾਂ ਜਾਂ ਬਸਤੀਆਂ ਦੀ ਹਥਿਆਰਬੰਦ ਮਦਦ ਦੀ ਜ਼ਰੂਰਤ ਨਹੀਂ ਰਹੇਗੀ। ਬਦਲੇ ਵਿਚ ਅਮਰੀਕਾ ਲੋੜ ਪੈਣ 'ਤੇ ਉਨ੍ਹਾਂ ਦੀ ਮਦਦ ਲਈ ਨਹੀਂ ਆਏਗਾ। ਇਸ ਲਈ ਆਪਣੀ ਸੁਰੱਖਿਆ ਦਾ ਪ੍ਰਬੰਧ ਆਪ ਕਰਨਾ ਪਵੇਗਾ, ਉਨ੍ਹਾਂ ਦਾ ਸੁਰੱਖਿਆ ਦਾ ਖਰਚਾ ਬਹੁਤ ਵਧ ਜਾਵੇਗਾ, ਪਰ ਹਮਲੇ ਦਾ ਖਤਰਾ ਕਿਸ ਤੋਂ ਹੈ ? ਕਿਸ ਦਾ ਮੁਕਾਬਲਾ ਕਰਨਾ ਹੈ ਤੁਸੀਂ ?

ਜ਼ੈਫਰੀ ਸਾਕਸ, ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਦਾ ਵਿਸ਼ਵ ਪ੍ਰਸਿੱਧ ਅਰਥ ਸ਼ਾਸਤਰੀ ਹੈ। ਉਹ ਹੰਢਿਆ ਹੋਇਆ ਡਿਪਲੋਮੈਟ ਵੀ ਹੈ, ਜਿਸ ਨੇ ਸੋਵੀਅਤ ਯੂਨੀਅਨ ਦੇ ਵਖਰੇਵੇਂ ਤੋਂ ਅੰਤਰਰਾਸ਼ਟਰੀ ਸਿਆਸਤ ਵਿਚ ਸਰਗਰਮ ਭੂਮਿਕਾ ਨਿਭਾਈ ਹੈ। ਬਰਸਲਜ਼ ਵਿਚ ਉਸ ਨੇ ਯੂਰਪੀਨ ਯੂਨੀਅਨ ਦੀ ਸੰਸਦ ਦੇ ਕੁਝ ਮੈਂਬਰਾਂ ਸਾਹਮਣੇ ਦਿੱਤੇ ਭਾਸ਼ਣ ਵਿਚ ਦਾਅਵੇ ਨਾਲ ਕਿਹਾ ਹੈ ਕਿ ਰੂਸ ਕਦੇ ਵੀ ਕਿਸੇ ਗੁਆਂਢੀ ਦੇਸ਼ ਉਪਰ ਵਧੀਕੀ ਨਹੀਂ ਕਰੇਗਾ । ਉਸ ਦਾ ਮੰਨਣਾ ਹੈ ਕਿ ਰੂਸ ਦਾ ਯੂਕਰੇਨ ਉਪਰ ਹਮਲਾ ਆਪਣੀ ਹੋਂਦ ਕਾਇਮ ਰੱਖਣ ਦੇ ਲਈ ਕੀਤੀ ਗਈ ਮਜਬੂਰੀ ਦੀ ਕਾਰਵਾਈ ਹੈ । ਇਥੇ ਜ਼ੈਫਰੀ ਸਾਕਸ ਦੇ ਬਿਆਨ ਨੂੰ ਦੁਹਰਾਉਣਾ ਚਾਹਾਂਗਾ-ਉਸ ਦਾ ਕਹਿਣਾ ਹੈ ਕਿ ਇਸ ਜੰਗ ਦੇ ਸ਼ੁਰੂ ਹੋਣ ਤੋਂ ਪਹਿਲਾਂ ਮੈਂ ਅਮਰੀਕਾ ਦੇ ਸੈਕਟਰੀ ਆਫ ਸਟੇਟ ਜੈਕ ਸਲੋਵਾਨ ਨਾਲ ਫੋਨ ਉਪਰ ਗੱਲਬਾਤ ਕਰ ਰਿਹਾ ਸੀ । ਮੇਰਾ ਕਹਿਣਾ ਸੀ ਕਿ ਜੇ ਰੂਸ ਨੂੰ ਇਹ ਭਰੋਸਾ ਦੇ ਦਿੱਤਾ ਜਾਂਦਾ ਹੈ ਕਿ ਯੂਕਰੇਨ ਨਾਟੋ ਦਾ ਮੈਂਬਰ ਨਹੀਂ ਬਣੇਗਾ ਤਾਂ ਜਗ ਤੋਂ ਬਚਿਆ ਜਾ ਸਕਦਾ ਹੈ। ਜੈਕ ਦਾ ਜਵਾਬ ਸੀ-ਯੂਕਰੇਨ ਨਾਟੋ ਦਾ ਮੈਂਬਰ ਨਹੀਂ ਬਣੇਗਾ, ਪਰ ਅਸੀਂ ਜਨਤਕ ਤੌਰ 'ਤੇ ਇਹ ਨਹੀਂ ਕਹਾਂਗੇ । ਜੰਗ ਹੁੰਦੀ ਹੈ ਤਾਂ ਹੋ ਜਾਵੇ, ਲੋਕ ਮਰਦੇ ਹਨ ਤਾਂ ਮਰਦੇ ਰਹਿਣ । ਦਸ ਲੱਖ ਯੂਕਰੇਨੀ ਮਾਰੇ ਗਏ ਹਨ ਅਤੇ ਕਹਿੰਦੇ ਹਨ ਰੂਸ ਦੇ ਮਰਨ ਵਾਲਿਆਂ ਦੀ ਗਿਣਤੀ ਦੋ ਲੱਖ ਹੈ। ਯੂਕਰੇਨ ਤਕਰੀਬਨ ਸਾਰੇ ਦਾ ਸਾਰਾ ਤਬਾਹ ਹੋ ਚੁੱਕਾ ਹੈ । ਜ਼ੈਫਰੀ ਦਾ ਕਹਿਣਾ ਹੈ ਕਿ ਇਸ ਜੰਗ ਵਿਚ ਰੂਸ ਆਪਣੀ ਮਨਸ਼ਾ ਪੂਰੀ ਨਹੀਂ ਕਰ ਸਕਿਆ । ਯੂਕਰੇਨ ਅੰਦਰ ਚਾਰ ਅਜਿਹੇ ਖੇਤਰ ਹਨ, ਜਿਥੇ ਰੂਸੀ ਮੂਲ ਦੇ ਲੋਕਾਂ ਦੀ ਬਹੁਗਿਣਤੀ ਹੈ। ਉਨ੍ਹਾਂ ਇਲਾਕਿਆਂ ਉਪਰ ਵੀ ਰੂਸ ਪੂਰੀ ਤਰ੍ਹਾਂ ਕਬਜ਼ਾ ਨਹੀਂ ਕਰ ਸਕਿਆ। ਇਸ ਲਈ ਇਹ ਸੋਚਣਾ ਫਜ਼ੂਲ ਹੈ ਕਿ ਰੂਸ ਕਿਸੇ ਹੋਰ ਗੁਆਂਢੀ ਦੇਸ਼ ਉਪਰ ਹਮਲਾ ਕਰੇਗਾ।

ਪਿਛਲੀ ਸਦੀ ਦੇ ਇਤਿਹਾਸ ਉਪਰ ਨਜ਼ਰ ਮਾਰੀਏ ਤਾਂ ਯੂਰਪੀਨ ਦੇਸ਼ਾਂ ਨੇ ਅਫਗਾਨਿਸਤਾਨ, ਇਰਾਕ, ਲੀਬੀਆ, ਸੀਰੀਆ, ਫਲਸਤੀਨ ਆਦਿ ਜੰਗਾਂ (ਯੂਕਰੇਨ-ਰੂਸ-ਨਾਟੋ ਜੰਗ ਨੂੰ ਛੱਡਦੇ ਹੋਏ) ਵਿਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਭਾਗ ਲਿਆ ਹੈ। ਇਨ੍ਹਾਂ ਵਿਚੋਂ ਕਿਸੇ ਵਿਚ ਵੀ ਯੂਰਪ ਨੂੰ ਕੋਈ ਸਿੱਧੇ ਹਮਲੇ ਦਾ ਖਤਰਾ ਨਹੀਂ ਸੀ। ਅਮਰੀਕਾ ਜਾਂ ਇਜ਼ਰਾਈਲ ਹੀ ਇਨ੍ਹਾਂ ਨੂੰ ਦੁਸ਼ਮਣ ਸਮਝਦਾ ਰਿਹਾ ਹੈ। ਅਸਲ ਵਿਚ ਇਹ ਸਭ ਅਮਰੀਕਾ ਦੀ ਵਿਸ਼ਵ ਸਰਦਾਰੀ ਕਾਇਮ ਰੱਖਣ ਦੀਆਂ ਜੰਗਾਂ ਸਨ, ਜੋ ਯੂਰਪੀਨ ਦੇਸ਼ਾਂ ਨੇ ਉਸ ਦੇ ਅਧੀਨ ਹੋ ਕੇ ਲੜੀਆਂ। ਅਮਰੀਕਾ ਨੇ ਜ਼ਬਰਦਸਤੀ ਯੂਰਪ ਦੇ ਦੇਸ਼ਾਂ ਨੂੰ ਇਨ੍ਹਾਂ ਫਜ਼ੂਲ ਦੀਆਂ ਜੰਗਾਂ ਵਿਚ ਘਸੀਟਿਆ, ਨਾ ਕਿ ਉਨ੍ਹਾਂ ਦੀ ਰੱਖਿਆ ਕੀਤੀ ਹੈ। ਮੌਜੂਦਾ ਰੂਸ-ਯੂਕਰੇਨ ਯੁੱਧ ਵੀ ਯੂਰਪ ਦੀ ਸੁਰੱਖਿਆ ਲਈ ਲੜਿਆ ਜਾ ਰਿਹਾ ਹੈ, ਇਹ ਵੀ ਅਮਰੀਕੀ ਦੀ ਧਰਤੀ ਨੁਮਾ ਇਸ ਗ੍ਰਹਿ ਉਪਰ ਵਸਦੀ ਮਨੁੱਖਤਾ ਨੂੰ ਹਰ ਪੱਖੋਂ ਗੁਲਾਮ ਬਣਾਉਣ ਦੀ ਬੁਲੰਦ ਚਾਹਤ ਦਾ ਹੀ ਨਤੀਜਾ ਹੈ ।

ਇਸ ਸੰਬੰਧ ਵਿਚ ਅਮਰੀਕਾ ਦਾ ਨਾਗਰਿਕ ਕੋਲੰਬੀਆ ਯੂਨੀਵਰਸਿਟੀ ਦਾ ਪ੍ਰੋਫੈਸਰ ਜ਼ੈਫਰੀ ਯੂਰਪ ਦੇ ਦੇਸ਼ਾਂ ਨੂੰ ਸਲਾਹ ਦਿੰਦਾ ਹੈ ਕਿ ਅਮਰੀਕਾ ਦੀ ਗੁਲਾਮੀ ਤੋਂ ਬਾਹਰ ਆਓ, ਆਪਣੀ ਰੱਖਿਆ ਆਪ ਕਰੋ, ਆਪਣੀ ਸੁਤੰਤਰ ਵਿਦੇਸ਼ ਨੀਤੀ ਬਣਾਓ, ਪੈਸਾ ਹਥਿਆਰਾਂ 'ਤੇ ਨਾ ਖਰਚੋ' ਜ਼ਿੰਦਗੀ ਦੀ ਬੇਹਤਰੀ ਲਈ ਖਰਚੋ, ਕੌਮਾਂਤਰੀ ਅਮਨ ਦੇ ਲਈ ਦੁਆ ਕਰੋ ।

# ਸੰਪਰਕ : 94632-32402

# ਟਰੰਪ ਵੱਲੋਂ ਪਾਇਆ ਖਿਲਾਰਾ ਸਮੇਟਣਾ ਮੁਸ਼ਕਲ



ਹਰਜਿੰਦਰ ਸਿੰਘ ਗੁਲਪੁਰ

ਡੋਨਾਲਡ ਟਰੰਪ ਨੇ ਜਦੋਂ ਤੋਂ ਰਾਸ਼ਟਰਪਤੀ ਦਾ ਅਹੁਦਾ ਸੰਭਾਲਿਆ ਹੈ, ਉਹਦੇ ਨਿਸ਼ਾਨੇ ਦੀ ਸੂਈ ਭਾਰਤ ਉੱਤੇ ਟਿਕੀ ਹੋਈ ਹੈ, ਖਾਸ ਕਰਕੇ ਪੀ ਐੱਮ ਨਰਿੰਦਰ ਮੋਦੀ 'ਤੇ । ਉਸ ਵੱਲੋਂ ਆਏ ਦਿਨ ਭਾਰਤ ਖ਼ਿਲਾਫ਼ ਤਲਖ਼ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ, ਜਿਸ ਨਾਲ ਦੇਸ਼ ਦਾ ਅਪਮਾਨ ਹੋ ਰਿਹਾ ਹੈ ।ਹੈਰਾਨੀ ਦੀ ਗੱਲ ਹੈ ਕਿ ਭਾਰਤ ਸਰਕਾਰ ਮੂਕ ਦਰਸ਼ਕ ਬਣ ਕੇ ਸਭ ਕੁਝ ਬਰਦਾਸ਼ਤ ਕਰ ਰਹੀ ਹੈ ।ਜਦੋਂ ਉਸ ਨੇ ਸਹੁੰ ਚੁੱਕਣ ਸਾਰ ਉਪਰੋਥਲੀ ਫ਼ੌਜੀ ਜਹਾਜ਼ਾਂ ਵਿੱਚ ਸੈਂਕੜੇ ਭਾਰਤੀਆਂ ਨੂੰ ਹੱਥਕੜੀਆਂ ਅਤੇ ਬੇੜੀਆਂ ਵਿੱਚ ਜਕੜ ਕੇ ਡੀਪੋਰਟ ਕਰਨਾ ਸ਼ੁਰੂ ਕੀਤਾ ਸੀ ਤਾਂ ਉਸ ਦੇ ਭਾਰਤ ਪ੍ਰਤੀ ਅਪਣਾਏ ਜਾਣ ਵਾਲੇ ਰੁਖ ਦੀ ਭਿਣਕ ਮਿਲ ਗਈ ਸੀ । ਇਸ ਦੇ ਬਾਵਜੂਦ ਭਾਰਤੀਆਂ ਨੂੰ ਆਸ ਸੀ ਕਿ ਨਰਿੰਦਰ ਮੋਦੀ ਦੀ ਅਮਰੀਕੀ ਯਾਤਰਾ ਤੋਂ ਬਾਅਦ ਰਾਸ਼ਟਰਪਤੀ ਟਰੰਪ ਦੇ ਵਤੀਰੇ ਵਿਚ ਨਰਮੀ ਆ ਜਾਵੇਗੀ । ਭਾਰਤ ਦੇ ਲੋਕ ਲੰਮੇ ਸਮੇ ਤੋਂ ਭਾਰਤੀ ਮੀਡੀਆ ਵੱਲੋਂ ਪਿੱਟਿਆ ਜਾਂਦਾ ਉਪਰੋਕਤ ਦੋਹਾਂ ਮੁਖੀਆਂ ਦੀ ਦੋਸਤੀ ਦਾ ਢੰਡੋਰਾ ਸੁਣਦੇ ਆਏ ਸਨ । ਦੋਹਾਂ ਨੇਤਾਵਾਂ ਦੀ ਮਿਲਣੀ ਤਾਂ ਹੋਈ, ਪਰ ਪਰਨਾਲਾ ਉੱਥੇ ਦਾ ਉੱਥੇ ਰਿਹਾ। ਮੀਟਿੰਗ ਦੌਰਾਨ ਪੀ ਐੱਮ ਮੋਦੀ ਨੇ ਡੀਪੋਰਟ ਹੋਏ ਜਾਂ ਹੋ ਰਹੇ ਦਾ ਮੁੱਦਾ ਤਾਂ ਕੀ ਉਠਾਉਣਾ ਸੀ, ਸਗੋਂ ਉਸ ਨੇ ਗੈਰ -ਕਾਨੂੰਨੀ ਭਾਰਤੀਆਂ ਨੂੰ ਵਾਪਸ ਭੇਜਣ ਦੇ ਮਾਮਲੇ ਵਿੱਚ ਅਮਰੀਕਾ ਸਰਕਾਰ ਦੀ ਮਦਦ ਕਰਨ ਦਾ ਭਰੋਸਾ ਮਿਸਟਰ ਟਰੰਪ ਨੂੰ ਦਿੱਤਾ। ਐਨਾ ਕੁ ਫਰਕ ਜ਼ਰੂਰ ਪਿਆ ਕਿ ਭਾਰਤ ਨੂੰ ਸਿੱਧੇ ਡੀਪੋਰਟ ਕਰਨ ਦੀ ਥਾਂ ਉਨ੍ਹਾਂ ਨੂੰ ਨਾਲ ਲਗਦੇ ਪਨਾਮਾ, ਕੋਲੰਬੀਆ ਆਦਿ ਨਿੱਕੇ-ਨਿੱਕੇ ਦੇਸ਼ਾਂ ਅੰਦਰ ਭੇਜਿਆ ਜਾ ਰਿਹਾ ਹੈ, ਜਿੱਥੇ ਉਹਨਾਂ ਨੂੰ ਅਮਰੀਕਾ ਦੇ ਖਰਚੇ ਉੱਤੇ ਡਿਟੈਂਸ਼ਨ ਕੈਂਪਾਂ ਵਿੱਚ ਰੱਖਿਆ ਜਾ ਰਿਹਾ ਹੈ।ਕੁਝ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜਿਵੇਂ ਨਵਾਂ ਆਇਆ ਥਾਣੇਦਾਰ ਕੁਝ ਦਿਨ ਲੋਕਾਂ ਨਾਲ ਸਖ਼ਤ ਲਹਿਜੇ ਵਿੱਚ ਪੇਸ਼ ਆਉਂਦਾ ਹੈ, ਉਸੇ ਤਰਜ਼ 'ਤੇ ਰਾਸ਼ਟਰਪਤੀ ਟਰੰਪ ਦਬਕੇ ਮਾਰ ਰਿਹਾ ਹੈ, ਤਾਂ ਕਿ ਭਾਰਤ ਅਤੇ ਹੋਰ ਦੇਸ਼ਾਂ ਨਾਲ ਸਬੰਧਾਂ ਨੂੰ ਨਵੇਂ ਸਿਰਿਓਂ ਸਥਾਪਤ ਕੀਤਾ ਜਾ ਸਕੇ । ਉਹਨਾਂ ਦਾ ਤਰਕ ਹੈ ਕਿ ਸਸਤੀ ਲੇਬਰ ਬਿਨਾ ਅਮਰੀਕਾ ਦਾ ਨਹੀ ਸਰ ਸਕਦਾ । ਸਸਤੀ ਲੇਬਰ ਪ੍ਰਵਾਸੀਆਂ ਤੋਂ ਬਿਨਾਂ ਮਿਲ ਨਹੀ ਸਕਦੀ, ਜੋ ਅਮਰੀਕਾ ਦੀ ਮਜ਼ਬੂਤ ਆਰਥਿਕਤਾ ਦਾ ਇੱਕ ਤਰਾਂ ਨਾਲ ਆਧਾਰ ਹੈ । ਟਰੰਪ ਨੇ ਭਾਰਤ ਦੀਆਂ ਚਾਰ ਵੱਡੀਆਂ ਕੰਪਨੀਆਂ 'ਤੇ ਰੋਕ ਲਗਾ ਦਿੱਤੀ ਹੈ, ਜੋ ਈਰਾਨ ਨਾਲ ਵਿਉਪਾਰ ਕਰ ਰਹੀਆਂ ਸਨ । ਅਜਿਹਾ ਕਰਕੇ ਉਸ ਨੇ ਭਾਰਤ ਨੂੰ ਖ਼ਬਰਦਾਰ ਕੀਤਾ ਹੈ ਕਿ ਉਹ ਇਜ਼ਰਾਈਲ ਖਿਲਾਫ ਹਮਾਸ ਅਤੇ ਫਲਸਤੀਨ ਦੇ ਹਮਾਇਤੀ ਦੇਸ਼ ਈਰਾਨ ਨਾਲ ਦੂਰੀ ਬਣਾ ਕੇ ਰੱਖੇ, ਨਹੀ ਤਾਂ ਹੋਰ ਕਾਰਵਾਈ ਵੀ ਕੀਤੀ ਜਾ ਸਕਦੀ ਹੈ । ਟਰੰਪ ਨੇ ਭਾਰਤੀਆਂ ਨੂੰ ਵੀਜ਼ਾ ਜਾਰੀ ਕਰਨ ਦੇ ਸੰਬੰਧ ਵਿੱਚ 'ਗੋਲਡਨ ਕਾਰਡ' ਜਿਸ ਨੂੰ ਟਰੰਪ ਕਾਰਡ ਵੀ ਕਿਹਾ ਜਾ ਸਕਦਾ ਹੈ, ਜਾਰੀ ਕਰਨ ਦਾ ਫੈਸਲਾ ਕੀਤਾ ਹੈ । ਇਸ ਦੀ ਕੀਮਤ 5 ਮਿਲੀਅਨ ਡਾਲਰ ਜਾਂ 43.57 ਕਰੋੜ ਰੁਪਏ ਰੱਖੀ ਗਈ ਹੈ ।ਇਹ ਕਾਰਡ ਖਰੀਦ ਕੇ ਕੋਈ ਵੀ ਮਾਲਦਾਰ ਵਿਅਕਤੀ ਅਮਰੀਕਾ ਦਾ ਨਾਗਰਿਕ ਬਣ ਸਕੇਗਾ ।ਉਸ ਨੂੰ ਕਿਸੇ ਤਰਾਂ ਦੇ ਵੀਜ਼ੇ ਦੀ ਲੋੜ ਨਹੀਂ ਪਵੇਗੀ । ਇਸ ਫੈਸਲੇ ਨਾਲ ਪਰਵਾਸੀਆਂ ਬਾਰੇ ਟਰੰਪ ਨੀਤੀ ਸਾਹਮਣੇ ਆ ਗਈ ਹੈ ਕਿ ਕਿਸ ਤਰ੍ਹਾਂ ਅਰਬਪਤੀਆਂ ਦਾ ਅਮਰੀਕਾ ਵੱਲੋਂ ਲਾਲ ਦਰੀ ਵਿਛਾ ਕੇ ਸਵਾਗਤ ਕੀਤਾ ਜਾਵੇਗਾ ਅਤੇ ਰੁਜ਼ਗਾਰ ਦੀ ਭਾਲ ਵਿਚ ਗਏ ਸਧਾਰਨ ਲੋਕਾਂ ਨੂੰ ਜ਼ਲੀਲ ਕੀਤਾ ਜਾਵੇਗਾ । ਗੋਲਡਨ ਕਾਰਡ ਦਾ ਮਕਸਦ ਭਾਰਤ ਵਿਚੋਂ ਵੱਡੀ ਪੱਧਰ 'ਤੇ ਸਰਮਾਇਆ ਕੱਢ ਕੇ ਅਮਰੀਕਾ ਵਿਚ ਟਰਾਂਸਫਰ ਕਰਨਾ ਹੈ। ਤੀਜਾ ਵੱਡਾ ਫ਼ੈਸਲਾ ਅਪਰੈਲ 2025 ਤੋਂ ਭਾਰਤ ਵੱਲੋਂ ਐਕਸਪੋਰਟ ਕੀਤੀਆਂ ਜਾਂਦੀਆਂ ਵਸਤਾਂ ਉੱਤੇ ਭਾਰੀ-ਭਰਕਮ ਟੈਕਸ ਲਗਾਉਣ ਦਾ ਲਿਆ ਗਿਆ ਹੈ । ਇਹਨਾਂ ਵਸਤਾਂ ਵਿੱਚ ਧਾਤਾਂ, ਕੈਮੀਕਲਜ਼, ਦਵਾਈਆਂ, ਜਿਊਲਰੀ, ਜੈਮਜ਼ ਆਦਿ ਸ਼ਾਮਲ ਹਨ। ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਅਨੁਸਾਰ ਸੰਭਾਵੀ ਟੈਕਸਾਂ ਦੇ ਲੱਗਣ ਨਾਲ ਭਾਰਤ ਨੂੰ 6 ਲੱਖ ਕਰੋੜ ਰੁਪਏ ਦਾ ਨੁਕਸਾਨ ਝੱਲਣਾ ਪੈ ਸਕਦਾ ਹੈ । ਟੈਕਸ ਲਾਉਣ ਵਾਰੇ ਦਿੱਤੇ ਬਿਆਨ ਨੂੰ ਹਵਾ-ਹਵਾਈ ਨਹੀਂ ਸਮਝਣਾ ਚਾਹੀਦਾ, ਕਿਉਂਕਿ ਟਰੰਪ ਨੇ ਕੈਨੇਡਾ ਅਤੇ ਮੈਕਸੀਕੋ 'ਤੇ ਟੈਕਸ ਲਾਗੂ ਕਰਕੇ ਆਪਣੇ ਫੈਸਲਿਆਂ ਨੂੰ ਅਮਲੀ ਰੂਪ ਦੇਣਾ ਸ਼ੁਰੂ ਕਰ ਦਿੱਤਾ ਹੈ ।ਇਹ ਫੈਸਲੇ ਭਾਰਤੀ ਆਰਥਿਕਤਾ ਦਾ ਲੱਕ ਤੋੜਨ ਵਾਲੇ ਸਾਬਤ ਹੋ ਸਕਦੇ ਹਨ। ਇਹਨਾਂ ਫੈਸਲਿਆਂ ਨੇ ਸਾਬਤ ਕਰ ਦਿੱਤਾ ਹੈ ਕਿ ਟਰੰਪ ਵਾਸਤੇ ਵਪਾਰਕ ਹਿੱਤ ਸਭ ਤੋਂ ਉੱਪਰ ਹਨ । ਇਸ ਤੋਂ ਇਲਾਵਾ ਟਰੰਪ ਨੇ ਯੂਕਰੇਨ ਦੇ ਰਾਸ਼ਟਰਪਤੀ ਜੈਲਿੰਸਕੀ ਨੂੰ ਜੋਕਰ ਅਤੇ ਤਾਨਾਸ਼ਾਹ ਆਖ ਕੇ ਪੂਰੀ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਹੈ । ਉਹ ਰੂਸ ਨਾਲ ਸੰਬੰਧ ਸੁਧਾਰ ਕੇ ਰੂਸ ਨੂੰ ਚੀਨ ਤੋਂ ਵੱਖ ਕਰਨ ਦੀ ਤਾਕ ਵਿੱਚ ਹੈ । ਉਹ ਬਰਿਕਸ ਨੂੰ ਆਪਣੇ ਲਈ ਵੱਡੀ ਰੁਕਾਵਟ ਸਮਝ ਰਿਹਾ ਹੈ । ਇਸ ਵਿੱਚ ਉਹ ਕਿੰਨਾ ਕੁ ਸਫਲ ਹੁੰਦਾ ਹੈ, ਕੁਝ ਨਹੀ ਕਿਹਾ ਜਾ ਸਕਦਾ ।

ਟਰੰਪ ਜਿਸ ਤਰਾਂ ਆਪਣੀ ਵਿਦੇਸ਼ ਨੀਤੀ ਵਿਚ ਤਬਦੀਲੀਆਂ ਕਰਨ ਦੇ ਸੰਕੇਤ ਦੇ ਰਿਹਾ ਹੈ, ਉਸ ਨੇ ਪੂਰੇ ਵਿਸ਼ਵ ਵਿਚ ਭੰਬਲਭੂਸੇ ਵਾਲੀ ਸਥਿਤੀ ਪੈਦਾ ਕਰ ਦਿੱਤੀ ਹੈ ।ਟਰੰਪ ਵੱਲੋਂ ਮੋਦੀ ਸਰਕਾਰ ਅਤੇ ਭਾਰਤ ਦੇਸ਼ ਖਿਲਾਫ ਕੀਤੀ ਜਾ ਰਹੀ ਬਿਆਨਬਾਜ਼ੀ ਕਾਰਨ ਨਿਵੇਸ਼ਕਾਂ ਵਿੱਚ ਖਲਬਲੀ ਮਚੀ ਹੋਈ ਹੈ । ਜਨਵਰੀ ਮਹੀਨੇ ਤੋਂ ਹੁਣ ਤੱਕ ਇੱਕ ਲੱਖ ਕਰੋੜ ਰੁਪਏ ਨਿਵੇਸ਼ਕਾਂ ਨੇ ਭਾਰਤੀ ਸਟਾਕ ਐਕਸਚੇਂਜ ਵਿਚੋਂ ਕੱਢ ਕੇ ਚੀਨ ਅਤੇ ਅਮਰੀਕਾ ਦੀਆਂ ਸਟਾਕ ਐਕਸਚੇਂਜਾਂ ਵਿੱਚ ਲਗਾ ਦਿੱਤੇ ਹਨ । ਭਾਰਤ ਦੇ ਕਮਜ਼ੋਰ ਹੋਣ ਦਾ ਅਰਥ ਹੈ ਚੀਨ ਦਾ ਤਾਕਤਵਰ ਹੋਣਾ ।ਕੀ ਅਮਰੀਕਾ ਇਸ ਨੂੰ ਬਰਦਾਸ਼ਤ ਕਰ ਸਕਦਾ ਹੈ ? ਇਸ ਦਾ ਜਵਾਬ ਹੈ ਨਹੀਂ । ਇਸ ਦੇ ਬਾਵਜੂਦ ਇਹ ਸਭ ਕੁਝ ਹੋ ਰਿਹਾ ਹੈ । ਅਗਰ ਅਮਰੀਕਾ ਭਾਰਤ ਨੂੰ ਅਲੱਗ ਥਲੱਗ ਕਰਨ ਤੋਂ ਨਹੀ ਟਲਦਾ ਤਾਂ ਭਾਰਤ ਨੂੰ ਚੀਨ ਨਾਲ ਨੇੜਤਾ ਵਧਾਉਣੀ ਪਵੇਗੀ, ਜੋ ਕਿ ਅਗਰ ਅਸੰਭਵ ਨਹੀ ਤਾਂ ਮੁਸ਼ਕਲ ਜ਼ਰੂਰ ਹੈ । ਅਮਰੀਕਾ ਭਾਰਤ ਦੀ ਇਸ ਮਜਬੂਰੀ ਨੂੰ ਭਲੀਭਾਂਤ ਜਾਣਦਾ ਹੈ ।ਯੂਰਪ ਦੇ ਮੁਲਕ ਰਾਸ਼ਟਰਪਤੀ ਟਰੰਪ ਦੇ ਵਤੀਰੇ ਤੋਂ ਭਰੇ ਪੀਤੇ ਬੈਠੇ ਹਨ ।

ਵਿਸ਼ਵ ਪੱਧਰ 'ਤੇ ਇਕ ਹੋਰ ਖਬਰ ਸੁਰਖੀਆਂ ਬਟੋਰ ਰਹੀ ਹੈ ਕਿ ਅਮਰੀਕਾ ਇਜ਼ਰਾਈਲ ਨਾਲ ਮਿਲ ਕੇ ਗਾਜ਼ਾ ਪੱਟੀ ਦੇ ਇਲਾਕੇ ਨੂੰ ਦੁਬਈ ਵਾਂਗ ਇੱਕ ਵਪਾਰਕ ਕੇਂਦਰ ਵਲੋਂ ਵਿਕਸਤ ਕਰਨ ਦੇ ਮਨਸੂਬੇ ਘੜ ਰਿਹਾ ਹੈ । ਇਸ ਮਕਸਦ ਦੀ ਪੂਰਤੀ ਲਈ ਫਲਸਤੀਨੀਆਂ ਨੂੰ ਉੱਥੋਂ ਕੱਢ ਕੇ ਜਾਰਡਨ, ਲਿਬਨਾਨ ਆਦਿ ਦੇਸ਼ਾਂ ਵਿੱਚ ਵਸਾਉਣ ਦੀ ਜੋਖਮ ਭਰੀ ਪਲਾਨ ਵੀ ਸ਼ਾਮਲ ਦੱਸੀ ਜਾਂਦੀ ਹੈ । ਇਸ ਦਾ ਅੰਦਾਜ਼ਾ ਟਰੰਪ ਵਲੋਂ ਕਿੰਗ ਜਾਰਡਨ ਦਾ ਵਿਸ਼ੇਸ਼ ਸਵਾਗਤ ਕਰਨ ਤੋਂ ਵੀ ਲਗਦਾ ਹੈ । ਦੇਸ਼ ਵਾਸੀਆਂ ਨੂੰ ਹੈਰਾਨੀ ਹੋਈ, ਜਦੋਂ ਟਰੰਪ ਨੇ ਸਾਡੇ ਪੀ ਐੱਮ ਦਾ ਹੋਰ ਮੁਖੀਆਂ ਵਾਂਗ ਸਵਾਗਤ ਨਹੀ ਕੀਤਾ ।ਚੋਣਾਂ ਜਿੱਤਣ ਲਈ ਅਮਰੀਕੀਆਂ ਨੂੰ ਟੈਕਸ ਮੁਕਤ ਕਰਨ ਵਰਗੇ ਜੋ ਵਾਅਦੇ ਟਰੰਪ ਨੇ ਕੀਤੇ ਹੋਏ ਹਨ, ਉਨ੍ਹਾਂ ਨੂੰ ਪੂਰੇ ਕਰਨਾ ਸੌਖਾ ਨਹੀਂ। ਅੰਤਰਰਾਸ਼ਟਰੀ ਕੂਟਨੀਤੀ ਦੇ ਵਿਸ਼ਲੇਸ਼ਕਾਂ ਅਨੁਸਾਰ ਸਾਰੀ ਦੁਨੀਆ ਨੂੰ ਇੱਕ ਪਾਸੇ ਕਰਕੇ ਇਕੱਲਾ ਟਰੰਪ ਆਪਣੀਆਂ ਗਿਣਤੀਆਂ-ਮਿਣਤੀਆਂ ਵਿੱਚ ਉਲਝ ਕੇ ਰਹਿ ਜਾਵੇਗਾ। ਇਸ ਲਈ ਅਜੇ ਦੇਖਣ ਅਤੇ ਉਡੀਕ ਕਰਨ ਦਾ ਸਮਾਂ ਹੈ ।

# ਸੰਪਰਕ : +61482069176, ਮੈਲਬੌਰਨ (ਅਸਟਰੇਲੀਆ)

# ਸਿਹਤ ਤੇ ਸਿੱਖਿਆ 'ਚ ਖ਼ਤਮ ਹੋ ਰਹੀ ਸੰਵੇਦਨਸ਼ੀਲਤਾ



ਡਾ. ਸੰਦੀਪ ਘੰਡ

ਸਮਾਜ ਨੂੰ ਸਿਹਤਮੰਦ ਅਤੇ ਸਮੇਂ ਦਾ ਹਾਣੀ ਬਣਾਉਣ ਹਿੱਤ ਦੋ ਵਿਸ਼ੇ ਖਾਸ ਧਿਆਨ ਮੰਗਦੇ ਹਨ ।ਇਸ ਸਬੰਧੀ ਜਦੋਂ ਅਸੀਂ ਅੱਜ ਤੋਂ ਕਰੀਬ 40 ਸਾਲ ਪਹਿਲਾਂ ਵਾਲੀਆਂ ਸਿਹਤ ਸੇਵਾਵਾਂ ਅਤੇ ਸਿੱਖਿਆ ਦਾ ਤੁਲਨਾਤਮਿਕ ਅਧਿਐਨ ਕਰਦੇ ਹਾਂ ਕਿ ਅਸੀ ਮਨੁੱਖ ਦੀਆਂ ਇਹ ਦੋਵੇਂ ਜ਼ਰੂਰਤਾਂ ਵਿੱਚ ਅੱਗੇ ਜਾਣ ਦੀ ਬਜਾਏ ਬਹੁਤ ਪਿੱਛੇ ਰਹਿ ਗਏ ਹਾਂ ।ਹਾਲਾਂਕਿ ਮੈਨੂੰ ਇਲਮ ਹੈ ਕਿ ਬਹੁਤੇ ਲੋਕ ਮੇਰੇ ਨਾਲ ਸਹਿਮਤ ਨਹੀ ਹੋਣਗੇ, ਕਿਉਕਿ ਅੱਜ ਤੋਂ 40 ਸਾਲ ਪਹਿਲਾਂ ਦੀਆਂ ਸਿਹਤ ਸੇਵਾਵਾਂ ਵਿੱਚ ਅਸੀ ਸੰਗਠਾਤਮਿਕ ਤੌਰ 'ਤੇ ਬਹੁਤ ਪਿੱਛੇ ਸੀ। ਇਸੇ ਤਰਾਂ ਸਾਡਾ ਸਿੱਖਿਆ ਦਾ ਪੱਧਰ ਸਕੂਲ-ਕਾਲਜਾਂ ਦੀ ਗਿਣਤੀ ਉਨ੍ਹਾਂ ਦਾ ਢਾਂਚਾਂ ਨਾਂਹ ਦੇ ਬਰਾਬਰ ਸੀ।ਫੇਰ ਤੁਸੀਂ ਸਵਾਲ ਕਰ ਸਕਦੇ ਹੋ ਕਿ ਅਸੀ ਪਿੱਛੇ ਕਿਵੇਂ ਰਹਿ ਗਏ ਹਾਂ। ਅਸਲੀਅਤ ਇਹ ਹੈ ਕਿ ਇਸ ਸਮੇਂ ਅਤੇ ਬਹੁਤਾਤ ਲੋਕਾਂ ਦੀ ਸੋਚ ਦਾ ਘੇਰਾ ਜਾਂ ਸਬੰਧ ਵੱਡੀਆਂ-ਵੱਡੀਆਂ ਇਮਾਰਤਾਂ, ਵੱਡੀਆਂ-ਵੱਡੀਆਂ ਮਸ਼ੀਨਾਂ, ਸਕੂਲਾਂ ਵਿੱਚ ਲੱਗੇ ਏਸੀ ਫਰਨੀਚਰ ਨਾਲ ਹੈ ।

ਅਸਲੀਅਤ ਇਹ ਹੈ ਕਿ ਇਹ ਦੋਨੇਂ ਸੇਵਾਵਾਂ ਦਾ ਸੰਬੰਧ ਢਾਂਚੇ ਨਾਲੋਂ ਉਨ੍ਹਾਂ ਲੋਕਾਂ ਨਾਲ ਜ਼ਿਆਦਾ ਹੈ, ਜਿਹਨਾਂ ਦੁਬਾਰਾ ਇਹ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ, ਜਿਵੇ ਕਿਸੇ ਸਰਕਾਰੀ ਜਾਂ ਪ੍ਰਾਈਵੇਟ ਹਸਪਤਾਲ ਦੀ ਗੁਣਵੱਤਾ ਇਸ ਗੱਲ 'ਤੇ ਨਿਰਭਰ ਨਹੀ ਕਰਦੀ ਕਿ ਹਸਪਤਾਲ ਦੇ ਕਮਰਿਆਂ ਵਿੱਚ ਏਸੀ, ਵੱਡੀਆਂ ਮਸ਼ੀਨਾਂ ਹੋਣ, ਪਰ ਉਸ ਵਿੱਚ ਸੇਵਾਵਾਂ ਦੇਣ ਵਾਲੇ ਡਾਕਟਰ ਨਾ ਹੋਣ ਤਾਂ ਕੀ ਅਸੀ ਇਸ ਨੂੰ ਚੰਗਾ ਕਹਿ ਸਕਦੇ ਹਾਂ, ਬਿਲਕੁੱਲ ਨਹੀ ।ਇਸ ਤੋਂ ਵੀ ਅੱਗੇ ਜੇਕਰ ਡਾਕਟਰ ਦੀਆਂ ਭਾਵਨਾਵਾਂ ਇੱਕ ਸੇਵਕ ਵਾਲੀਆਂ ਨਾ ਹੋਣਗੀਆਂ ਤਾਂ ਫੇਰ ਡਾਕਟਰ ਦੇ ਹੋਣ ਜਾਂ ਨਾ ਹੋਣ ਦਾ ਕੋਈ ਲਾਭ ਨਹੀਂ ।ਇਸ ਦੀ ਇੱਕ ਛੋਟੀ ਜਿਹੀ ਉਦਾਰਹਣ ਉਸ ਸਮੇਂ ਦੇ ਡਾਕਟਰ ਅਤੇ ਹੁਣ ਵਾਲੇ ਸਮੇਂ ਦੇ ਡਾਕਟਰ ਵੱਲੋਂ ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸੇਵਾਵਾਂ ਨਾਲ ਤੁਲਨਾਤਿਮਕ ਅਧਿਐਨ ਕਰਕੇ ਦੇਖ ਸਕਦੇ ਹਾਂ, ਕਿਉਂਕਿ ਮੈਨੂੰ ਇਹਨਾਂ ਦੋਵਾਂ ਸਮਿਆਂ ਵਿੱਚ ਡਾਕਟਰ ਅਤੇ ਅਧਿਆਪਕ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਅਤੇ ਲੋਕਾਂ ਦੇ ਮਨਾਂ ਵਿੱਚ ਇਹਨਾਂ ਦੋਵੇਂ ਲੋਕਾਂ ਪ੍ਰਤੀ ਸਤਿਕਾਰ ਅਤੇ ਸੌਖ ਨੂੰ ਦੇਖ ਕੇ ਅਨੁਭਵ ਹੋ ਜਾਂਦਾ ਕਿ ਅਸੀ ਵੱਡੀਆਂ-ਵੱਡੀਆਂ ਇਮਾਰਤਾਂ ਵਿੱਚ ਵੱਡੇ ਵੱਡੇ ਸਫੈਦ ਪੱਥਰ ਲਾ ਕੇ ਉਸ ਵਿੱਚ ਕੰਮ ਕਰਨ ਵਾਲਿਆਂ ਲੋਕਾਂ ਦੇ ਦਿਲ ਵੀ ਪੱਥਰ ਦੇ ਅਤੇ ਪੱਥਰ ਸਫੈਦ ਹੋਣ ਕਾਰਨ ਉਨ੍ਹਾਂ ਦੀ ਸੋਚ ਵੀ ਸਫੈਦ ਹੋ ਗਈ ਹੈ।ਮੇਰੇ ਸ਼ਹਿਰ ਦੇ ਉਸ ਸਮੇਂ ਦੇ ਮਸ਼ਹੂਰ ਡਾਕਟਰ ਮੇਰੀਆਂ ਅੱਖਾਂ ਅੱਗੇ ਆ ਗਿਆ।ਸਾਡੇ ਸ਼ਹਿਰ ਇੱਕ ਡਾਕਟਰ ਹੁੰਦਾ ਸੀ, ਜਿਥੇ ਉਸ ਕੋਲ ਕੰਮ ਬਹੁਤ ਜ਼ਿਆਦਾ ਸੀ, ਉਥੇ ਉਸ ਦੀ ਜਾਣ- ਪਹਿਚਾਣ ਵੀ ਬਹੁਤ ਜ਼ਿਆਦਾ ।ਉਹਨਾਂ ਦਿਨਾਂ ਵਿੱਚ ਡਾਕਟਰਾਂ ਦੇ ਕਲੀਨਕਾਂ ਦੀ ਕੋਈ ਬਹੁਤੀ ਸਜਾਵਟ ਨਹੀ ਕੀਤੀ ਹੁੰਦੀ ਸੀ। ਕੁਰਸੀ ਅੱਗੇ ਮੇਜ਼ ਅਤੇ ਕੁਰਸੀ ਕੋਲ ਇੱਕ ਛੋਟਾ ਜਿਹਾ ਘੁੰਮਣ ਵਾਲਾ ਸਟੂਲ ਹੁੰਦਾ ਨਾਲੇ ਉਹ ਮਰੀਜ਼ ਦੇਖਦਾ ਰਹਿੰਦਾ ਨਾਲੇ ਕੋਈ ਬਾਹਰ ਜਾਂਦਾ ਡਾਕਟਰ ਨੂੰ ਬੁਲਾ ਕੇ ਲੰਘਦਾ ।ਕਈ ਵਾਰ ਲੋਕ ਸੋਚਦੇ ਕਿ ਇਹ ਏਨਾ ਵੱਡਾ ਡਾਕਟਰ ਸਾਰਿਆਂ ਦੇ ਨਾਂਅ ਵੀ ਕਿਵੇਂ ਯਾਦ ਰੱਖਦਾ, ਪਰ ਉਹ ਲੋਕਾਂ ਨਾਲ ਜੁੜਿਆ ਸੀ ।ਕਈ ਵਾਰ ਜਿਸ ਮਰੀਜ਼ ਦੀ ਨਬਜ਼ ਉਸ ਦੇ ਹੱਥ ਅਤੇ ਉਸ ਦਾ ਸਟੈਥੋਸਕੋਪ ਛਾਤੀ 'ਤੇ ਲਾਇਆ ਹੁੰਦਾਂ ਤਾਂ ਮਰੀਜ਼ ਸੁਭਾਵਿਕ ਕਹਿ ਦਿੰਦਾ ਡਾਕਟਰ ਸਾਹਿਬ ਤੁਸੀਂ ਧਿਆਨ ਨਾਲ ਦੇਖੋ, ਪਰ ਦਵਾਈ ਦੀ ਪਹਿਲੀ ਖੁਰਾਕ ਨਾਲ ਮਰੀਜ਼ ਦਾ ਠੀਕ ਹੋ ਜਾਣਾ।ਸ਼ਾਇਦ ਉਸ ਸਮੇਂ ਉਹ 10 ਰੁਪਏ ਲੈਂਦਾ ਵਿੱਚ ਹੀ ਦਵਾਈ ਵੀ ਦੇ ਦਿੰਦਾ ।ਇੱਕ ਗੱਲ ਉਸ ਦੀ ਹੋਰ ਅਜੀਬ ਸੀ ਵੀ, ਟੀਕਾ ਉਹ ਆਪ ਲਾਉਂਦਾ, ਜੇ ਤਾਂ ਮਰੀਜ਼ ਮੇਜ 'ਤੇ ਪੈ ਗਿਆ ਫੇਰ ਤਾਂ ਲੰਮੇ ਪਏ ਦੇ, ਜੇਕਰ ਮਰੀਜ਼ ਕੁਝ ਸਮਾਂ ਪੈਣ ਲਈ ਲਾ ਦਿੰਦਾ ਤਾਂ ਉਸ ਦੇ ਖੜ੍ਹੇ-ਖੜ੍ਹੇ ਹੀ ਟੀਕਾ ਲਾ ਦਿੰਦਾ ਸੀ।ਬਹੁਤ ਮਖੌਲੀਆ ਸੀ ਜਾਂ ਕਹਿ ਸਕਦੇ ਹਾਂ ਕਿ ਹੁਣ ਵਾਲੇ ਡਾਕਟਰਾਂ ਵਾਂਗ ਆਪ ਮਰੀਜ਼ ਨਹੀਂ ਸੀ।

ਜਿਥੇ ਪਹਿਲਾਂ ਡਾਕਟਰ ਪੰਜ-ਸੱਤ ਮਿੰਟ ਤਾਂ ਸਾਰੇ ਟੱਬਰ ਦਾ ਹਾਲ ਹੀ ਪੁੱਛਦਾ ਰਹਿੰਦਾ, ਕਈ ਵਾਰ ਤਾਂ ਮਾਸੀਆਂ, ਚਾਚੀਆ ਬਾਰੇ ਵੀ। ਜੇਕਰ ਕਿਸੇ ਮਰੀਜ਼ ਦੀ ਮਾਸੀ ਸੋਹਣੀ ਹੁੰਦੀ ਉਸ ਨੂੰ ਤਾਂ ਉਹ ਹਰ ਵਾਰ ਕਹਿੰਦਾ-ਕਿਵੇਂ ਮੁੰਡਿਆ ਤੇਰੀ ਮਾਸੀ ਨੇ ਗੇੜਾ ਨਹੀ ਮਾਰਿਆ।ਹੋ ਸਕਦਾ ਤੁਸੀ ਸੋਚੋ ਕਿ ਆਰ ਐੱਮ ਪੀ ਡਾਕਟਰ ਹੋਣਾ, ਨਹੀ ਉਹ ਐੱਮ.ਡੀ ਮੈਡੀਸਨ। ਉਸ ਸਮੇਂ 8-9 ਸਾਲ ਸਰਕਾਰੀ ਹਸਪਤਾਲ ਵਿੱਚ ਵੀ ਰਿਹਾ।

ਇਸੇ ਤਰਾਂ ਮੈਂ ਜਿਹੜੇ ਸਕੂਲ ਵਿੱਚ ਪੜ੍ਹਿਆ, ਉਹ ਸਕੂਲ ਸਰਕਾਰੀ ਸੀ।ਸ਼ਾਇਦ ਮੈਂ ਸੱਤਵੀ ਕਲਾਸ ਵਿੱਚ ਸੀ।ਸਕੂਲ ਦਾ ਕੋਈ ਵੀ ਅਧਿਆਪਕ ਜਦੋਂ ਕਲਾਸ ਵਿੱਚ ਆਉਂਦਾ ਆਉਣ ਸਾਰ ਇੱਕ ਜਾਣੇ ਨੂੰ ਉਹ ਤੂਤ ਦੀ ਛੱਟੀ ਲੈਣ ਭੇਜ ਦਿੰਦਾ । ਚਲੋ ਅੰਗਰੇਜ਼ੀ ਵਾਲਾ ਕੁੱਟ ਦੇਵੇ, ਹਿਸਾਬ ਵਾਲਾ, ਪਰ ਸਾਨੂੰ ਤਾਂ ਡਰਾਇੰਗ ਅਤੇ ਹਿੰਦੀ ਵਾਲਾ ਹੀ ਕੁੱਟ ਜਾਂਦਾ ਸੀ।ਸਾਨੂੰ ਉਦੋਂ ਇੰਝ ਲੱਗਦਾ, ਜਿਵੇਂ ਤੂਤ ਦੇ ਦਰੱਖਤ ਸਾਨੂੰ ਕੁੱਟਣ ਲਈ ਲਾਏ ਹੋਣ।ਹਿੰਦੀ ਵਾਲਾ ਸ਼ਾਸਤਰੀ ਜੀ ਹਮੇਸ਼ਾ ਸਾਨੂੰ ਡਰਾਉਣ ਲਈ ਸ਼ਬਦ ਵਰਤਦਾ ਸੀ ਕਿ ਅੱਜ ਤੈਨੂੰ ਹਰੀ ਪੱਤੀ ਵਾਲੀ ਚਾਹ ਪਿਆਉਣੀ। ਇਹ ਤਕੀਆ ਕਲਾਮ ਉਸ ਦਾ ਮਸ਼ਹੂਰ ਸੀ।ਹੁਣ ਜਦੋਂ ਹਰੀ ਪੱਤੀ ਚਾਹ ਬਾਰੇ ਪੱਤਾ ਚੱਲਿਆ ਤਾਂ ਬਹੁਤ ਮਨ ਕਰਦਾ ਕਿ ਸ਼ਾਸਤਰੀ ਜੀ ਦੀ ਹਰੀ ਪੱਤੀ ਵਾਲੀ ਚਾਹ ਪੀਣ ਦਾ, ਪਰ ਸ਼ਾਸਤਰੀ ਜੀ ਚਾਹ ਵੀ ਨਾਲ ਹੀ ਲੈ ਗਏ ।ਸਾਨੂੰ ਅੱਠਵੀ ਜਾਂ ਨੌਵੀਂ ਤੱਕ ਤੱਪੜਾਂ 'ਤੇ ਹੀ ਬੈਠਣਾ ਪਿਆ। ਉਸ ਸਮੇਂ ਦੇ ਅਧਿਆਪਕ ਦੀ ਸਮਰਪਣ ਭਾਵਨਾ ਅਤੇ ਵਿਦਿਆਰਥੀ ਦੀ ਅਧਿਆਪਕ ਪ੍ਰਤੀ ਸਤਿਕਾਰ ਭਾਵਨਾ ਅੱਜ ਉਸ ਤੋਂ ਬਾਅਦ ਦੇਖਣ ਨੂੰ ਨਹੀ ਮਿਲੀ, ਪਰ ਅੱਜ ਜਿੰਨੀ ਫੀਸ ਨਾਲ ਬੱਚਾ ਇੱਕ ਸਾਲ ਦੀ ਪੜ੍ਹਾਈ ਕਰਦਾ, ਮੇਰਾ ਖਿਆਲ ਅਸੀਂ ਆਪਣੀ ਸਾਰੀ ਜ਼ਿੰਦਗੀ ਦੀ ਪੜ੍ਹਾਈ ਲਈ ਨਹੀਂ ਦਿੱਤਾ ਹੋਣਾ।

ਦੂਜੇ ਬੰਨੇ ਜਦੋਂ ਅਸੀ ਅੱਜ ਦੇਖਦੇ ਹਾਂ ਤਾਂ ਸਰਕਾਰੀ ਹਸਪਤਾਲ ਵਿੱਚ ਕੰਮ ਕਰਦੇ ਡਾਕਟਰ ਸਰਕਾਰੀ ਤਨਖਾਹ ਦੋ ਲੱਖ ਲੈਣ ਦੇ ਬਾਵਜੂਦ ਮਰੀਜ਼ ਨੂੰ ਘਰੇ ਪ੍ਰਾਈਵੇਟ ਦੇਖਦੇ ।ਬੇਸ਼ੱਕ ਅਜੇ ਵੀ ਬਹੁਤ ਡਾਕਟਰ ਪੂਰੀ ਸਮਰਪਣ ਭਾਵਨਾ ਨਾਲ ਕੰਮ ਕਰਦੇ, ਪਰ ਬਹੁਤਾਤ ਅਜਿਹੇ ਡਾਕਟਰਾਂ ਦੀ ਹੈ, ਜੋ ਦਵਾਈਆਂ ਦਾ ਕਮਿਸ਼ਨ ਮਰੀਜ਼ ਦੇਖਣ ਦੀ ਫੀਸ 600 ਤੋਂ 800 ਰੁਪਏ।ਇੱਕ ਵਾਰ ਮੈਨੂੰ ਜਲੰਧਰ ਇੱਕ ਸਪਾਈਨ ਮਾਹਰ ਨੂੰ ਦਿਖਾਉਣ ਦਾ ਮੌਕਾ ਮਿਲਿਆ ਤਾਂ ਉਸ ਦੀ ਫੀਸ 600 ਰੁਪਏ ਅਤੇ ਜੇਕਰ ਤੁਸੀ ਤੁਰੰਤ ਦਿਖਾਉਣਾ ਤਾਂ 800 ਰੁਪਏ ।ਮੇਰਾ ਖਿਆਲ ਮਰੀਜ਼ ਨਾਲ ਇੱਕ ਮਿੰਟ ਵੀ ਗੱਲ ਨਹੀ ਕਰਦਾ।ਜਿਵੇਂ ਪਹਿਲਾਂ ਮਰੀਜ਼ਾਂ ਅਤੇ ਡਾਕਟਰਾਂ ਦਾ ਪਰਵਾਰਕ ਰਿਸ਼ਤਾ ਬਣ ਜਾਂਦਾ ਸੀ, ਹੁਣ ਤਾਂ ਡਾਕਟਰ ਨੂੰ ਕਹੋ ਕਿ ਮਰੀਜ਼ ਰਾਤ ਨਹੀ ਰਹਿ ਸਕਦਾ ਪ੍ਰੀਵਾਰਕ ਸਮੱਸਿਆ ਹੈ ਤਾਂ ਅੱਗੋਂ ਡਾਕਟਰ ਦਾ ਜਵਾਬ ਹੁੰਦਾ ਮੈ ਪਰਵਾਰ ਤੋਂ ਕੀ ਲੈਣਾ।ਸਕੂਲਾਂ ਵਿੱਚ ਅਧਿਆਪਕ ਅਤੇ ਵਿਦਿਆਰਥੀ ਦਾ ਰਿਸ਼ਤਾ ਵੀ ਖਤਮ ਹੁੰਦਾ ਜਾ ਰਿਹਾ। ਕਈ ਸਕੂਲਾਂ ਵਿੱਚ ਅਧਿਆਪਕ ਸਾਰੀਆਂ ਮਰਿਆਦਾਂ ਹੀ ਭੁੱਲ ਜਾਂਦੇ ।ਜਦੋਂ ਇੱਕ ਅਧਿਆਪਕ ਆਪਣੀ ਵਿਦਿਆਰਥਣ ਨੂੰ ਪ੍ਰੈਕਟੀਕਲ ਦੇ ਨੰਬਰ ਲਾਉਣ ਲਈ ਅਜਿਹੀ ਘਟੀਆ ਮੰਗ ਰੱਖ ਦਿੰਦੇ ਕੀ ਉਹ ਨਹੀ ਸੋਚਦੇ ਕਿ ਉਸ ਦੀ ਕੁੜੀ ਨੇ ਵੀ ਨੰਬਰ ਲਵਾਉਣ ਲਈ ਇਸ ਤਰਾਂ ਦਾ ਸਮਝੌਤਾ ਕੀਤਾ ਹੋਵੇਗਾ ।

ਸਮਾਜ ਵਿੱਚ ਸਭ ਤੋਂ ਪਵਿੱਤਰ ਅਤੇ ਪਹਿਲ ਦੇ ਅਧਾਰ 'ਤੇ ਸਮਾਜ ਸੇਵਾ ਵਿੱਚ ਡਾਕਟਰ ਦੀਆਂ ਸੇਵਾਵਾਂ ਨੂੰ ਲਿਆ ਜਾਂਦਾ, ਪਰ ਡਾਕਟਰ ਨੂੰ ਸੀਵਰੇਜ ਸਾਫ ਕਰਵਾਉਣਾ ਜਾਂ ਰਾਜਨੀਤੀ ਵਿੱਚ ਆਉਣਾ ਸਮਾਜ ਸੇਵਾ ਲੱਗਦਾ।ਅਧਿਆਪਕ ਨੂੰ ਬੱਚਿਆਂ ਨੂੰ ਪੜ੍ਹਾਉਣ ਦੀ ਥਾਂ ਉਨ੍ਹਾਂ ਨੂੰ ਟਿਊਸ਼ਨ ਪੜ੍ਹਾਉਣਾ ਸਮਾਜ ਸੇਵਾ ਲੱਗਦਾ।ਰਾਜਨੀਤਕ ਲੋਕਾਂ ਨਾਲ ਫੋਟੋ ਖਿਚਵਾਉਣਾ, ਪਰ ਸਕੂਲ ਜਾਣ ਤੋਂ ਪ੍ਰਹੇਜ਼ ਕਰਨਾ।ਸਕੂਲਾਂ ਨੂੰ ਛੱਡ ਕੇ ਹੋਰ ਪ੍ਰੋਗਰਾਮ ਕਰਵਾਉਣੇ, ਜਿਨ੍ਹਾਂ ਵਿੱਚ ਬੱਚਿਆਂ ਨੂੰ ਪੜ੍ਹਾਉਣਾ ਵੀ ਨਾ ਪਵੇ ਅਤੇ ਤੋਰੀ-ਫੁਲਕਾ ਵੀ ਚਲਦਾ ਰਹੇ।ਹੁਣ ਜਦੋਂ ਮਰੀਜ਼ ਨੂੰ ਦੇਖਣ ਤੋਂ ਪਹਿਲਾਂ ਡਾਕਟਰ ਦਾ ਸਟਾਫ ਪਾਣੀ ਦਾ ਗਲਾਸ ਅਤੇ ਦਵਾਈਆਂ ਦਾ ਗੱਫਾ ਫੜਾ ਰਿਹਾ ਹੁੰਦਾ ਤਾਂ ਮਰੀਜ਼ ਦਾ ਦਿਲ ਡੋਲ ਜਾਂਦਾ, ਪਰ ਅੱਜ ਸਿਹਤ ਸੇਵਾਵਾਂ ਨੂੰ ਨਜ਼ਰ ਲੱਗ ਗਈ, ਜੋ ਪਾਕ ਪਵਿੱਤਰਤਾ ਮਰੀਜ਼ ਅਤੇ ਡਾਕਟਰ ਜਿਸ ਦੀ ਤੁਲਨਾ ਰੱਬ ਨਾਲ ਕੀਤੀ ਜਾਂਦੀ, ਉਹ ਦਿਨੋਂ ਦਿਨ ਖਤਮ ਹੁੰਦਾ ਜਾ ਰਿਹਾ ਹੈ ।ਇਸ ਲਈ ਆਓ ਅਸੀ ਇਕੱਠੇ ਹੋਕੇ ਇਹਨਾਂ ਦੋਵੇਂ ਜ਼ਰੂਰੀ ਸੇਵਾਵਾਂ ਵਿੱਚ ਸੁਧਾਰ ਲਈ ਹਰ ਹੀਲਾ ਵਰਤੀਏ, ਨਹੀਂ ਤਾਂ ਅਸੀ ਇੰਜ ਨਹੀ ਕਹਿ ਸਕਦੇ ਕਿ ਅਸੀ ਸਿਹਤ ਅਤੇ ਸਿੱਖਿਆ ਵਿੱਚ ਬਹੁਤ ਤਰੱਕੀ ਕੀਤੀ, ਸਾਨੂੰ ਮੰਨਣਾ ਪਵੇਗਾ ਕਿ ਸੋਚ ਕਾਰਨ ਅਜੇ ਅਸੀਂ ਬਹੁਤ ਪਿੱਛੇ ਹਾਂ।

# ਸੰਪਰਕ : 98151-39576

3-MAR-PAGE-5.qxd 3/2/2025 10:23 PM Page 1



# ਅਰਬਨ ਅਸਟੇਟ ਦੀਆਂ ਸੜਕਾਂ 'ਤੇ ਲੱਗੇ ਗੰਦਗੀ ਦੇ ਢੇਰਾਂ ਕਾਰਨ ਲੋਕ ਪ੍ਰੇਸ਼ਾਨ

## ਸੜਕਾਂ ਦੇ ਕਿਨਾਰੇ ਤੇ ਖਾਲੀ ਥਾਂਵਾਂ ਬਣੇ ਕੂੜੇ ਦੇ ਡੰਪ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਲੋਕਾਂ ਨੂੰ ਵਧੀਆ ਸ਼ਹਿਰੀ ਸਹੂਲਤਾਂ ਦੇਣ ਦੇ ਵਾਅਦਿਆਂ ਨਾਲ ਪੁੱਡਾ ਵੱਲੋਂ ਮਕਾਨਾਂ ਦੀ ਉਸਾਰੀ ਲਈ ਅਲਾਟ ਕੀਤੇ ਪਲਾਟਾਂ ਤੇ ਉਸਾਰੀਆਂ ਗਈਆਂ ਅਰਬਨ ਅਸਟੇਟ ਕਾਲੋਨੀਆਂ ਵਿੱਚ ਸਾਫ਼-ਸਫ਼ਾਈ ਨਾ ਹੋਣ ਅਤੇ ਗੰਦਗੀ ਦੇ ਲੱਗੇ ਢੇਰਾਂ ਕਾਰਨ ਲੋਕਾਂ ਦਾ ਜਿਊਣਾ ਦੁੱਭਰ ਹੋਇਆ ਪਿਆ ਹੈ।ਪੁੱਡਾ ਵੱਲੋਂ ਸੜਕਾਂ ਤੇ ਪਾਰਕਾਂ ਦੀ ਸਫ਼ਾਈ ਕਰਨ ਉਪਰੰਤ ਜੋ ਕੂੜਾ ਕਰਕਟ ਤੇ ਗੰਦਗੀ ਇਕੱਠੀ ਹੁੰਦੀ ਹੈ, ਉਸ ਨੂੰ ਅਰਬਨ ਅਸਟੇਟ ਦੇ ਫੇਜ਼ 2 ਅਤੇ 1 ਦੀਆਂ ਖਾਲੀ ਥਾਂਵਾਂ 'ਤੇ ਸੁੱਟ ਕੇ ਗੰਦਗੀ ਦੇ ਡੰਪ ਬਣਾਏ ਜਾ ਰਹੇ ਹਨ, ਜਿਸ ਕਾਰਨ ਫੇਜ਼ 2 ਅਤੇ 3 ਵਿੱਚ ਫ਼ੈਲੀ ਗੰਦਗੀ ਕਾਰਨ ਬਿਮਾਰੀਆਂ ਫੈਲਣ ਦਾ ਖਤਰਾ ਵਧਦਾ ਜਾ ਰਿਹਾ ਹੈ ਤੇ ਪੁੱਡਾ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ।

ਅਰਬਨ ਅਸਟੇਟ ਫੇਜ਼-2 ਤੇ 1 ਦੀਆਂ ਪ੍ਰਮੁੱਖ ਸੜਕਾਂ ਅਤੇ ਥਾਵਾਂ 'ਤੇ ਲੱਗੇ ਗੰਦਗੀ ਦੇ ਢੇਰਾਂ ਕਾਰਨ ਅਰਬਨ ਅਸਟੇਟ ਦੇ ਵਾਸੀ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰ ਰਹੇ ਹਨ, ਪ੍ਰੰਤੂ ਸਫ਼ਾਈ ਨਾਲ ਸਬੰਧਤ ਪੁੱਡਾ ਅਧਿਕਾਰੀ ਤੇ ਠੇਕੇਦਾਰ ਕੁੰਭਕਰਨੀ ਨੀਂਦ ਸੁੱਤੇ ਪਏ ਹਨ।ਜ਼ਿਆਦਾਤਰ ਸਫ਼ਾਈ ਦਾ ਕੰਮ ਕਾਗਜ਼ਾਂ ਵਿੱਚ ਹੀ ਹੋ ਰਿਹਾ ਹੈ, ਪ੍ਰੰਤੂ ਇਸ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ ਜਾ ਰਿਹਾ।ਅਰਬਨ ਅਸਟੇਟ ਫੇਜ਼-2 ਦੇ ਬਾਹਰੋ-ਬਾਹਰ ਸਾਧੂ ਬੇਲੇ ਦੇ ਨਾਲ-ਨਾਲ, ਜੋ ਫਿਰਨੀ ਵਾਲੀ ਸੜਕ ਲੰਘਦੀ ਹੈ, ਉਸ ਸੜਕ 'ਤੇ ਜੋ ਪਾਰਕ ਲੋਕਾਂ ਦੀ ਸੈਰ ਅਤੇ ਬੱਚਿਆਂ ਦੇ ਖੇਡਣ ਲਈ ਬਣਾਏ ਗਏ ਹਨ, ਉਸ ਉੱਤੇ ਕੂੜੇ, ਪੱਤੇ ਅਤੇ ਹੋਰ ਗੰਦੇ ਮਲਬੇ ਦੇ ਵੱਡੇ-ਵੱਡੇ ਢੇਰ ਲੱਗੇ ਪਏ ਹਨ।ਫੇਜ਼-2 ਦੀ ਇਸ ਸੜਕ ਦੇ ਨਾਲ-ਨਾਲ ਜੋ ਪਾਰਕ ਹਨ, ਉਨ੍ਹਾਂ ਦੀ ਸਾਫ਼ ਸਫ਼ਾਈ




ਕਰਨ ਉਪਰੰਤ ਸਾਰਾ ਮਲਬਾ ਇਸ ਸੜਕ ਕਿਨਾਰੇ ਸੁੱਟਿਆ ਜਾ ਰਿਹਾ ਹੈ।ਪੁੱਡਾ ਅਧਿਕਾਰੀ ਇਸ ਮਲਬੇ ਨੂੰ ਕਿਸੇ ਉਚਿਤ ਥਾਂ 'ਤੇ ਠਿਕਾਣੇ ਨਹੀਂ ਲਵਾ ਰਹੇ, ਜਿਸ ਕਾਰਨ ਫੈਲੀ ਗੰਦਗੀ ਬਿਮਾਰੀਆਂ ਨੂੰ ਸੱਦਾ ਦੇ ਰਹੀ ਹੈ।ਇਸ ਤੋਂ ਇਲਾਵਾ ਫੇਜ਼-2 ਵਿਖੇ ਮੁੱਖ ਮਾਰਕੀਟਾਂ ਤੇ ਅਰਬਨ ਅਸਟੇਟ ਥਾਣੇ ਦੇ ਸਾਹਮਣੇ ਜੋ ਖਾਲੀ ਪਲਾਟ ਪਏ ਹਨ, ਉਨ੍ਹਾਂ ਨੂੰ ਗੰਦਗੀ ਦੇ ਡੰਪ ਵਜੋਂ ਵਰਤਿਆ ਜਾ ਰਿਹਾ ਹੈ।ਇਸ ਤੋਂ ਇਲਾਵਾ ਬੀ.ਐਸ.ਐਨ.ਐਲ ਦੇ ਦਫ਼ਤਰ ਸਾਹਮਣੇ ਜੋ ਸਬਜ਼ੀ ਮਾਰਕੀਟ ਲਗਦੀ ਹੈ, ਉਸ ਥਾਂ 'ਤੇ ਮੰਡੀ ਤੋਂ ਬਾਅਦ ਫੈਲੇ ਕੂੜੇ-ਕਰਕਟ ਦੀ ਉਚਿਤ ਸਫ਼ਾਈ ਨਹੀਂ ਕੀਤੀ ਜਾ ਰਹੀ।ਚਾਰੇ ਪਾਸੇ ਗੰਦਗੀ ਦੇ ਢੇਰ ਲੱਗੇ ਦਿਖਾਈ ਦੇ ਰਹੇ ਹਨ ਤੇ ਫੇਜ਼-1 ਦੇ ਦਰਮਿਆਨ ਰੇਡੀਓ ਸਟੇਸ਼ਨ ਨੂੰ ਜੋ ਡਬਲ ਸੜਕ ਜਾ ਰਹੀ ਹੈ, ਉਸ ਦੀ ਸਫ਼ਾਈ ਰਾਧਾ ਸੁਆਮੀ ਡੇਰੇ ਦੇ ਪ੍ਰਬੰਧਕਾਂ ਵੱਲੋਂ ਆਪਣੇ ਪੱਧਰ 'ਤੇ ਆਪਣੀ ਹਦੂਦ ਤੱਕ ਕਰਾਈ ਜਾ ਰਹੀ ਹੈ, ਪ੍ਰੰਤੂ ਅੱਗੋਂ ਇਸ ਸੜਕ 'ਤੇ ਜੋ ਡਿਵਾਈਡਰ ਰੋਡ ਬਣੀ ਹੋਈ ਹੈ, ਉਸ ਦੇ ਠੇਕੇਦਾਰਾਂ ਵੱਲੋਂ ਸਫ਼ਾਈ ਕਰਨ ਉਪਰੰਤ ਕੂੜੇ ਦੇ ਢੇਰ ਉੱਥੋਂ ਚੁੱਕਣ ਦੀ ਥਾਂ ਡਿਵਾਈਡਰ ਦੇ ਨਾਲ-ਨਾਲ ਹੀ ਢੇਰੀਆਂ ਦੇ ਰੂਪ ਵਿੱਚ ਪਏ ਹਨ।ਇਸੇ ਤਰ੍ਹਾਂ ਓਵਰਬ੍ਰਿਜ ਦੇ ਨਾਲ-ਨਾਲ ਜੋ ਸੜਕ ਪਟਿਆਲਾ ਵੱਲ ਨੂੰ ਜਾ ਰਹੀ ਹੈ, ਉਸ ਦੇ ਕਿਨਾਰੇ 'ਤੇ ਗੰਦਗੀ ਦੇ ਢੇਰ ਲੱਗੇ ਪਏ ਹਨ, ਜਿਸ ਕਾਰਨ ਪੁੱਡਾ ਵੱਲੋਂ ਸਫ਼ਾਈ ਦੇ ਕੀਤੇ ਜਾ ਰਹੇ ਦਾਅਵੇ ਠੁੱਸ ਹੁੰਦੇ ਜਾਪ ਰਹੇ ਹਨ।ਅਰਬਨ ਅਸਟੇਟ ਫੇਜ਼-1 ਦੇ ਬਾਹਰੋ-ਬਾਹਰ ਅਪੋਲੋ ਸਕੂਲ ਦੇ ਨਜ਼ਦੀਕ ਜੋ ਫਿਰਨੀ ਵਾਲੀ ਸੜਕ ਜਾ ਰਹੀ ਹੈ, ਉਸ ਵਿੱਚ ਪਿਛਲੇ ਲੰਮੇ ਸਮੇਂ ਤੋਂ ਵੱਡੇ-ਵੱਡੇ ਟੋਏ ਪਏ ਹੋਏ ਹਨ, ਪ੍ਰੰਤੂ ਪੁੱਡਾ ਵੱਲੋਂ ਨਾ ਇਸ ਸੜਕ ਦੀ ਮੁਰੰਮਤ ਕਰਾਈ ਜਾ ਰਹੀ ਹੈ ਅਤੇ ਨਾ ਹੀ ਇਸ ਨੂੰ ਨਵੇਂ ਸਿਰੇ ਤੋਂ ਬਣਾਇਆ ਜਾ ਰਿਹਾ ਹੈ।ਅਰਬਨ ਅਸਟੇਟ ਫੇਜ਼ 2 ਅਤੇ 1 ਦੀਆਂ ਸੜਕਾਂ ਵਿੱਚ ਦੋ-ਦੋ ਫੁੱਟ ਡੂੰਘੇ ਟੋਏ ਪੈ ਚੁੱਕੇ ਹਨ, ਪ੍ਰੰਤੂ ਪੁੱਡਾ ਪ੍ਰਸ਼ਾਸਨ ਨਵੀਆਂ ਸੜਕਾਂ ਬਣਾਉਣ ਦੀ ਥਾਂ ਡੂੰਘੇ ਟੋਇਆਂ ਨੂੰ ਬੰਦ ਕਰਾਉਣਾ ਵੀ ਉਚਿਤ ਨਹੀਂ ਸਮਝ ਰਿਹਾ।

ਬੀ.ਐਸ.ਐਨ.ਐਲ ਤੋਂ ਰਿਆਨ ਸਕੂਲ ਰਾਹੀਂ ਬਾਈਪਾਸ ਨੂੰ ਜਿਹੜੀ ਸੜਕ ਜਾਂਦੀ ਹੈ, ਉਸ ਨੂੰ ਬਣਾਏ ਅਜੇ ਇੱਕ ਸਾਲ ਵੀ ਪੂਰਾ ਨਹੀਂ ਹੋਇਆ, ਪ੍ਰੰਤੂ ਇਹ ਸੜਕ ਘਟੀਆ ਮਟੀਰੀਅਲ ਵਰਤਣ ਕਾਰਨ ਟੁੱਟ ਕੇ ਖੰਡਰ ਹੋ ਚੁੱਕੀ ਹੈ।ਸੜਕ ਵਿਖੇ ਵੱਡੇ-ਵੱਡੇ ਟੋਏ ਪੈ ਚੁੱਕੇ ਹਨ, ਜਿਸ ਕਾਰਨ ਕਾਲੋਨੀ ਨਿਵਾਸੀਆਂ ਦੇ ਸ਼ਹਿਰੀ ਸਹੂਲਤਾਂ ਵਾਲੇ ਸੁਪਨੇ ਅਧੂਰੇ ਰਹਿ ਗਏ ਜਾਪਦੇ ਹਨ।

# ਪੱਤਰਕਾਰ ਭਾਈਚਾਰੇ ਤੇ ਵੱਖ-ਵੱਖ ਜਥੇਬੰਦੀਆਂ ਵੱਲੋਂ ਰੋਸ ਪ੍ਰਦਰਸ਼ਨ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਕਸਬਾ ਮਹਿਲ ਕਲਾਂ ਵਿਖੇ ਪੰਜਾਬ ਪ੍ਰੈੱਸ ਕਲੱਬ ਤੇ ਗਣਤਾਜ ਪ੍ਰੈੱਸ ਕਲੱਬ ਵੱਲੋਂ ਵੱਖ-ਵੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਆਪ ਦੇ ਇੱਕ ਵਿਧਾਇਕ ਦਾ ਪੁਤਲਾ ਸਾੜ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ।

ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਮੰਗ ਕੀਤੀ ਕਿ ਪੱਤਰਕਾਰ ਮਨਿੰਦਰਜੀਤ ਸਿੱਧੂ ਉੱਪਰ ਇਕ ਆਡੀਓ ਵਾਇਰਲ ਹੋਣ ਦੇ ਮਾਮਲੇ 'ਚ ਕਰਵਾਇਆ ਪਰਚਾ ਰੱਦ ਕਰਕੇ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ।ਉਨ੍ਹਾਂ ਕਿਹਾ ਕਿ ਆਡੀਓ 'ਚ ਰਾਮਗੜ੍ਹੀਆ ਭਾਈਚਾਰੇ ਤੇ ਔਰਤਾਂ ਦੇ ਸਨਮਾਨ ਪ੍ਰਤੀ ਬੋਲੀ ਗਈ ਭੱਦੀ ਸ਼ਬਦਾਵਲੀ ਬਾਰੇ ਉਕਤ ਦੋਸ਼ੀਆਂ ਖਿਲਾਫ ਬਣਦੀ ਕਾਰਵਾਈ ਤੁਰੰਤ ਕੀਤੀ ਜਾਵੇ।ਵੱਖ-ਵੱਖ ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਜਥੇਬੰਦੀਆਂ ਵੱਲੋਂ ਇਸ ਧੱਕੇਸ਼ਾਹੀ ਦਾ ਡੱਟ ਕੇ ਵਿਰੋਧ ਕਰਦੇ ਹਾਂ।ਜਿੱਥੇ ਵੀ ਪ੍ਰੈੱਸ ਸੱਦਾ ਦੇਵੇਗੀ, ਅਸੀਂ ਇਨ੍ਹਾਂ ਦੇ ਨਾਲ ਚਟਾਨ ਵਾਂਗ ਖੜ੍ਹੇ ਹਾਂ।ਡੀ ਐੱਸ ਪੀ ਮਹਿਲ ਕਲਾਂ ਸੁਬੇਗ ਸਿੰਘ ਨੇ ਕਿਹਾ ਕਿ ਦਿੱਤਾ ਗਿਆ ਮੰਗ ਪੱਤਰ ਉੱਚ ਅਧਿਕਾਰੀਆਂ ਕੋਲ ਪਹੁੰਚਾ ਦਿੱਤਾ ਜਾਵੇਗਾ।

ਇਸ ਮੌਕੇ ਭਾਕਿਯੂ ਡਕੌਂਦਾ ਦੇ ਜਗਰਾਜ ਸਿੰਘ ਹਰਦਾਸਪੁਰਾ, ਦੁਕਾਨਦਾਰ ਯੂਨੀਅਨ ਦੇ ਪ੍ਰਧਾਨ ਗਗਨ ਸਰਾਂ, ਪ੍ਰਧਾਨ ਸ਼ੇਰ ਸਿੰਘ ਰਵੀ, ਕਾਂਗਰਸੀ ਆਗੂ ਬੰਨੀ ਖੈਰਾ, ਬਲਜਿੰਦਰ ਪ੍ਰਭੂ, ਡਾ: ਅਮਰਜੀਤ ਕੁੱਕੂ, ਡਾ: ਜਗਜੀਵਨ ਸਿੰਘ, ਸੁਖਵੀਰ ਜਗਦੇ, ਮੰਗਤ ਸਿੰਘ ਸਿੱਧੂ, ਡਾ: ਮਿੱਠੂ ਮੁਹੰਮਦ, ਪ੍ਰੇਮ ਕੁਮਾਰ ਪਾਸੀ, ਜਸਵੰਤ ਲਾਲੀ, ਡਾ: ਪਰਵਿੰਦਰ ਹਮੀਦੀ, ਗੁਰਸੇਵਕ ਸਿੰਘ ਸੋਹੀ, ਫਿਰੋਜ਼ ਖਾਨ, ਬਲਜਿੰਦਰ ਮਾਂਗੇਵਾਲ ਆਦਿ ਹਾਜ਼ਰ ਸਨ।

# ਛੱਤਿਆਣਾ 'ਚ ਨਰੇਗਾ ਕਾਮਿਆਂ ਦੀ ਅਹਿਮ ਮੀਟਿੰਗ

## 14 ਨੂੰ ਡੀ ਸੀ ਦਫਤਰ ਘੇਰਾਂਗੇ : ਬੋਹੜ ਸੁੱਖਨਾ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**

ਬੀਤੇ ਦਿਨ ਪਿੰਡ ਛੱਤਿਆਣਾ ਵਿਖੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੀ ਮੀਟਿੰਗ ਕਾਮਰੇਡ ਸੁਰਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਬੋਹੜ ਸਿੰਘ ਸੁਖਨਾ ਨੇ ਕਿਹਾ ਕਿ ਵੱਖ ਵੱਖ ਪਿੰਡਾਂ ਵਿੱਚ ਨਰੇਗਾ ਕੰਮ ਵਿੱਚ ਆ ਰਹੀਆਂ ਮੁਸ਼ਕਲਾਂ ਜਿਵੇਂ ਕੰਮ ਅਰਜ਼ੀਆਂ 'ਤੇ ਕੰਮ ਨਾ ਦੇਣਾ ਅਤੇ ਬੇਰੁਜ਼ਗਾਰੀ ਭੱਤਾ ਦੇਣ ਤੋਂ ਇਨਕਾਰ ਕਰਨਾ, ਕੀਤੇ ਕੰਮ ਦੀ ਉਜ਼ਰਤ-ਪੈਸੇ ਨਾ ਦੇਣਾ, ਕੰਮ ਦੇਣ ਵਿੱਚ ਬਹਾਨਾ ਕਿ ਜ਼ਿਲ੍ਹਾ ਅਧਿਕਾਰੀਆਂ ਨੇ ਕੰਮ ਦੀ ਮਨਜ਼ੂਰੀ ਨਹੀਂ ਦਿੱਤੀ ਆਦਿ, ਨਰੇਗਾ ਕੰਮ ਜਾਂ ਭੱਤੇ ਦੀ ਗਰੰਟੀ ਤੋਂ ਮੁਨਕਰ ਹੋਣਾ ਹੈ। ਮੀਟਿੰਗ ਵਿੱਚ ਵੱਖ ਵੱਖ ਪਿੰਡਾਂ ਤੋਂ ਰਿਪੋਰਟ ਇਕੱਤਰ ਹੋਈ ਕਿ ਖੂਨਣ ਕਲਾਂ, ਬਾਮ, ਵਿਰਕ ਖੇੜਾ, ਛੱਤਿਆਣਾ ਭੰਗ ਚੜ੍ਹੀ, ਕੌਣੀ, ਆਸਾ ਬੁੱਟਰ, ਕੋਟਲੀ ਸੰਘਰ, ਦੋਦਾ ਆਦਿ ਪਿੰਡਾਂ ਵਿੱਚ ਕੰਮ ਅਰਜ਼ੀਆਂ ਦੇਣ ਦੇ ਬਾਵਜੂਦ ਕੰਮ ਨਹੀਂ ਦਿੱਤਾ ਗਿਆ। ਹੁਣ ਬੇਰੁਜ਼ਗਾਰੀ ਭੱਤਾ ਵੀ ਨਹੀਂ ਦਿੱਤਾ ਜਾ ਰਿਹਾ।

ਮੀਟਿੰਗ ਵਿੱਚ ਵੱਖ ਵੱਖ ਪਿੰਡਾਂ ਤੋਂ ਰਿਪੋਰਟ ਇਕੱਠੀ ਹੋਈ ਕਿ ਮਨ-ਮਰਜ਼ੀ ਨਾਲ ਕੰਮ ਕਰਵਾ ਕੇ ਹਾਜ਼ਰੀ ਆਨਲਾਈਨ ਕਰਕੇ ਪਿੱਛੋਂ ਮਸਟਰੋਲ ਜ਼ੀਰੋ ਕਰ ਦਿੱਤੇ ਜਾਂਦੇ ਹਨ। ਉਦਾਹਰਨ ਦੇ ਤੌਰ 'ਤੇ ਸੰਗੂ ਧੌਣ ਪਿੰਡ ਵਿੱਚ ਇਹ ਅਮਲ ਤਿੰਨ ਵਾਰ ਕੀਤਾ ਜਾ ਚੁੱਕਾ ਹੈ। ਇਸ ਦੀ ਸ਼ਿਕਾਇਤ ਕਰਨ 'ਤੇ ਵੀ ਕੋਈ ਕਾਰਵਾਈ ਅਮਲ



ਵਿੱਚ ਨਹੀਂ ਲਿਆਂਦੀ ਗਈ। ਇਸ ਦੀ ਸ਼ਿਕਾਇਤ ਜ਼ਿਲ੍ਹਾ ਕੁਆਰਡੀਨੇਟਰ ਸ੍ਰੀ ਮੁਕਤਸਰ ਸਾਹਿਬ ਨੂੰ ਕੀਤੇ ਜਾਣ ਦੇ ਬਾਵਜੂਦ, ਨਾ ਕਾਮਿਆਂ ਨੂੰ ਮਾਸਟਰੋਲ ਆਨਲਾਈਨ ਕਰਕੇ ਉਜ਼ਰਤ ਭੁਗਤਾਨ ਦੀ ਕੋਈ ਕਾਰਵਾਈ ਹੋਈ ਹੈ, ਨਾ ਹੀ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਹੋਈ ਹੈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਉਪਰੋਕਤ ਮੰਗਾਂ ਸਬੰਧੀ 14 ਮਾਰਚ ਨੂੰ ਜ਼ਿਲ੍ਹਾ ਕੁਆਡੀਨੇਟਰ ਨਰੇਗਾ ਦੇ ਦਫਤਰ ਅੱਗੇ ਰੋਸ ਧਰਨਾ ਤੇ ਪ੍ਰਦਰਸ਼ਨ ਕੀਤਾ ਜਾਵੇ।

ਅਖੀਰ ਵਿੱਚ ਸਾਥੀ ਨੇ ਮੀਟਿੰਗ ਨੂੰ ਸੰਬੋਧਨ ਕਰਦੇ ਕਿਹਾ ਕਿ ਆਪਣੀਆਂ ਮੁਸ਼ਕਲਾਂ ਦੇ ਹੱਲ ਲਈ 14 ਮਾਰਚ ਨੂੰ ਡੀ ਸੀ ਦਫਤਰ ਸ੍ਰੀ ਮੁਕਤਸਰ ਸਾਹਿਬ ਪੁੱਜੋ। ਆਪਣੇ ਆਪਣੇ ਪਿੰਡ ਦੀਆਂ ਮੁਸ਼ਕਲਾਂ ਜ਼ਿਲ੍ਹਾ ਦਫਤਰ ਵਿੱਚ ਛੇਤੀ ਤੋਂ ਛੇਤੀ ਪੁੱਜਦੀਆਂ ਕਰੋ ਅਤੇ ਧਰਨੇ ਮੁਜ਼ਾਹਰੇ ਦੀ ਤਿਆਰੀ ਕਰੋ। ਇਸ ਮੌਕੇ ਸੁਰਜੀਤ ਸਿੰਘ, ਗੁਰਬਚਨ ਸਿੰਘ, ਗਰੀਬ ਸਿੰਘ, ਦੁਨੀ ਚੰਦ, ਕਾਮਰੇਡ ਗੁਰਮੇਲ ਸਿੰਘ, ਜੰਟਾ ਸਿੰਘ, ਬਲਦੇਵ ਸਿੰਘ ਛੱਤਿਆਣਾ ਅਤੇ ਔਰਤਾਂ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਸਨ।

## ਕਾਤਰਾਂ

### ਕਰੰਟ ਲੱਗਣ ਨਾਲ ਕਾਮੇ ਦੀ ਮੌਤ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਪਵਾਤ ਵਿਖੇ ਇੱਕ ਵਰਕਸ਼ਾਪ ਵਿੱਚ ਕੰਮ ਕਰਦੇ ਕਾਮੇ ਗਗਨਦੀਪ ਸਿੰਘ (45) ਵਾਸੀ ਹਾੜੀਆਂ ਦੀ ਕਰੰਟ ਲੱਗਣ ਕਾਰਨ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਗਗਨਦੀਪ ਸਿੰਘ ਮੋਬਾਇਲ 'ਤੇ ਗੱਲ ਕਰਦਾ ਹੋਇਆ ਵਰਕਸ਼ਾਪ ਦੀ ਛੱਤ 'ਤੇ ਚਲਾ ਗਿਆ ਤੇ ਜਦੋਂ ਉਪਰੋਂ ਬਨੇਰੇ 'ਤੇ ਖੜ ਕੇ ਹੇਠਾਂ ਕੁਝ ਦੇਖਣਾ ਚਾਹਿਆ ਤਾਂ ਉਸ ਦੇ ਸਰੀਰ ਦਾ ਕੋਈ ਅੰਗ ਨੇੜਿਓਂ ਲੰਘਦੀਆਂ ਬਿਜਲੀ ਦੀਆਂ ਤਾਰਾਂ ਨਾਲ ਛੂਹ ਗਿਆ। ਕਰੰਟ ਲੱਗਣ ਕਾਰਨ ਗਗਨਦੀਪ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਸ ਵੱਲੋਂ ਲਾਸ਼ ਦਾ ਪੋਸਟ ਮਾਰਟਮ ਕਰਵਾਉਣ ਉਪਰੰਤ ਵਾਰਿਸਾਂ ਨੂੰ ਸੌਂਪੀ ਦਿੱਤੀ ਗਈ।

### ਸਵਾ 9 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਕਾਬੂ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਇੱਕ ਵਿਅਕਤੀ ਨੂੰ ਸਵਾ 9 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਰਮਨ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਜ਼ੀਰਾ ਗੇਟ ਪਾਸ ਪੁੱਜੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਵਿਸ਼ਾਲ ਪੁੱਤਰ ਜਿੰਦਰ ਵਾਸੀ ਬਸਤੀ ਸ਼ੇਖਾਂ ਵਾਲੀ ਸਿਟੀ ਫਿਰੋਜ਼ਪੁਰ ਨਜਾਇਜ਼ ਸ਼ਰਾਬ ਵੇਚਣ ਦਾ ਆਦੀ ਹੈ, ਜੋ ਹੁਣ ਵੀ ਨਜਾਇਜ਼ ਸ਼ਰਾਬ ਵੇਚ ਰਿਹਾ ਹੈ। ਜੇਕਰ ਹੁਣੇ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ। ਪੁਲਸ ਪਾਰਟੀ ਵੱਲੋਂ ਦੋਸ਼ੀ 'ਤੇ ਛਾਪੇਮਾਰੀ ਕਰਕੇ ਕਾਬੂ ਕੀਤਾ ਗਿਆ ਤੇ ਮੌਕੇ 'ਤੇ ਸਵਾ 9 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਸੜਕ ਹਾਦਸੇ 'ਚ ਬਜ਼ੁਰਗ ਕਿਸਾਨ ਦੀ ਮੌਤ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਰੋਪੜ ਰੋਡ 'ਤੇ ਪਿੰਡ ਹੇਡੋਂ ਬੇਟ ਵਿਖੇ ਸ਼ਨੀਵਾਰ ਸਵੇਰੇ ਵਾਪਰੇ ਸੜਕ ਹਾਦਸੇ ਵਿੱਚ ਕਿਸਾਨ ਤਰਸੇਮ ਲਾਲ (73) ਦੀ ਮੌਤ ਹੋ ਗਈ। ਕਿਸਾਨ ਤਰਸੇਮ ਲਾਲ, ਜੋ ਕਿ ਖੇਤੀਬਾੜੀ ਕਰਦਾ ਸੀ, ਅੱਜ ਸਵੇਰੇ 9 ਵਜੇ ਤਰਸੇਮ ਲਾਲ ਆਪਣੇ ਲੜਕੇ ਦੇ ਜਿੰਮ ਤੋਂ ਘਰ ਪਰਤ ਰਿਹਾ ਸੀ ਕਿ ਇੱਕ ਬਰੀਜ਼ਾ ਕਾਰ ਨੇ ਉਸ ਨੂੰ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿੱਚ ਉਸ ਦੀ ਮੌਤ ਹੋ ਗਈ। ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਉਸ ਦੇ ਲੜਕੇ ਵੱਲੋਂ ਦਿੱਤੇ ਬਿਆਨਾਂ ਦੇ ਅਧਾਰ 'ਤੇ ਕਾਰ ਚਾਲਕ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

### ਪਿਸਟਲ ਸਮੇਤ ਖਾਲੀ ਮੈਗਜ਼ੀਨ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਰਹੱਦੀ ਚੌਕੀ ਸ਼ਾਮੇ ਕੇ ਬੀਐੱਸਐੱਫ (ਖੇਤ ਪਿੰਡ ਟੇਂਡੀ ਵਾਲਾ) ਕੋਲੋਂ ਸਰਚ ਦੌਰਾਨ 1 ਗਲੋਕ ਪਿਸਟਲ ਸਮੇਤ ਖਾਲੀ ਮੈਗਜ਼ੀਨ ਬਰਾਮਦ ਹੋਇਆ। ਇਸ ਸਬੰਧੀ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸੁਖਬੀਰ ਸਿੰਘ ਨੇ ਦੱਸਿਆ ਕਿ 28 ਫਰਵਰੀ 2025 ਨੂੰ ਸ਼ਾਮ 7.30 ਪੀਐੱਮ ਤੋਂ 8.05 ਪੀਐੱਮ ਦੇ ਵਿਚਕਾਰ ਕਮਲਾ ਸ਼ੰਕਰ ਪਾਂਡੇ ਕੰਪਨੀ ਕਮਾਂਡਰ ਬੀ ਕੰਪਨੀ 155 ਬਟਾਲੀਅਨ ਬੀਐੱਸਐੱਫ ਚੌਕੀ ਸ਼ਾਮੇ ਕੇ ਵੱਲੋਂ ਸਮੇਤ ਸਾਥੀ ਕਰਮਚਾਰੀਆਂ ਦੇ ਚੌਕੀ ਸ਼ਾਮੇ ਕੇ ਦੇ ਏਰੀਆ ਦੀ ਸਰਚ ਕਰਨ 'ਤੇ 1 ਗਲੋਕ ਪਿਸਟਲ ਬਰਾਮਦ ਹੋਇਆ। ਪੁਲਸ ਨੇ ਦੱਸਿਆ ਕਿ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਐੱਸ ਐੱਸ ਪੀ ਦੀ ਅਗਵਾਈ 'ਚ ਨਸ਼ਿਆਂ ਖਿਲਾਫ ਵਿਸ਼ੇਸ਼ ਚੈਕਿੰਗ ਮੁਹਿੰਮ



**ਸੁਨਾਮ/ਸੰਗਰੂਰ (ਅਸ਼ੋਕ ਬਾਂਸਲ, ਹਾਕਮ ਭੱਟੀ/ਪ੍ਰਵੀਨ ਸਿੰਘ)**-ਜ਼ਿਲ੍ਹਾ ਪੁਲਸ ਸੰਗਰੂਰ ਵੱਲੋਂ ਐੱਸ ਐੱਸ ਪੀ ਸਰਤਾਜ ਸਿੰਘ ਚਾਹਲ ਦੀ ਅਗਵਾਈ ਹੇਠ ਨਸ਼ਾ ਤਸਕਰੀ ਨੂੰ ਮੁਕੰਮਲ ਤੌਰ 'ਤੇ ਠੱਲ੍ਹ ਪਾਉਣ ਲਈ ਨਸ਼ੇ ਦਾ ਧੰਦਾ ਕਰਨ ਵਾਲੇ ਗੈਰ-ਸਮਾਜਿਕ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਨੂੰ ਹੋਰ ਤੇਜ਼ ਕਰਦੇ ਹੋਏ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਜ਼ਿਲ੍ਹਾ ਸੰਗਰੂਰ ਦੇ ਡਰੱਗ ਹਾਟ ਸਪਾਟ ਏਰੀਆ ਦੀ ਸਰਚ ਦੌਰਾਨ ਐਕਸਾਇਜ਼ ਐਕਟ ਤਹਿਤ 08 ਮੁਕੱਦਮੇ ਦਰਜ ਕਰਕੇ 06 ਕਥਿਤ ਦੋਸ਼ੀ ਗ੍ਰਿਫਤਾਰ ਕੀਤੇ ਗਏ ਹਨ। ਸੁਨਾਮ ਸ਼ਹਿਰ ਵਿਖੇ ਐੱਸ ਐੱਸ ਪੀ ਚਾਹਲ ਨੇ ਇਸ ਮੁਹਿੰਮ ਦੀ ਖੁਦ ਅਗਵਾਈ ਕੀਤੀ ਤੇ ਪੁਲਸ ਦੇ ਉੱਚ ਅਧਿਕਾਰੀਆਂ 'ਤੇ ਅਧਾਰਤ ਵੱਖ-ਵੱਖ ਟੀਮਾਂ ਵੱਲੋਂ ਕੀਤੀ ਗਈ ਜਾਂਚ ਪੜਤਾਲ ਦੌਰਾਨ 20 ਮੋਬਾਇਲ ਫੋਨ ਕਬਜ਼ੇ ਵਿੱਚ ਲਏ ਗਏ ਤੇ 15 ਮੋਟਰਸਾਈਕਲ ਜ਼ਬਤ ਕੀਤੇ ਗਏ, ਜਿਨ੍ਹਾਂ ਬਾਰੇ ਪੜਤਾਲ ਕੀਤੀ ਜਾ ਰਹੀ ਹੈ।ਇਸ ਮੌਕੇ ਐੱਸ.ਐੱਸ.ਪੀ. ਚਾਹਲ ਨੇ ਦੱਸਿਆ ਕਿ ਜ਼ਿਲ੍ਹਾ ਸੰਗਰੂਰ ਵਿੱਚ 9 ਪੁਲਸ ਗਜ਼ਟਿਡ ਅਫਸਰਾਂ, 6 ਇੰਸਪੈਕਟਰ/ਮੁੱਖ ਅਫਸਰਾਂ ਸਮੇਤ 325 ਤੋਂ ਵੱਧ ਪੁਲਸ ਮੁਲਾਜ਼ਮਾਂ ਨੇ ਡਰੱਗ ਹਾਟ ਸਪਾਟ ਏਰੀਆ ਦੀ ਸਰਚ ਕਰਕੇ ਸ਼ੱਕੀ ਵਿਅਕਤੀਆਂ ਤੇ ਵਾਹਨਾਂ ਦੀ ਚੈਕਿੰਗ ਕੀਤੀ।ਉਨ੍ਹਾ ਲੋਕਾਂ ਨੂੰ ਵੀ ਨਸ਼ਾ ਵਿਰੋਧੀ ਮੁਹਿੰਮ ਵਿੱਚ ਪੁਲਸ ਦਾ ਸਾਥ ਦੇਣ ਲਈ ਅਪੀਲ ਕੀਤੀ ਹੈ।ਉਨ੍ਹਾ ਦੱਸਿਆ ਕਿ ਵਿਦਿਅਕ ਅਦਾਰਿਆਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ ਤਾਂ ਜੋ ਉਹ ਆਪਣੇ ਪਰਿਵਾਰਾਂ ਤੇ ਰਿਸ਼ਤੇਦਾਰਾਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਬਾਰੇ ਸੁਚੇਤ ਕਰਨ।ਐੱਸ ਐੱਸ ਪੀ ਚਾਹਲ ਨੇ ਕਿਹਾ ਕਿ ਜ਼ਿਲ੍ਹਾ ਸੰਗਰੂਰ ਵਿੱਚ ਨਸ਼ਿਆਂ ਦੇ ਮੁਕੰਮਲ ਖਾਤਮੇ ਨੂੰ ਯਕੀਨੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਤੇ ਨਸ਼ਿਆਂ ਖਿਲਾਫ ਜੰਗ ਜੋਸ਼ੋ ਖਰੋਸ਼ ਨਾਲ ਜਾਰੀ ਹੈ।

# 5 ਦੀ ਮੀਟਿੰਗ 'ਚ ਕੋਈ ਹੱਲ ਨਾ ਹੋਇਆ ਤਾਂ 8 ਨੂੰ ਦਿੜ੍ਹਬਾ 'ਚ ਹੋਵੇਗਾ ਵੱਡਾ ਐਕਸ਼ਨ : ਵੋਕੇਸ਼ਨਲ ਫ਼ਰੰਟ

**ਮਾਨਸਾ (ਆਤਮਾ ਸਿੰਘ ਪਮਾਰ)**-ਐੱਨ ਐੱਸ ਕਿਊ ਐੱਫ ਵੋਕੇਸ਼ਨਲ ਟੀਚਰਜ਼ ਫਰੰਟ ਪੰਜਾਬ ਦੇ ਆਗੂਆਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਵਿੱਤ ਮੰਤਰੀ ਸ੍ਰ. ਹਰਪਾਲ ਸਿੰਘ ਚੀਮਾ ਵੱਲੋਂ 5 ਮਾਰਚ ਨੂੰ ਪੰਜਾਬ ਭਵਨ ਚੰਡੀਗੜ੍ਹ ਵਿਖੇ ਮੀਟਿੰਗ ਦਾ ਸੱਦਾ ਮਿਲਿਆ ਹੈ। ਜੇਕਰ ਇਸ ਮੀਟਿੰਗ ਵਿੱਚ ਵੀ ਟਾਲ ਮਟੋਲ ਦਾ ਰਵੱਈਆ ਅਪਣਾਇਆ ਜਾਂਦਾ ਹੈ ਤਾਂ ਫਰੰਟ ਵੱਲੋਂ ਦਿੜ੍ਹਬਾ ਵਿਖੇ 8 ਮਾਰਚ ਨੂੰ ਤਿੱਖਾ ਐਕਸ਼ਨ ਕੀਤਾ ਜਾਵੇਗਾ। ਜ਼ਿਲ੍ਹਾ ਪ੍ਰਧਾਨ ਗੁਰਪ੍ਰੀਤ ਭੀਖੀ ਨੇ ਦੱਸਿਆ ਕਿ ਸਰਕਾਰ ਵਾਰ ਵਾਰ ਮੀਟਿੰਗਾਂ ਕਰ ਰਹੀ ਹੈ, ਪਰ ਸਾਡੇ ਮਸਲੇ ਦਾ ਕੋਈ ਵੀ ਹੱਲ ਨਹੀਂ ਕੀਤਾ ਜਾ ਰਿਹਾ। ਵੋਕੇਸ਼ਨਲ ਟੀਚਰ ਆਊਟਸੋਰਸ ਸਕੀਮ ਅਧੀਨ ਵੱਖ-ਵੱਖ ਕੰਪਨੀਆਂ ਵੱਲੋਂ ਕੀਤੇ ਜਾ ਰਹੇ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ।

ਜ਼ਿਲ੍ਹੇ ਦੇ ਵਿੱਤ ਸਕੱਤਰ ਨਰਪਿੰਦਰ ਸਿੰਘ ਦਾ ਕਹਿਣਾ ਹੈ ਕਿ ਚੋਣਾਂ ਦੌਰਾਨ ਇਸ ਸਰਕਾਰ ਨੇ ਤਨਖਾਹ 'ਚ ਵਾਧਾ ਤੇ ਆਊਟਸੋਰਸ ਕਾਮਿਆਂ ਨੂੰ ਪੱਕੇ ਕਰਨ ਦਾ ਵਾਅਦਾ ਕੀਤਾ ਸੀ, ਪਰ ਅੱਜ ਵੀ ਐੱਨ ਐੱਸ ਕਿਊ ਐੱਫ ਵੋਕੇਸ਼ਨਲ ਟੀਚਰ ਬਹੁਤ ਘੱਟ ਤਨਖਾਹਾਂ ਤੇ ਆਪਣੇ ਘਰਾਂ ਤੋਂ 100-100 ਕਿਲੋਮੀਟਰ ਦੂਰ ਪਿਛਲੇ 10 ਸਾਲਾਂ ਤੋਂ ਸੇਵਾਵਾਂ ਨਿਭਾ ਰਹੇ ਹਨ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਵਿਧਾਨ ਸਭਾ ਵਿੱਚ ਬਿਆਨ ਵੀ ਦਿੱਤੇ ਗਏ ਕਿ ਕੰਪਨੀਆਂ ਵੱਲੋਂ ਮੁਲਾਜ਼ਮਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ ਅਤੇ ਅਸੀਂ ਇਹ ਸਭ ਬੰਦ ਕਰਕੇ ਇਨ੍ਹਾਂ ਨੂੰ ਪੱਕੇ ਕਰਾਂਗੇ।ਆਗੂਆਂ ਦਾ ਕਹਿਣਾ ਹੈ ਕਿ ਸਰਕਾਰ ਪੰਜਾਬ ਦੇ ਵੋਕੇਸ਼ਨਲ ਟੀਚਰਜ਼ ਦੀ ਜੌਬ ਸੁਰੱਖਿਆ ਲਈ ਨੀਤੀ ਬਣਾਈ ਜਾਵੇ ਤੇ ਤਨਖਾਹ ਵਿੱਚ ਵੀ ਵਾਧਾ ਕੀਤਾ ਜਾਵੇ ਜੀ।ਜੇਕਰ ਸਰਕਾਰ ਇਨ੍ਹਾਂ ਮਸਲਿਆਂ ਨੂੰ ਜਲਦੀ ਤੋਂ ਜਲਦੀ ਹੱਲ ਨਾ ਕੀਤਾ ਗਿਆ ਤਾਂ ਇਸ ਦਾ ਤਿੱਖਾ ਸੰਘਰਸ਼ ਲਈ ਮਜਬੂਰ ਹੋਣਾ ਪਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਪਾਲ ਸਿੰਘ, ਲਾਭ ਸਿੰਘ, ਵਰਿੰਦਰ ਅਤਲਾ ਕਲਾ, ਅੰਮ੍ਰਿਤ ਪਾਲ ਸਿੰਘ, ਅਵਤਾਰ ਸਿੰਘ, ਮਨਜੀਤ ਸਿੰਘ, ਸਰਬਜੀਤ ਸਿੰਘ, ਕਿਰਨ ਬਾਲਾ, ਬਲਜੀਤ ਕੌਰ ਬਰੇਟਾ, ਕੁਲਵਿੰਦਰ ਕੌਰ ਸੈਦੇਵਾਲਾ, ਅਰਸ਼ਪ੍ਰੀਤ ਕੌਰ ਭੰਮੇ ਕਲਾ, ਅਮਨਦੀਪ ਭੰਮੇ ਕਲਾਂ ਆਦਿ ਹਾਜ਼ਰ ਸਨ।

# ਤਰਕਸ਼ੀਲਾਂ ਨੇ ਕੀਤਾ ਪਰਵਾਰਕ ਮਿਲਣੀ ਪ੍ਰੋਗਰਾਮ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਮੌੜ ਵੱਲੋਂ ਪਰਿਵਾਰਕ ਮਿਲਣੀ ਪ੍ਰੋਗਰਾਮ ਸ ਸ ਸ ਸਕੂਲ ਮੌੜ ਕਲਾਂ ਵਿੱਚ ਕੀਤਾ ਗਿਆ, ਜਿਸ ਵਿੱਚ ਇਕਾਈ ਮੌੜ ਦੇ ਮੈਂਬਰ ਤੇ ਉਨ੍ਹਾਂ ਦੇ ਪ੍ਰੀਵਾਰਕ ਮੈਂਬਰ, ਸਮਰਥਕ ਤੇ ਪਾਠਕ ਸ਼ਾਮਲ ਹੋਏ। ਇਸ ਪ੍ਰੋਗਰਾਮ ਵਿੱਚ ਵੱਖ ਵੱਖ ਬੁਲਾਰੇ ਸਾਥੀਆਂ ਨਰਿੰਦਰ ਸਿੰਘ, ਗੁਰਮੇਲ ਸਿੰਘ ਨੇ ਆਪਣੇ ਅਨੁਭਵ ਸਾਂਝੇ ਕੀਤੇ। ਇਸ ਤੋਂ ਇਲਾਵਾ ਸੁਸਾਇਟੀ ਦੇ ਸੀਨੀਅਰ ਆਗੂ ਸਾਥੀ ਹਰਦੀਪ ਕੁੱਬੇ ਤੇ ਬਲਰਾਜ ਮੌੜ ਜ਼ੋਨ ਜਥੇਬੰਦਕ ਮੁਖੀ ਬਠਿੰਡਾ ਨੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਪਿਛਲੇ 40 ਸਾਲਾਂ ਦੇ ਸਮਾਜਿਕ ਚੇਤਨਾ ਦੇ ਕੰਮ ਦਾ ਵਿਸ਼ਲੇਸ਼ਣ ਕਰਦਿਆਂ ਕਿਹਾ ਕਿ ਸ਼ੁਰੂ ਤੋਂ ਹੀ ਸੁਸਾਇਟੀ ਦੇ ਵਿਚਾਰਾਂ ਨੂੰ ਸਮਾਜ ਨੇ ਥਾਂ ਦਿੱਤੀ ਹੈ ਅਤੇ ਅੱਜ ਸੱਭਿਆਚਾਰਕ ਬਦਲ ਵਜੋਂ ਇਸ ਦੇ ਮੈਂਬਰਾਂ, ਆਗੂਆਂ ਨੇ ਆਪਣੀ ਜੀਵਨ ਸ਼ੈਲੀ ਵਿੱਚ ਵਿਗਿਆਨਕ ਸੋਚ ਗ੍ਰਹਿਣ ਕਰਕੇ ਪਿਛਾਂਹ ਖਿੱਚੂ ਰੀਤੀ ਰਿਵਾਜਾਂ ਤੋਂ ਹਟ ਕੇ ਬਿਨਾਂ ਕਿਸੇ ਧਾਰਮਿਕ ਅਡੰਬਰਾਂ ਤੋਂ ਆਪਣੇ ਬੱਚਿਆਂ ਦੇ ਵਿਆਹ, ਮੌਤ ਉਪਰੰਤ ਸਰੀਰ ਦਾਨ ਕਰਕੇ ਜਾਂ ਬਿਨਾਂ ਧਾਰਮਿਕ ਰਸਮਾਂ ਦੇ ਇਨ੍ਹਾਂ ਵੇਲਾ ਵਿਹਾਅ ਚੁੱਕੀਆਂ ਕਦਰਾਂ ਕੀਮਤਾਂ, ਰੀਤੀ ਰਿਵਾਜਾਂ ਨੂੰ ਦਰਕਿਨਾਰ ਕਰਕੇ ਨਵੇਂ ਰਾਹ ਉਸਾਰੇ ਹਨ। ਆਪਣੀ ਕਿਰਤ ਨੂੰ ਆਪਣੇ ਪ੍ਰੀਵਾਰ ਦੀਆਂ ਲੋੜਾਂ ਲਈ ਸਹੀ ਇਸਤੇਮਾਲ ਕਰਨ ਹਰ ਤਰਾਂ ਦੇ ਪਾਖੰਡਵਾਦ ਤੋਂ ਸੁਚੇਤ ਰਹਿਣ ਲਈ ਪ੍ਰੇਰਿਆ ਗਿਆ। ਇਸ ਤੋਂ ਇਲਾਵਾ ਇਕਾਈ ਮੌੜ ਦੀ ਸੈਸ਼ਨ 2025/2027 ਲਈ ਚੋਣ ਕੀਤੀ ਗਈ। ਜਿਸ ਵਿੱਚ ਰਮਨਦੀਪ ਜੋਧਪੁਰ ਜਥੇਬੰਦਕ ਮੁਖੀ, ਹਰਦੀਪ ਕੁੱਬੇ ਮੈਗਜ਼ੀਨ ਵਿਭਾਗ ਮੁਖੀ, ਹਰਬੰਸ ਕੁੱਬੇ ਮਾਨਸਿਕ ਸਿਹਤ ਵਿਭਾਗ ਮੁਖੀ, ਬਲਬੀਰ ਪੇਂਟਰ ਮੀਡੀਆ ਮੁਖੀ, ਹਰਨੇਕ ਮੌੜ ਵਿੱਤ ਵਿਭਾਗ ਮੁਖੀ ਦੀ ਚੋਣ ਸਰਬਸੰਮਤੀ ਨਾਲ ਕੀਤੀ। ਗੁਰਤੇਜ ਸਿੰਘ ਤੇ ਪਰਮਜੀਤ ਸਿੰਘ ਖੜਕ ਸਿੰਘ ਵਾਲਾ ਨੇ ਨਵੇਂ ਵਲੰਟੀਅਰ ਮੈਂਬਰ ਵਜੋਂ ਫਾਰਮ ਭਰੇ। ਸਟੇਜ ਦੀ ਕਾਰਵਾਈ ਰਮਨ ਜੋਧਪੁਰ ਨੇ ਕਰਦਿਆਂ ਅੰਤ ਵਿੱਚ ਸ਼ਾਮਲ ਹੋਏ ਸਾਰੇ ਸਾਥੀਆਂ, ਪਰਿਵਾਰਕ ਮੈਂਬਰਾਂ ਦਾ ਧੰਨਵਾਦ ਕਰਦਿਆਂ ਸਮਾਪਤੀ ਕੀਤੀ।

# ਖੇਤ ਮਜ਼ਦੂਰਾਂ ਵੱਲੋਂ ਖੰਨਾ ਰੈਲੀ 'ਚ ਸ਼ਾਮਲ ਹੋਣ ਦਾ ਐਲਾਨ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਜੋਰਾ ਸਿੰਘ ਨਸਰਾਲੀ ਤੇ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਨੇ ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ, ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਪਲੇਟਫਾਰਮ ਵੱਲੋਂ ਖੰਨਾ ਦੀ ਦਾਣਾ ਮੰਡੀ ਵਿੱਚ 21 ਮਾਰਚ ਨੂੰ ਕੀਤੀ ਜਾ ਰਹੀ ਸੂਬਾ ਪੱਧਰੀ ਰੈਲੀ ਦੇ ਸਮਰਥਨ ਤੇ ਇਸ ਵਿੱਚ ਭਰਵੀਂ ਸ਼ਮੂਲੀਅਤ ਦਾ ਐਲਾਨ ਕੀਤਾ ਹੈ।ਮਜ਼ਦੂਰ ਆਗੂਆਂ ਨੇ ਕਿਹਾ ਕਿ ਇਹ ਰੈਲੀ ਦਾ ਸੱਦਾ ਭਾਵੇਂ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਪਲੇਟਫਾਰਮ ਫ਼ਾਰਮ ਤੋਂ ਸਰਕਾਰੀ ਵਿਭਾਗਾਂ ਦੇ ਨਿੱਜੀਕਰਨ ਦੀ ਸਾਮਰਾਜੀ ਦਿਸ਼ਾ ਨਿਰਦੇਸ਼ਤ ਨੀਤੀ ਨੂੰ ਰੱਦ ਕਰਵਾ ਕੇ ਆਪਣੇ ਪੱਕੇ ਰੁਜ਼ਗਾਰ ਦੀ ਪ੍ਰਾਪਤੀ ਤੇ ਗੁਜ਼ਾਰੇ ਯੋਗ ਤਨਖਾਹ ਹਾਸਲ ਕਰਨ ਲਈ ਦਿੱਤਾ ਗਿਆ ਹੈ, ਪਰ ਇਹ ਨਿੱਜੀਕਰਨ ਦੀ ਨੀਤੀ ਹੀ ਹੈ, ਜਿਸ ਨੂੰ ਲਾਗੂ ਕਰਨ ਲਈ ਸਰਕਾਰੀ ਮੰਡੀਆਂ ਦਾ ਅਤੇ ਕਿਸਾਨੀ ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ ਦੀ ਨੀਤੀ ਨੂੰ ਰੱਦ ਕਰ ਕੇ ਕਿਸਾਨੀ ਦੀ ਬੇਰਹਿਮ ਲੁੱਟ ਦੇ ਅਧਾਰ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ, ਉੱਥੇ ਸਰਕਾਰ ਵੱਲੋਂ ਫਸਲੀ ਖਰੀਦ ਦੀ ਜ਼ਿੰਮੇਵਾਰੀ ਤੋਂ ਆਪਣੇ ਆਪ ਨੂੰ ਮੁਕਤ ਕਰਕੇ ਸਸਤਾ ਰਾਸ਼ਨ ਵੰਡ ਪ੍ਰਣਾਲੀ ਦਾ ਭੋਗ ਪਾਉਣ, ਜ਼ਮੀਨੀ ਹੱਦ ਬੰਦੀ ਕਾਨੂੰਨ ਨੂੰ ਲਾਗੂ ਕਰਨ ਤੋਂ ਭੱਜਣ, ਠੇਕਾ ਖੇਤੀ ਨੀਤੀ ਲਾਗੂ ਕਰਨ ਵਰਗੇ ਕਦਮ ਚੁੱਕੇ ਜਾ ਰਹੇ ਹਨ।

ਉਨ੍ਹਾਂ ਆਖਿਆ ਕਿ ਇਹ ਰੈਲੀ ਪੰਜਾਬ ਦੇ ਸਮੂਹ ਮਿਹਨਤਕਸ਼ ਲੋਕਾਂ ਦੇ ਹਿੱਤਾਂ ਦੀ ਰਾਖੀ ਦਾ ਵਿਸ਼ੇਸ਼ ਮਹੱਤਵ ਰੱਖਦੀ ਹੈ, ਜਿਸ ਵਿੱਚ ਪੰਜਾਬ ਦੇ ਖੇਤ ਮਜ਼ਦੂਰ ਭਰਵੀਂ ਸ਼ਮੂਲੀਅਤ ਕਰਨਗ।

# ਗਿੱਦੜਬਾਹਾ ਪੈਟਰੋਲ ਪੰਪ ਤੋਂ ਕਾਰ ਖੋਹਣ ਵਾਲੇ 2 ਕਾਬੂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**

ਡਾ. ਸ੍ਰੀ ਅਖਿਲ ਚੌਧਰੀ, ਆਈ.ਪੀ.ਐੱਸ. ਸੀਨੀਅਰ ਕਪਤਾਨ ਪੁਲਸ ਦੇ ਦਿਸ਼ਾ-ਨਿਰਦੇਸ਼ਾਂ ਹੇਠ ਮਨਮੀਤ ਸਿੰਘ ਢਿੱਲੋਂ ਪੀ.ਪੀ.ਐਸ. ਕਪਤਾਨ ਪੁਲਿਸ (ਇੰਨਵੇ:), ਮੁਕਤਸਰ ਸਾਹਿਬ ਤੇ ਅਵਤਾਰ ਸਿੰਘ ਰਾਜਪਾਲ ਪੀ.ਪੀ.ਐਸ. ਉਪ ਕਪਤਾਨ ਪੁਲਸ ਗਿੱਦੜਬਾਹਾ ਦੀ ਅਗਵਾਈ ਹੇਠ ਗਿੱਦੜਬਾਹਾ ਪੁਲਸ ਤੇ ਇੰਸਪੈਕਟਰ ਗੁਰਵਿੰਦਰ ਸਿੰਘ ਇੰਚਾਰਜ ਸੀ.ਆਈ.ਏ. ਟੀਮ ਸ੍ਰੀ ਮੁਕਤਸਰ ਸਾਹਿਬ ਦੀ ਪੁਲਸ ਟੀਮ ਨੂੰ ਵੱਡੀ ਸਫ਼ਲਤਾ ਮਿਲੀ ਹੈ।

ਮਨਮੀਤ ਸਿੰਘ ਢਿੱਲੋਂ ਕਪਤਾਨ ਪੁਲਿਸ (ਡੀ) ਨੇ ਦੱਸਿਆ ਕਿ ਸੰਜੇ ਗਰੋਵਾਰ ਪੁੱਤਰ ਲਛਮਣ ਦਾਸ ਵਾਸੀ ਵਾਰਡ ਨੰਬਰ 18, ਗਾਂਧੀ ਚੌਂਕ ਗਿੱਦੜਬਾਹਾ ਸਮੇਤ ਪਰਵਾਰ ਇੱਕ ਫੰਕਸ਼ਨ ਵਿੱਚ ਆਪਣੀ ਕਾਰ ਬਰੀਜਾ ਨੰਬਰੀ 2-60-3-2907 ਮਾਡਲ 2017 ਰੰਗ ਚਿੱਟਾ ਪਰ ਸਵਾਰ ਹੋ ਕੇ ਲੀਲਾ ਰੋਇਲ ਪੈਲਿਸ ਗਿੱਦੜਬਾਹਾ ਵਿਖੇ ਆਇਆ ਸੀ, ਜਦ ਉਸਦਾ ਪਰਵਾਰ ਕਾਰ ਵਿੱਚੋਂ ਉੱਤਰ ਕੇ ਪੈਲਿਸ ਵਿੱਚ ਚਲਾ ਗਿਆ ਸੀ ਤਾਂ ਕਾਰ ਨੂੰ ਉਨ੍ਹਾਂ ਦਾ ਡਰਾਇਵਰ ਹਰਜੀਤ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਲਾਲਬਾਈ ਪਾਰਕ ਕਰ ਰਿਹਾ ਸੀ ਦੋ ਨਾਮਲੂਮ ਵਿਅਕਤੀ ਲੀਲਾ ਰੋਇਲ ਪੈਲਿਸ ਦੇ ਬਾਹਰੋਂ ਡਰਾਇਵਰ ਨੂੰ ਗੰਡਾਸੀ ਵਿਖਾ ਕੇ ਤੇ ਧਮਕੀ ਦੇ ਕੇ ਉਕਤ ਕਾਰ ਬਰੀਜਾ ਖੋਹ ਕੇ ਮੌਕਾ ਤੋਂ ਭੱਜ ਗਏ ਸਨ, ਜਿਸ ਸਬੰਧੀ ਸੰਜੇ ਗਰੋਵਾਰ ਪੁੱਤਰ ਲਛਮਣ ਦਾਸ ਵਾਸੀ ਵਾਰਡ ਨੰਬਰ 18, ਗਾਂਧੀ ਚੌਂਕ ਗਿੱਦੜਬਾਹਾ ਦੇ ਬਿਆਨ, ਪਰ ਮੁਕੱਦਮਾ ਥਾਣਾ ਗਿੱਦੜਬਾਹਾ ਬਰਖਿਲਾਫ਼ ਦੋ ਨਾਮਲੂਮ ਵਿਅਕਤੀਆਂ ਦੇ ਦਰਜ ਕਰਕੇ ਤਫ਼ਤੀਸ਼ ਅਮਲ ਵਿੱਚ ਲਿਆਂਦੀ ਗਈ।

ਦੌਰਾਨੇ ਤਫ਼ਤੀਸ਼ ਮੁਕੱਦਮਾ ਵਿੱਚ ਪੁਲਸ ਵੱਲੋਂ ਵੱਖ-ਵੱਖ ਟੀਮਾਂ ਬਣਾ ਕੇ ਹਿਊਮਨ ਇੰਟੈਲੀਜੈਂਸ ਤੇ ਟੈਕਨੀਕਲ ਤਰੀਕੇ ਨਾਲ ਤਫ਼ਤੀਸ਼ ਕਰਦਿਆਂ ਦੋਸ਼ੀਆਂ ਹਰਮਨਦੀਪ ਸਿੰਘ ਉਰਫ਼ ਹਰਮਨ ਪੁੱਤਰ ਡਿਪਟੀ ਸਿੰਘ ਪੁੱਤਰ ਬਲਵੰਤ ਸਿੰਘ ਅਤੇ ਜਗਵੀਰ ਸਿੰਘ ਉਰਫ਼ ਜੱਗਾ ਪੁੱਤਰ ਗੁਰਜੰਟ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀਆਨ ਵਿਰਕ ਖੇੜਾ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਜਿਨ੍ਹਾਂ ਪਾਸੋਂ ਖੋਹ ਸਮੇਂ ਵਰਤਿਆ ਇੱਕ ਮੋਟਰਸਾਈਕਲ ਮਾਰਕਾ ਬਜਾਜ ਪਲਸਰ ਨੰਬਰੀ ਪੀ ਬੀ 10 ਐਫ ਆਰ 7544 ਅਤੇ ਉਨ੍ਹਾਂ ਵੱਲੋਂ ਖੋਹ ਕੀਤੀ ਕਾਰ ਬਰੀਜਾ ਕਾਰ ਨੰਬਰੀ ਪੀ ਬੀ-60-3-2907 ਮਾਡਲ 2017 ਰੰਗ ਚਿੱਟਾ ਨੂੰ ਬਰਾਮਦ ਕੀਤਾ ਗਿਆ ਹੈ। ਉਕਤ ਦੋਸ਼ੀਆਂਨ ਦਾ ਮਾਨਯੋਗ ਅਦਾਲਤ ਪਾਸੋਂ ਪੁਲਸ ਰਿਮਾਂਡ ਹਾਸਲ ਕਰਕੇ ਅਗਲੀ ਤਫ਼ਤੀਸ਼ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਲੈ ਕੇ ਪਿੰਡਾਂ 'ਚ ਪੁੱਜੇ ਸਿਹਤ ਮੰਤਰੀ

## ਡੀ ਸੀ ਤੇ ਐੱਸ ਐੱਸ ਪੀ ਨੂੰ ਨਾਲ ਲੈ ਕੇ ਰੋਹਟੀ ਬਸਤਾ ਸਿੰਘ 'ਚ ਲੋਕਾਂ ਨਾਲ ਕੀਤੀ ਸਿੱਧੀ ਗੱਲਬਾਤ

**ਨਾਭਾ/ਪਟਿਆਲਾ (ਵਰਿੰਦਰ ਵਰਮਾ, ਰਜਿੰਦਰ ਸਿੰਘ ਥਿੰਦ)**

ਨਸ਼ਿਆਂ ਖ਼ਿਲਾਫ਼ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਨੂੰਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਪਿੰਡਾਂ 'ਚ ਲੈ ਕੇ ਪੁੱਜੇ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਹੈ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਨਸ਼ਿਆਂ ਦੀ ਸਿਆਸੀ ਪੁਸ਼ਤਪਨਾਹੀ ਬੰਦ ਕਰਵਾ ਦਿੱਤੀ ਹੈ।ਅੱਜ ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਤੇ ਐੱਸ ਐੱਸ ਪੀ ਡਾ. ਨਾਨਕ ਸਿੰਘ ਨਾਲ ਨਾਭਾ ਨੇੜਲੇ ਪਿੰਡ ਰੋਹਟੀ ਬਸਤਾ ਵਿਖੇ ਪੁੱਜੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਲੋਕਾਂ ਨਾਲ ਸਿੱਧੀ ਗੱਲਬਾਤ ਕੀਤੀ ਤੇ ਨਸ਼ਿਆਂ ਬਾਰੇ ਫੀਡਬੈਕ ਵੀ ਹਾਸਲ ਕੀਤੀ।



ਇਸ ਮੌਕੇ ਉਨ੍ਹਾਂ ਵਿਰੋਧੀ ਧਿਰਾਂ ਨੂੰ ਵੀ ਸਾਵਧਾਨ ਕੀਤਾ ਕਿ ਨਸ਼ਿਆਂ ਦੇ ਮੁੱਦੇ 'ਤੇ ਸਿਆਸਤ ਨਾ ਕਰਨ, ਸਗੋਂ ਸਰਕਾਰ ਦਾ ਸਾਥ ਦੇਣ, ਕਿਉਂਕਿ ਇਹ ਪੰਜਾਬ ਨੂੰ ਬਚਾਉਣ ਦਾ ਮਸਲਾ ਹੈ।ਉਨ੍ਹਾ ਸਪੱਸ਼ਟ ਕੀਤਾ ਕਿ ਪੰਜਾਬ ਸਰਕਾਰ ਇਸ ਗੱਲੋਂ ਦ੍ਰਿੜ੍ਹ ਹੈ ਕਿ ਨਸ਼ੇ ਦੇ ਤਸਕਰ ਜਾਂ ਪੰਜਾਬ ਛੱਡਣ ਜਾਂ ਆਪਣਾ ਕਾਰੋਬਾਰ ਬਦਲਣ।ਡਾ. ਬਲਬੀਰ ਸਿੰਘ ਨੇ ਲੋਕਾਂ ਨੂੰ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੇ ਗਏ ਵਾਅਦੇ ਮੁਤਾਬਕ ਪੰਜਾਬ 'ਚ ਨਸ਼ੇ ਵੇਚਣ ਵਾਲਿਆਂ ਦੀ ਕਮਰ ਤੋੜ ਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਅਜਿਹੇ ਮੁਕੰਮਲ ਪ੍ਰਬੰਧ ਕੀਤੇ ਹਨ ਕਿ ਨਸ਼ਿਆਂ ਦੇ ਰਾਹ ਤੋਂ ਮੋੜ ਕੇ ਜਵਾਨੀ ਨੂੰ ਸੇਧ ਦੇ ਕੇ ਤਰੱਕੀ ਦੇ ਰਾਹ ਤੋਰਿਆ ਜਾਵੇ ਅਤੇ ਨਸ਼ੇ ਦੇ ਆਦੀਆਂ ਦਾ ਇਲਾਜ ਕਰਕੇ ਉਨ੍ਹਾਂ ਦਾ ਹੁਨਰ ਵਿਕਾਸ ਤੇ ਪੁਨਰਵਾਸ ਕੀਤਾ ਜਾਵੇ।ਡਾ. ਬਲਬੀਰ ਸਿੰਘ ਨੇ ਪੰਚਾਂ-ਸਰਪੰਚਾਂ ਤੇ ਕੌਂਸਲਰਾਂ ਸਮੇਤ ਲੋਕ ਨੁਮਾਇੰਦਿਆਂ ਨੂੰ ਵੀ ਸੱਦਾ ਦਿੱਤਾ ਕਿ ਉਹ ਨਸ਼ਿਆਂ ਦੇ ਤਸਕਰਾਂ ਨਾਲ ਕੋਈ ਹਮਦਰਦੀ ਨਾ ਰੱਖਣ, ਕਿਉਂਕਿ ਜੇਕਰ ਪਸ਼ੂ, ਪੰਛੀ ਤੇ ਹੋਰ ਜਾਨਵਰ ਆਪਣੀ ਅਗਲੀਆਂ ਪੀੜ੍ਹੀਆਂ ਤੇ ਨਸਲਾਂ ਨੂੰ ਬਰਬਾਦ ਨਹੀਂ ਹੋਣ ਦਿੰਦੇ ਤਾਂ ਅਸੀਂ ਕਿਉਂ ਅਜਿਹਾ ਕਰ ਰਹੇ ਹਾਂ।ਸਿਹਤ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ੇ ਵਿਕਣ ਦੀ ਸੂਚਨਾ ਨੇੜਲੇ ਪੁਲਸ ਚੌਕੀ ਜਾਂ ਥਾਣੇ ਨੂੰ ਜਾਂ ਨਸ਼ਾ ਵਿਰੋਧੀ ਹੈਲਪ ਲਾਈਨ ਨੰਬਰ 9779500200 'ਤੇ ਦਿੱਤੀ ਜਾਵੇ, ਜਿੱਥੇ ਤੁਹਾਡੀ ਪਛਾਣ ਗੁਪਤ ਰੱਖੀ ਜਾਵੇਗੀ।ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਆਮ ਲੋਕ ਸਾਥ ਦੇਣ, ਕਿਉਂਕਿ ਜ਼ਮੀਨੀ ਪੱਧਰ ਦੀ ਸੂਚਨਾ ਲੋਕਾਂ ਕੋਲ ਹੀ ਹੁੰਦੀ ਹੈ ਤੇ ਕੋਈ ਵੀ ਨਹੀਂ ਚਾਹੁੰਦਾ ਕਿ ਉਨ੍ਹਾਂ ਦੇ ਬੱਚੇ ਨਸ਼ੇ ਕਰਨ।ਐੱਸ.ਐੱਸ.ਪੀ. ਡਾ. ਨਾਨਕ ਸਿੰਘ ਨੇ ਕਿਹਾ ਕਿ ਕੋਈ ਵੀ ਲੜਾਈ ਲੋਕਾਂ ਦੇ ਸਹਿਯੋਗ ਨਾਲ ਹੀ ਜਿੱਤੀ ਜਾ ਸਕਦੀ ਹੈ, ਇਸ ਲਈ ਲੋਕ ਬੇਖ਼ੌਫ਼ ਹੋ ਕੇ ਨਸ਼ਿਆਂ ਦੇ ਖਾਤਮੇ ਲਈ ਅੱਗੇ ਆਉਣ।ਉਨ੍ਹਾ ਕਿਹਾ ਕਿ ਪੁਲਸ ਇਸ ਗੱਲੋਂ ਸਪੱਸ਼ਟ ਹੈ ਕਿ ਮਿਲੀ ਸੂਚਨਾ 'ਤੇ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ ਤੇ ਕਿਸੇ ਵੀ ਨਸ਼ਾ ਤਸਕਰ ਨੂੰ ਬਖ਼ਸ਼ਿਆ ਨਹੀਂ ਜਾਵੇਗਾ।ਇਸ ਮੌਕੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆ ਵਾਲਾ, ਵਣ ਮੰਡਲ ਅਫ਼ਸਰ ਵਿੱਦਿਆ ਸਾਗਰੀ, ਏ.ਡੀ.ਸੀ. (ਜ) ਅਨੁਪ੍ਰਿਤਾ ਜੌਹਲ, ਐੱਸ.ਡੀ.ਐੱਮ. ਡਾ. ਇਸਮਤ ਵਿਜੇ ਸਿੰਘ, ਡੀ.ਐੱਸ.ਪੀ. ਮਨਦੀਪ ਕੌਰ, ਜੈ ਸ਼ੰਕਰ ਸ਼ਰਮਾ, ਸਰਪੰਚ ਗੁਰਧਿਆਨ ਸਿੰਘ, ਦਰਸ਼ਨ ਸਿੰਘ, ਦਿਵਾਨ ਸਿੰਘ ਆਦਿ ਮੌਜੂਦ ਸਨ।

# ਮੰਝਵਾਲਾ 'ਚ ਚੱਲੀਆਂ ਗੋਲੀਆਂ, 8 ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਖੂ ਦੇ ਅਧੀਨ ਆਉਂਦੇ ਪਿੰਡ ਮੰਝ ਵਾਲਾ ਵਿਖੇ ਗੋਲੀਆਂ ਚੱਲਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਮਖੂ ਪੁਲਸ ਨੇ 4 ਬਾਏ ਨੇਮ ਲੋਕਾਂ ਤੇ 3-4 ਅਣਪਛਾਤੇ ਵਿਅਕਤੀਆਂ ਖਿਲਾਫ 109, 333, 115 (2), 324 (4), 191 (3), 190 ਬੀਐੱਨਐੱਸ ਅਤੇ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਬਲਦੇਵ ਸਿੰਘ ਪੁੱਤਰ ਕਾਲਾ ਸਿੰਘ ਵਾਸੀ ਪਿੰਡ ਮੰਝ ਵਾਲਾ ਨੇ ਦੱਸਿਆ ਕਿ ਰਾਤ 11 ਵਜੇ ਦੋਸ਼ੀਆਨ ਦਾਰਾ ਸਿੰਘ ਪੁੱਤਰ ਮਾਨ ਸਿੰਘ, ਮੰਨਤ ਕੌਰ ਪਤਨੀ ਦਾਰਾ ਸਿੰਘ, ਰਾਜਵਿੰਦਰ ਕੌਰ ਪੁੱਤਰੀ ਦਾਰਾ ਸਿੰਘ ਵਾਸੀਅਨ ਪਿੰਡ ਮੰਝ ਵਾਲਾ ਤੇ ਰਮਨ ਕੌਰ ਪੁੱਤਰੀ ਜਸਵੰਤ ਸਿੰਘ ਵਾਸੀ ਸ਼ੇਰਪੁਰ ਤਾਇਬਾ ਤੇ ਅਣਪਛਾਤੇ ਵਿਅਕਤੀ ਕਾਰ ਸਵਿਫਟ ਤੇ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਉਸ ਦੇ ਘਰ ਆਏ ਤੇ ਆਉਂਦੇ ਸਾਰ ਦਾਰਾ ਸਿੰਘ ਨੇ ਲਲਕਾਰਾ ਮਾਰਿਆ ਕਿ ਇਸ ਨੂੰ ਮੁਕੱਦਮਾ ਦਰਜ ਕਰਾਉਣ ਦਾ ਮਜ਼ਾ ਚਖਾ ਦਿਓ, ਜਿਸ 'ਤੇ ਦਾਰਾ ਸਿੰਘ ਨੇ ਦਸਤੀ ਪਿਸਤੌਲ ਨਾਲ ਮੇਰੇ 'ਤੇ ਮਾਰ ਦੇਣ ਦੀ ਨੀਅਤ ਨਾਲ ਫਾਇਰ ਕੀਤਾ, ਜੋ ਘਰ ਦੇ ਬਿਨਾਂ ਲੱਗੇ ਬੂਹੇ ਵਾਲਾ ਕਰਮੇ ਵਿੱਚ ਪਏ ਭਤੀਜੇ ਮਨਜੀਤ ਸਿੰਘ ਦੀ ਸੱਜੀ ਵੱਖੀ 'ਚ ਲੱਗੇ ਤੇ ਅਣਪਛਾਤੇ ਵਿਅਕਤੀਆਂ ਵੱਲੋਂ ਹੋਰ ਫਾਇਰ ਕੀਤੇ ਗਏ ਤੇ ਬੂਹੇ ਬਾਰੀਆਂ ਤੇ ਸ਼ੀਸ਼ੇ 'ਤੇ ਲੱਗਣ ਨਾਲ ਕਾਫੀ ਨੁਕਸਾਨ ਹੋਇਆ। ਜਾਂਚਕਰਤਾ ਗੁਰਦੀਪ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਹੈ।

# ਕੀ ਸੀ ਐੱਮ ਦੀ ਭ੍ਰਿਸ਼ਟਾਚਾਰ ਵਿਰੋਧੀ ਬਾਜ਼ ਅੱਖ ਦੀ ਨਜ਼ਰ ਡੀ ਈ ਓ ਦਫਤਰ ਫਾਜ਼ਿਲਕਾ 'ਤੇ ਵੀ ਪਵੇਗੀ ?

- ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਘਿਰੇ ਡੀਈਓ ਤੋਂ ਸਿਰਫ ਚਾਰਜ ਖੋਹਣ ਨਾਲ ਸੰਤੁਸ਼ਟ ਨਹੀਂ ਅਧਿਆਪਕ !
- ਜ਼ਿਲ੍ਹਾ ਸਿੱਖਿਆ ਦਫਤਰ ਤੋਂ ਸਕੂਲ ਦੀ ਗਰਾਂਟ 'ਚੋਂ ਕਮਿਸ਼ਨ ਨਾ ਦੇਣ ਵਾਲੇ ਪ੍ਰਿੰਸੀਪਲ ਨੂੰ ਮਿਲਦੀਆਂ ਸਨ ਧਮਕੀਆਂ !
- ਭ੍ਰਿਸਟਾਚਾਰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ : ਵਿਧਾਇਕ ਸਵਨਾ

**ਫਾਜ਼ਿਲਕਾ (ਪਰਮਜੀਤ ਢਾਬਾਂ)**

ਸੂਬੇ ਵਿੱਚ ਬਦਲਾਵ ਦੇ ਨਾਮ 'ਤੇ ਨਵੀਂ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਨੇ ਆਪਣੀ ਸਰਕਾਰ ਦੀ ਪਹਿਲੀ ਪਾਰੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੀ ਸ਼ੁਰੂਆਤ ਕਰਕੇ ਇੱਕ ਨੰਬਰ ਜਾਰੀ ਕਰਕੇ ਕੀਤੀ ਸੀ, ਜਿਸ ਦੇ ਪਹਿਲਾਂ ਪ੍ਰਮਾਣ ਭਾਵੇਂ ਲੋਕਾਂ ਨੂੰ ਦੇਖਣ ਨੂੰ ਮਿਲੇ, ਪ੍ਰੰਤੂ ਜਿਵੇਂ ਜਿਵੇਂ ਸਮਾਂ ਬੀਤਦਾ ਗਿਆ ਸਿਰਫ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਹੀ ਮੱਠੀ ਨਹੀਂ ਪਈ, ਸਗੋਂ ਪੰਜਾਬ ਵਿੱਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਸਿਰ ਚੜ੍ਹ ਕੇ ਬੋਲਣ ਲੱਗਿਆ। ਸ਼ਾਇਦ ਹੁਣ ਪੰਜਾਬ ਦੇ ਮੁੱਖ ਮੰਤਰੀ ਨੂੰ ਪੰਜਾਬ ਦਾ ਹਰ ਵਿਭਾਗ ਭ੍ਰਿਸ਼ਟਾਚਾਰ ਨਾਲ ਲਿਬੜਿਆ ਨਜ਼ਰ ਆਇਆ, ਤਾਂ ਉਨ੍ਹਾਂ ਨੇ ਫਿਰ ਦੁਬਾਰਾ ਤੋਂ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਛੇੜਨ ਦਾ ਐਲਾਨ ਕਰ ਦਿੱਤਾ। ਇਸ ਮੁਹਿੰਮ ਦਾ ਨਤੀਜਾ ਜ਼ਿਲ੍ਹਾ ਫਾਜ਼ਿਲਕਾ ਦੇ ਸਮੂਹ ਅਧਿਆਪਕ ਦੇਖਣ ਲਈ ਉਤਾਵਲੇ ਹੋ ਰਹੇ ਹਨ ਤੇ ਉਹ ਸਵਾਲ ਕਰ ਰਹੇ ਹਨ ਕਿ ਕੀ ਪੰਜਾਬ ਦੇ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਬਾਜ਼ ਅੱਖ ਭ੍ਰਿਸ਼ਟਾਚਾਰ ਨਾਲ ਪੂਰੀ ਤਰ੍ਹਾਂ ਲਿਬੜ ਚੁੱਕੇ ਜ਼ਿਲ੍ਹਾ ਸਿੱਖਿਆ ਦਫਤਰ ਫਾਜ਼ਿਲਕਾ 'ਤੇ ਵੀ ਨਜ਼ਰ ਪਵੇਗੀ, ਇਹ ਸਵਾਲ ਸਿਰ ਚੜ੍ਹ ਕੇ ਬੋਲ ਰਿਹਾ ਹੈ। ਭਾਵੇਂ ਕਿ ਅੱਜ ਛੁੱਟੀ ਵਾਲੇ ਦਿਨ ਐਤਵਾਰ ਇੱਕ ਲਿਖਤੀ ਹੁਕਮ ਜਾਰੀ ਕਰਕੇ ਸਕੱਤਰ ਸਿੱਖਿਆ ਪੰਜਾਬ ਵੱਲੋਂ ਡੀਈਓ ਫਾਜ਼ਿਲਕਾ ਬ੍ਰਿਜਮੋਹਨ ਬੇਦੀ ਤੋਂ ਜ਼ਿਲ੍ਹਾ ਸਿੱਖਿਆ ਅਫਸਰ ਦਾ ਵਿਭਾਗ ਵਾਪਸ ਲੈ ਕੇ ਰਿਪੋਰਟ ਸਿੱਖਿਆ ਸਕੱਤਰ ਨੂੰ ਕਰਨ ਲਈ ਜਾਰੀ ਹੋਇਆ ਹੈ, ਪ੍ਰੰਤੂ ਇਸ ਹੁਕਮ ਤੋਂ ਫਾਜ਼ਿਲਕਾ ਨਾਲ ਸੰਬੰਧਤ ਸਕੂਲਾਂ ਦੇ ਪ੍ਰਿੰਸੀਪਲ, ਮੁੱਖ ਅਧਿਆਪਕ ਤੇ ਆਮ ਅਧਿਆਪਕ ਸੰਤੁਸ਼ਟ ਨਹੀਂ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਦਰਜਨ ਦੇ ਕਰੀਬ ਲਿਖਤੀ ਦਰਖਾਸਤਾਂ ਸਿੱਖਿਆ ਸਕੱਤਰ ਪੰਜਾਬ ਨੂੰ ਜ਼ਿਲ੍ਹਾ ਫਾਜ਼ਿਲਕਾ ਨਾਲ ਸੰਬੰਧਤ ਸਕੂਲਾਂ ਦੇ ਮੁਖੀਆਂ ਵੱਲੋਂ ਭੇਜਿਆਂ ਗਈਆਂ ਹਨ ਕਿ ਉਕਤ ਜ਼ਿਲ੍ਹਾ ਸਿੱਖਿਆ ਦਫਤਰ ਵੱਲੋਂ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਕੀਤਾ ਗਿਆ ਹੈ। ਦਿੱਤੀਆਂ ਗਈਆਂ ਦਰਖਾਸਤਾਂ ਵਿੱਚ ਦੱਸਿਆ ਗਿਆ ਹੈ ਕਿ ਸਿੱਖਿਆ ਵਿਭਾਗ ਵੱਲੋਂ ਸੂਬੇ ਭਰ ਦੇ ਸਰਕਾਰੀ ਸਕੂਲਾਂ ਵਿੱਚ 9ਵੀਂ, 10ਵੀਂ, +1 ਤੇ +2 ਵਿੱਚ ਪੜ੍ਹਦੀਆਂ ਵਿਦਿਆਰਥਣਾਂ ਦੇ ਮਨੋਵਿਗਿਆਨਕ ਟੈਸਟ ਲਈ ਵੱਡੀ ਰਕਮ ਜਾਰੀ ਕੀਤੀ ਗਈ ਸੀ, ਜਿਸ ਵਿੱਚ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਹੋਣ ਦਾ ਖਦਸ਼ਾ ਹੈ। ਇਹ ਟੈਸਟ ਕਰਵਾਉਣ ਲਈ ਇੱਕ ਹੀ ਕੰਪਨੀ ਨੂੰ ਠੇਕਾ ਦਿੱਤਾ ਗਿਆ ਹੈ ਤੇ ਉਸ ਕੰਪਨੀ ਨਾਲ ਕਥਿਤ ਮਿਲੀਭੁਗਤ ਕਰਕੇ ਟੈਸਟਾਂ ਦੇ ਨਾਮ 'ਤੇ ਵੱਡੇ ਪੱਧਰ 'ਤੇ ਕਮਿਸ਼ਨ ਵਸੂਲਿਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀ ਵਿਦਿਆਰਥਣਾਂ ਦੀ ਮਾਨਸਿਕ ਸਿਹਤ ਦੀ ਜਾਂਚ ਕਰਨ ਦੇ ਮਕਸਦ ਨਾਲ ਸਾਈਕੋਮੈਟ੍ਰਿਕ ਟੈਸਟ ਕਰਵਾ ਰਹੇ ਹਨ। ਪਤਾ ਲੱਗਾ ਹੈ ਕਿ ਸਾਈਕੋਮੈਟ੍ਰਿਕ ਟੈਸਟ ਲਈ ਪ੍ਰਤੀ ਵਿਦਿਆਰਥਣ 675/- ਰੁਪਏ ਨਿਰਧਾਰਤ ਕੀਤੇ ਗਏ ਸਨ, ਜਿਸ ਵਿੱਚੋਂ 400/- ਰੁਪਏ ਪ੍ਰਤੀ ਬੱਚਾ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਕਮਿਸ਼ਨ ਦੇ ਰੂਪ ਵਿੱਚ ਵਾਪਸ ਕੀਤੇ ਜਾ ਰਹੇ ਹਨ। ਜ਼ਿਲ੍ਹਾ ਫਾਜ਼ਿਲਕਾ ਦੇ ਦਰਜਨਾਂ ਸਰਕਾਰੀ ਸਕੂਲਾਂ ਦੀਆਂ ਹਜ਼ਾਰਾਂ ਵਿਦਿਆਰਥਣਾਂ ਦੇ ਮਨੋਵਿਗਿਆਨਕ ਟੈਸਟ ਕਰਵਾਏ ਗਏ ਹਨ, ਜਿਸ ਦੇ ਬਦਲੇ ਮੋਟੀ ਰਕਮ ਵਸੂਲੀ ਗਈ ਹੈ।



ਜਿਵੇਂ ਹੀ ਅੱਜ ਫਾਜ਼ਿਲਕਾ ਜ਼ਿਲ੍ਹੇ ਦੇ ਮੌਜੂਦਾ ਜ਼ਿਲ੍ਹਾ ਸਿੱਖਿਆ ਅਫਸਰ ਤੋਂ ਚਾਰਜ ਖੋਹੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ, ਤਾਂ ਇਹ ਖਬਰ ਅਧਿਆਪਕਾਂ ਵਿੱਚ ਅੱਗ ਵਾਂਗ ਫੈਲ ਗਈ। ਜਿੱਥੇ ਉਹ ਖੁਸ਼ੀ ਮਨਾ ਰਹੇ ਸਨ, ਉੱਥੇ ਹੀ ਹੁਣ ਉਨ੍ਹਾਂ ਨੇ ਆਪਣੀਆਂ ਸ਼ਿਕਾਇਤਾਂ ਦੀ ਝੜੀ ਲਾਉਣੀ ਵੀ ਸ਼ੁਰੂ ਕਰ ਦਿੱਤੀ ਹੈ। ਇਸ ਪੱਤਰਕਾਰ ਨੂੰ ਇੱਕ ਸਕੂਲ ਦੇ ਪ੍ਰਿੰਸੀਪਲ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਇਸ ਤੋਂ ਬਾਅਦ ਅਧਿਆਪਕਾਂ ਵੱਲੋਂ ਸ਼ਿਕਾਇਤਾਂ ਦੀ ਲਿਖਤੀ ਰੂਪ ਵਿੱਚ ਸਿੱਖਿਆ ਸਕੱਤਰ ਵੱਲ ਝੜੀ ਲੱਗ ਜਾਏਗੀ, ਕਿਉਂਕਿ ਉਕਤ ਸਿੱਖਿਆ ਅਫਸਰ ਸਕੂਲ ਵਿੱਚ ਆਈ ਗਰਾਂਟ ਬਦਲੇ ਮੋਟਾ ਕਮਿਸ਼ਨ ਨਾ ਦੇਣ ਵਾਲੇ ਸਕੂਲ ਮੁਖੀਆਂ ਨੂੰ ਪਠਾਨਕੋਟ ਭੇਜਣ ਦੀ ਹੀ ਸਿਰਫ ਧਮਕੀ ਨਹੀਂ ਦਿੰਦਾ ਸੀ, ਸਗੋਂ ਉਸ ਖਿਲਾਫ ਵਿਭਾਗੀ ਝੂਠੀਆਂ ਸ਼ਿਕਾਇਤਾਂ ਕਰਵਾ ਕੇ ਉਨ੍ਹਾਂ ਦੀ ਇਨਕੁਆਰੀ ਖੋਲ੍ਹ ਦਿੰਦਾ ਸੀ ਅਤੇ ਆਪ ਹੀ ਇਨਕੁਆਰੀ ਅਫਸਰ ਤਾਇਨਾਤ ਕਰਕੇ ਉਨ੍ਹਾਂ ਨੂੰ ਖੱਜਲ ਖੁਆਰ ਕਰਦਾ ਸੀ।

ਇਸ ਪੱਤਰਕਾਰ ਵੱਲੋਂ ਜ਼ਿਲ੍ਹਾ ਫਾਜ਼ਿਲਕਾ ਵਿੱਚੋਂ ਪ੍ਰਾਪਤ ਕੀਤੀਆਂ ਰਿਪੋਰਟਾਂ ਅਨੁਸਾਰ ਪਤਾ ਲੱਗਿਆ ਹੈ ਕਿ ਜਿਸ ਸਕੂਲ ਵਿੱਚ ਉਕਤ ਜ਼ਿਲ੍ਹਾ ਸਿੱਖਿਆ ਅਫਸਰ ਬਤੌਰ ਪ੍ਰਿੰਸੀਪਲ ਤਾਇਨਾਤ ਸੀ, ਉਸ ਸਕੂਲ ਵਿੱਚ ਸਭ ਨਾਲੋਂ ਵੱਧ ਗਰਾਂਟਾਂ ਤਕਸੀਮ ਕੀਤੀਆਂ ਗਈਆਂ ਹਨ ਅਤੇ ਸਭ ਤੋਂ ਵੱਧ ਉਸ ਸਕੂਲ ਵਿੱਚ ਭ੍ਰਿਸ਼ਟਾਚਾਰ ਹੋਣ ਦਾ ਖਦਸ਼ਾ ਹੈ। ਇੱਥੇ ਹੀ ਬਸ ਨਹੀਂ, ਫਾਜ਼ਿਲਕਾ ਦੇ ਇੱਕ ਸਕੂਲ ਵਿੱਚ ਕਰੀਬ 62 ਲੱਖ ਰੁਪਏ ਦੀ ਗਰਾਂਟ ਆਈ ਹੈ ਅਤੇ ਉਸ ਸਕੂਲ ਵਿੱਚੋਂ ਕਰੀਬ ਸਾਢੇ 18 ਲੱਖ ਰੁਪਏ ਰਿਸ਼ਵਤ ਦੇ ਰੂਪ ਵਿੱਚ ਵਾਪਸ ਉਕਤ ਡੀਈਓ ਵੱਲੋਂ ਮੰਗੀ ਗਈ ਸੀ ਅਤੇ ਉਨ੍ਹਾਂ ਸਕੂਲ ਅਧਿਆਪਕਾਂ ਤੇ ਸਕੂਲ ਮੁਖੀ ਵੱਲੋਂ ਗੱਲਬਾਤ ਦੀ ਰਿਕਾਰਡਿਗ ਕਰਕੇ ਇਸ ਖਿਲਾਫ ਕਾਰਵਾਈ ਕਰਨ ਦੀ ਕੋਸ਼ਿਸ਼ ਕੀਤੀ ਗਈ, ਪ੍ਰੰਤੂ ਕੁਝ ਰਾਜਸੀ ਆਗੂਆਂ ਵੱਲੋਂ ਇਸ ਮਾਮਲੇ ਨੂੰ ਦਬਾ ਲਿਆ ਗਿਆ ਹੈ। ਇਹ ਵੀ ਪਤਾ ਚੱਲਿਆ ਹੈ ਕਿ ਜ਼ਿਲ੍ਹਾ ਫਾਜ਼ਿਲਕਾ ਦੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਦੇ ਚੁਣੇ ਹੋਏ ਵਿਧਾਇਕਾਂ ਦੇ ਕੁਝ ਵਿਅਕਤੀ, ਜੋ ਜ਼ਿਲ੍ਹਾ ਸਿੱਖਿਆ ਅਫਸਰ ਨਾਲ ਮਿਲ ਕੇ ਸਕੂਲਾਂ ਵਿੱਚ ਖੁਦ ਪਹੁੰਚ ਕਰਕੇ ਕਮਿਸ਼ਨ ਮੰਗਣ ਲਈ ਜਾਂਦੇ ਸਨ। ਅਧਿਆਪਕਾਂ ਦਾ ਇੱਥੋਂ ਤੱਕ ਕਹਿਣਾ ਹੈ ਕਿ ਜੇਕਰ ਜ਼ਿਲ੍ਹਾ ਫਾਜ਼ਿਲਕਾ ਦੇ ਸਰਕਾਰੀ ਸਕੂਲਾਂ ਵਿੱਚ ਆਈਆਂ ਹੋਈਆਂ ਗਰਾਂਟਾਂ ਵਿੱਚੋਂ ਸਕੂਲ ਮੁਖੀਆਂ ਨੂੰ ਬਲੈਕਮੇਲ ਕਰਕੇ, ਡਰਾ ਧਮਕਾ ਕੇ ਤੇ ਵਿਭਾਗੀ ਕਾਰਵਾਈ ਕਰਵਾਉਣ ਦੀਆਂ ਧਮਕੀਆਂ ਦੇ ਕੇ ਲਏ ਕਮਿਸ਼ਨ ਦੀ ਨਿਰਪੱਖ ਜਾਂਚ ਕਰ ਲਈ ਜਾਏ ਤਾਂ ਜ਼ਿਲ੍ਹਾ ਫਾਜ਼ਿਲਕਾ ਦੇ ਸੱਤਾ ਧਿਰ ਦੇ ਕੁਝ ਵਿਧਾਇਕਾਂ ਦੇ ਖਾਸ ਵਿਅਕਤੀਆਂ ਦੇ ਸ਼ਾਮਲ ਹੋਣ ਦੀ ਕਥਿਤ ਪੁਸ਼ਟੀ ਵੀ ਸਪੱਸ਼ਟ ਤੌਰ 'ਤੇ ਹੋ ਸਕਦੀ ਹੈ। ਅਧਿਆਪਕਾਂ ਦੀਆਂ ਜਥੇਬੰਦੀਆਂ ਵੱਲੋਂ ਵੀ ਜ਼ਿਲ੍ਹਾ ਸਿੱਖਿਆ ਦਫਤਰ ਵਿੱਚ ਫੈਲੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਲਈ ਕਈ ਵਾਰ ਤਾੜਨਾ ਕੀਤੀ ਗਈ, ਪ੍ਰੰਤੂ ਭ੍ਰਿਸ਼ਟਾਚਾਰ ਨਾਲ ਬੁਰੀ ਤਰ੍ਹਾਂ ਲਿਪਤ ਹੋ ਗਏ ਅਧਿਕਾਰੀਆਂ ਦੇ ਕੰਨ 'ਤੇ ਜੂੰ ਨਾ ਸਰਕੀ।

ਗੌਰਵ ਤਲਬ ਹੈ ਕਿ ਉਕਤ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਕਰੀਬ ਤਿੰਨ-ਚਾਰ ਸਾਲ ਪਹਿਲਾਂ ਵੇਲੇ ਦੇ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਵੱਲੋਂ ਪੀ ਟੈਟ ਦੇ ਪੇਪਰ 'ਚ ਨਕਲ ਕਰਵਾਉਣ, ਆਪਣੀ ਮਰਜ਼ੀ ਦੇ ਅਧਿਆਪਕ ਲਗਾਉਣ ਦੇ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤੇ ਜਾਣ ਦੀ ਕਾਰਵਾਈ ਕਰਦਿਆਂ ਸਸਪੈਂਡ ਕੀਤਾ ਗਿਆ ਸੀ। ਇੱਥੇ ਹੀ ਬਸ ਨਹੀਂ, ਉਕਤ ਬਹੁ-ਚਰਚਿਤ ਸਿੱਖਿਆ ਅਧਿਕਾਰੀ ਆਪਣੇ ਬਤੌਰ ਮੁੱਖ ਅਧਿਆਪਕ ਦੀ ਡਿਊਟੀ ਤੋਂ ਲੈ ਕੇ ਡੀਈਓ ਦੀ ਡਿਊਟੀ ਤੱਕ ਕਈ ਦਰਜਨਾਂ ਸ਼ਿਕਾਇਤਾਂ ਦਾ ਸਾਹਮਣਾ ਕਰ ਚੁੱਕਿਆ ਹੈ। ਇਸ ਅਧਿਕਾਰੀ ਦੇ ਹੈਰਾਨੀਜਨਕ ਤੱਥ ਸਿੱਖਿਆ ਵਿਭਾਗ ਸਾਹਮਣੇ ਹੋਣ ਦੇ ਬਾਵਜੂਦ ਉਸ ਨੂੰ ਬਤੌਰ ਜ਼ਿਲ੍ਹਾ ਸਿੱਖਿਆ ਅਫਸਰ ਤਾਇਨਾਤ ਕਰਨਾ ਵੀ ਆਮ ਆਦਮੀ ਪਾਰਟੀ ਦੀ ਬਦਲਾਵ ਵਾਲੀ ਸਰਕਾਰ ਦੇ ਨੁਮਾਇੰਦਿਆਂ 'ਤੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦਾ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਪੰਜਾਬ ਦੇ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਬਾਜ਼ ਵਾਲੀ ਅੱਖ ਇਸ ਭ੍ਰਿਸ਼ਟਾਚਾਰ ਨਾਲ ਲਿਪਤ ਹੋਏ ਅਧਿਕਾਰੀ ਤੇ ਨਜ਼ਰ ਰੱਖਦਿਆਂ ਕੰਮ ਕਰਦੀ ਹੈ ਜਾਂ ਫਿਰ ਬੰਦ ਹੋ ਜਾਂਦੀ ਹੈ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

ਇਸ ਸਬੰਧੀ ਜਦੋਂ ਵਿਧਾਨ ਸਭਾ ਹਲਕਾ ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਵਨਾ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾ ਕਿਹਾ ਕਿ ਉਕਤ ਜ਼ਿਲ੍ਹਾ ਸਿੱਖਿਆ ਅਫਸਰ ਖਿਲਾਫ ਕਈ ਅਧਿਆਪਕਾਂ ਦੀਆਂ ਸ਼ਿਕਾਇਤਾਂ ਉਨ੍ਹਾਂ ਕੋਲ ਆਈਆਂ ਸਨ ਤੇ ਇਸ ਦਾ ਧਿਆਨ ਉਨ੍ਹਾਂ ਵੱਲੋਂ ਸਿੱਖਿਆ ਮੰਤਰੀ ਸ੍ਰੀ ਹਰਜੋਤ ਸਿੰਘ ਬੈਂਸ ਨੂੰ ਦਿਵਾਇਆ ਸੀ ਅਤੇ ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਕਿਹਾ ਸੀ ਕਿ ਉਨ੍ਹਾਂ ਕੋਲ ਪਹਿਲਾਂ ਹੀ ਇੱਕ ਉਕਤ ਅਧਿਕਾਰੀ ਖਿਲਾਫ ਲਿਖਤੀ ਸ਼ਿਕਾਇਤ ਆਈ ਹੈ। ਇਸ ਤਰ੍ਹਾਂ ਦੇ ਮਾਮਲੇ ਵਿੱਚ ਕਿਸੇ ਵੀ ਕੀਮਤ 'ਤੇ ਭ੍ਰਿਸ਼ਟਾਚਾਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਮੁਢਲੇ ਤੌਰ 'ਤੇ ਉਸ 'ਤੇ ਕਾਰਵਾਈ ਕਰਦਿਆਂ ਉਕਤ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਬਤੌਰ ਜ਼ਿਲ੍ਹਾ ਸਿੱਖਿਆ ਅਫਸਰ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ ਅਤੇ ਉਸ ਦੇ ਖਿਲਾਫ ਜਾਂਚ ਕੀਤੀ ਜਾ ਰਹੀ ਹੈ। ਜੇਕਰ ਉਹ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੇ ਦੋਸ਼ੀ ਪਾਏ ਜਾਂਦੇ ਹਨ ਤਾਂ ਉਸ ਖਿਲਾਫ ਵਿਭਾਗੀ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਭ੍ਰਿਸ਼ਟਾਚਾਰ ਦੇ ਲੱਗੇ ਦੋਸ਼ਾਂ ਬਾਰੇ ਜਦੋਂ ਜ਼ਿਲ੍ਹਾ ਸਿੱਖਿਆ ਅਫਸਰ ਬ੍ਰਿਜ ਮੋਹਨ ਬੇਦੀ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਮੇਰੇ 'ਤੇ ਲੱਗੇ ਦੋਸ਼ ਬੇਬੁਨਿਆਦ ਹਨ। ਸਰਕਾਰ ਵੱਲੋਂ ਮੇਰਾ ਕੋਈ ਪੱਖ ਨਹੀਂ ਸੁਣਿਆ ਗਿਆ। ਮੇਰੇ ਖਿਲਾਫ ਬੇਨਾਮੀਆਂ ਸ਼ਿਕਾਇਤਾਂ ਕੀਤੀਆਂ ਗਈਆਂ ਹਨ ਅਤੇ ਮੈਂ ਪਿਛਲੇ ਡੇਢ ਮਹੀਨੇ ਤੋਂ ਛੁੱਟੀ 'ਤੇ ਚੱਲ ਰਿਹਾ ਹਾਂ। ਮੈਨੂੰ ਬਿਨਾਂ ਮਤਲਬ ਤੋਂ ਸਿਆਸੀ ਭੇਟ ਚੜ੍ਹਾਇਆ ਜਾ ਰਿਹਾ ਹੈ।

# ਨਗਰ ਕੌਂਸਲ ਡੇਰਾ ਬਾਬਾ ਨਾਨਕ ਤੋਂ 'ਆਪ' ਜੇਤੂ

ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ) ਨਗਰ ਕੌਂਸਲ ਡੇਰਾ ਬਾਬਾ ਨਾਨਕ ਦੀਆਂ ਆਮ ਚੋਣਾਂ ਐਤਵਾਰ ਪੂਰੇ ਅਮਨ-ਅਮਾਨ ਨਾਲ ਮੁਕੰਮਲ ਹੋ ਗਈਆਂ ਹਨ। ਸਵੇਰੇ 07:00 ਵਜੇ ਤੋਂ ਸ਼ਾਮ 04:00 ਵਜੇ ਤੱਕ ਕੁੱਲ 73.5 ਫ਼ੀਸਦੀ ਵੋਟਾਂ ਪੋਲ ਹੋਈਆਂ। ਵੋਟਾਂ ਪੈਣ ਦੀ ਸਮਾਪਤੀ ਤੋਂ ਐਲਾਨੇ ਚੋਣ ਨਤੀਜਿਆਂ ਦੌਰਾਨ ਨਗਰ ਕੌਂਸਲ ਦੇ 13 ਵਾਰਡਾਂ ਵਿੱਚੋਂ 9 ਵਾਰਡਾਂ ਵਿੱਚ ਆਮ ਆਦਮੀ ਪਾਰਟੀ ਨੇ ਜਿੱਤ ਦਰਜ ਕੀਤੀ ਹੈ, ਜਦਕਿ ਕਾਂਗਰਸ ਪਾਰਟੀ ਦੇ 4 ਉਮੀਦਵਾਰ ਜੇਤੂ ਰਹੇ ਹਨ। ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਨੇ ਦੱਸਿਆ ਕਿ ਨਗਰ ਕੌਂਸਲ ਡੇਰਾ ਬਾਬਾ ਨਾਨਕ ਦੇ 13 ਵਾਰਡਾਂ ਵਿਚੋਂ ਆਮ ਆਦਮੀ ਪਾਰਟੀ ਦੇ 9 ਉਮੀਦਵਾਰ ਜੇਤੂ ਰਹੇ ਹਨ। ਆਮ ਆਦਮੀ ਪਾਰਟੀ ਦੇ ਜੇਤੂ ਉਮੀਦਵਾਰਾਂ ਵਿੱਚ ਵਾਰਡ ਨੰਬਰ 1 ਤੋਂ ਉਮੀਦਵਾਰ ਸੁਖਵਿੰਦਰ ਸਿੰਘ, ਵਾਰਡ ਨੰਬਰ 2 ਤੋਂ ਹਰਿੰਦਰ ਸਿੰਘ, ਵਾਰਡ ਨੰਬਰ 3 ਤੋਂ ਸੁਖਵਿੰਦਰ ਕੌਰ, ਵਾਰਡ ਨੰਬਰ 4 ਤੋਂ ਰਜਤ ਮਰਵਾਹਾ, ਵਾਰਡ ਨੰਬਰ 5 ਤੋਂ ਸ਼ਿਖਾ ਗੁਪਤਾ, ਵਾਰਡ ਨੰਬਰ 6 ਤੋਂ ਸਤਪਾਲ, ਵਾਰਡ ਨੰਬਰ 7 ਤੋਂ ਮੋਨਿਕਾ ਕੁਮਾਰੀ, ਵਾਰਡ ਨੰਬਰ 10 ਤੋਂ ਮਨੀਸ਼ਾ ਅਤੇ ਵਾਰਡ ਨੰਬਰ 11 ਤੋਂ ਉਮੀਦਵਾਰ ਕੁਲਵਿੰਦਰ ਸਿੰਘ ਬੇਦੀ ਸ਼ਾਮਲ ਹਨ। ਕਾਂਗਰਸ ਪਾਰਟੀ ਦੇ ਚਾਰ ਉਮੀਦਵਾਰ, ਜਿਨ੍ਹਾਂ ਵਿੱਚ ਵਾਰਡ ਨੰਬਰ 8 ਤੋਂ ਗੁਰਨਾਮ ਸਿੰਘ, ਵਾਰਡ ਨੰਬਰ 9 ਤੋਂ ਬਲਬੀਰ ਕੌਰ, ਵਾਰਡ ਨੰਬਰ 12 ਤੋਂ ਸੁਖਜੀਤ ਸਿੰਘ ਅਤੇ ਵਾਰਡ ਨੰਬਰ 13 ਤੋਂ ਪਰਮਜੀਤ ਕੌਰ ਸ਼ਾਮਲ ਹਨ।

# ਗਦਰ ਪਾਰਟੀ ਦੇ ਪ੍ਰੋਗਰਾਮ ਅਨੁਸਾਰ ਮਨੁੱਖਤਾ ਦੀ ਬਰਾਬਰੀ ਵਾਲਾ ਸਮਾਜ ਹੋਣਾ ਚਾਹੀਦਾ : ਮਾੜੀਮੇਘਾ



**ਖਡੂਰ ਸਾਹਿਬ**-ਸੀ ਪੀ ਆਈ ਬਲਾਕ ਖਡੂਰ ਸਾਹਿਬ ਦੀ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ 28 ਮਾਰਚ ਨੂੰ ਗ਼ਦਰੀ ਦੇਸ਼ ਭਗਤ ਬਾਬਾ ਸ਼ੇਰ ਸਿੰਘ ਵੇਂਈਪੂੰਈਂ ਦੀ ਸਾਲਾਨਾ ਬਰਸੀ ਮਨਾਈ ਜਾਵੇਗੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਗ਼ਦਰ ਪਾਰਟੀ ਅਮਰੀਕਾ ਵਿੱਚ ਕਿਰਤ ਕਰਨ ਗਏ ਹਿੰਦੀ ਕਿਰਤੀਆਂ ਨੇ ਬਣਾਈ ਸੀ, ਜਿਸ ਵਿੱਚ ਬਹੁਤੇ ਪੰਜਾਬੀ ਸਨ। ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਸਨ, ਜਿਨ੍ਹਾਂ ਨੂੰ ਅੰਗਰੇਜ਼ ਹਕੂਮਤ ਨੇ 26 ਸਾਲ ਜੇਲ੍ਹ ਦੀ ਕਾਲ ਕੋਠੜੀ ਵਿੱਚ ਕੈਦ ਰੱਖਿਆ ਸੀ। ਜਦੋਂ ਗਦਰ ਪਾਰਟੀ ਨੇ ਫੈਸਲਾ ਕੀਤਾ ਕਿ ਹਿੰਦੁਸਤਾਨ ਜਾ ਕੇ ਹਥਿਆਰਬੰਦ ਢੰਗ ਨਾਲ ਅੰਗਰੇਜ਼ਾਂ ਤੋਂ ਹਿੰਦੁਸਤਾਨ ਆਜ਼ਾਦ ਕਰਾਇਆ ਜਾਵੇ ਤਾਂ ਬਾਬਾ ਸ਼ੇਰ ਸਿੰਘ ਦੀ ਅਗਵਾਈ ਹੇਠ ਇੱਕ ਗਦਰ ਪਾਰਟੀ ਦੇ ਮੈਂਬਰਾਂ ਦਾ ਵੱਡਾ ਜਥਾ ਹਿੰਦੁਸਤਾਨ ਪਹੁੰਚਿਆ। ਹਕੂਮਤ ਨੇ ਜਥੇ ਨੂੰ ਸਮੁੰਦਰੀ ਘਾਟ ਤੋਂ ਹੀ ਗ੍ਰਿਫ਼ਤਾਰ ਕਰ ਲਿਆ। ਬਾਬਾ ਸ਼ੇਰ ਸਿੰਘ ਵੇਂਈਪੂੰਈਂ ਉਮਰ ਕੈਦ ਕੱਟ ਕੇ ਪਿੰਡ ਆਪਣੇ ਘਰ ਆਏ। ਮਾੜੀਮੇਘਾ ਨੇ ਕਿਹਾ ਕਿ ਗ਼ਦਰੀ ਸਿਰਫ਼ ਅੰਗਰੇਜ਼ਾਂ ਤੋਂ ਹਿੰਦੁਸਤਾਨ ਆਜ਼ਾਦ ਕਰਾਉਣ ਤੱਕ ਸੀਮਤ ਨਹੀਂ ਸਨ, ਉਨ੍ਹਾਂ ਨੇ ਆਜ਼ਾਦ ਭਾਰਤ ਦੀ ਖੁਸ਼ਹਾਲੀ ਭਰੀ ਤਸਵੀਰ ਵੀ ਬਣਾਈ ਸੀ। ਗ਼ਦਰੀਆਂ ਦਾ ਪ੍ਰੋਗਰਾਮ ਇਹ ਸੀ ਕਿ ਆਜ਼ਾਦ ਭਾਰਤ ਵਿੱਚ ਅਮੀਰ ਗਰੀਬ ਦਾ ਪਾੜਾ ਖ਼ਤਮ ਕਰਕੇ ਮਨੁੱਖੀ ਬਰਾਬਰਤਾ ਤੇ ਧਰਮ-ਨਿਰਪੱਖਤਾ ਵਾਲਾ ਰਾਜ ਪ੍ਰਬੰਧ ਹੋਵੇਗਾ। ਗਦਰ ਪਾਰਟੀ ਵਿੱਚ ਘੁਸੇ ਅੰਗਰੇਜ਼ਾਂ ਦੇ ਸੂਹੀਆਂ ਨੇ ਗਦਰ ਪਾਰਟੀ ਦੀ ਸੋਚ ਨੂੰ ਬੂਰ ਨਾ ਪੈਣ ਦਿੱਤਾ। ਅੰਗਰੇਜ਼ਾਂ ਨੇ ਬਹੁਤਾਤ ਗ਼ਦਰੀਆਂ ਨੂੰ ਗ੍ਰਿਫਤਾਰ ਕਰਕੇ ਉਮਰ ਕੈਦਾਂ, ਜਾਇਦਾਦਾਂ ਜ਼ਬਤ ਅਤੇ ਜੂਹਬੰਦੀਆਂ ਦੀਆਂ ਸਜ਼ਾਵਾਂ ਦੇ ਕੇ ਗਦਰ ਲਹਿਰ ਦਬਾ ਦਿੱਤੀ। ਸੀ ਪੀ ਆਈ ਦੇਸ਼ ਭਰ ਵਿੱਚ ਆਪਣੇ ਕਾਡਰ ਨੂੰ ਗਦਰੀ ਤੇ ਇਨਕਲਾਬੀਆਂ ਦੀ ਸੋਚ ਦਾ ਹਿੰਦੁਸਤਾਨ ਬਣਾਉਣ ਵਾਸਤੇ ਸੁਚੇਤ ਰੂਪ ਵਿੱਚ ਜਥੇਬੰਦ ਕਰ ਰਹੀ ਹੈ। ਇਸ ਮੌਕੇ ਸੀ ਪੀ ਆਈ ਤਰਨ ਤਾਰਨ ਜ਼ਿਲ੍ਹੇ ਦੇ ਮੀਤ ਸਕੱਤਰ ਗੁਰਦਿਆਲ ਸਿੰਘ ਖਡੂਰ ਸਾਹਿਬ, ਕਿਸਾਨ ਆਗੂ ਬਲਦੇਵ ਸਿੰਘ ਧੂੰਦਾ ਤੇ ਬਲਜੀਤ ਸਿੰਘ ਫਤਿਆਬਾਦ ਨੇ ਵੀ ਸੰਬੋਧਨ ਕੀਤਾ। ਜਸਵੰਤ ਸਿੰਘ ਖਡੂਰ ਸਾਹਿਬ, ਮੇਜਰ ਸਿੰਘ ਦਾਰਾਪੁਰ, ਰਵਿੰਦਰ ਕੌਰ ਖਡੂਰ ਸਾਹਿਬ, ਕਸ਼ਮੀਰ ਸਿੰਘ ਗੋਇੰਦਵਾਲ ਸਾਹਿਬ, ਸੁਖਵਿੰਦਰ ਸਿੰਘ ਮੁਗਲਾਣੀ, ਜਗਤਾਰ ਸਿੰਘ ਖਡੂਰ ਸਾਹਿਬ, ਸੁਖਦੇਵ ਸਿੰਘ ਭਲਾਈਪੁਰ, ਕਸ਼ਮੀਰ ਸਿੰਘ ਖੁਆਸਪੁਰ ਇਸ ਮੀਟਿੰਗ ਵਿੱਚ ਹਾਜ਼ਰ ਸਨ। ਮੀਟਿੰਗ ਦੀ ਸਮਾਪਤੀ 'ਤੇ ਬਾਬਾ ਸ਼ੇਰ ਸਿੰਘ ਵੇਂਈਪੂੰਈਂ ਦੇ ਦੋਹਤੇ ਮਨਿੰਦਰ ਸਿੰਘ ਉਰਫ ਮੰਨੇ ਦੇ ਘਰ ਜਾ ਕੇ ਬਰਸੀ ਕਾਮਯਾਬ ਕਰਨ ਦੀ ਵਿਉਂਤ ਬਣਾਈ ਗਈ।

# ਵਿਧਾਇਕ, ਐੱਸ ਡੀ ਐੱਮ ਤੇ ਡੀ ਐੱਸ ਪੀ ਨਸ਼ਿਆਂ ਵਿਰੁੱਧ ਲਾਮਬੰਦੀ ਲਈ ਪਿੰਡਾਂ 'ਚ



ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)-ਬੀਤੇ ਦਿਨ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਵਿੱਚ ਨਸ਼ਿਆਂ ਵਿਰੁੱਧ ਯੁੱਧ ਆਰੰਭ ਕਰਨ ਦੇ ਦਿੱਤੇ ਸੱਦੇ ਦੇ ਮੱਦੇਨਜ਼ਰ ਅੱਜ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਪੁਲਸ ਤੋਂ ਇਲਾਵਾ ਹਲਕਾ ਵਿਧਾਇਕ, ਐਸ ਡੀ ਐਮ, ਡੀ ਐਸ ਪੀ, ਬਲਾਕ ਵਿਕਾਸ ਅਫਸਰ ਅਤੇ ਹੋਰ ਅਧਿਕਾਰੀਆਂ ਵੱਲੋਂ ਨਸ਼ਿਆਂ ਵਿਰੁੱਧ ਲਾਮਬੰਦੀ ਲਈ ਪਿੰਡਾਂ ਵਿੱਚ ਲੋਕਾਂ ਨਾਲ ਮੀਟਿੰਗਾਂ ਕੀਤੀਆਂ ਗਈਆਂ। ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਦੀਆਂ ਹਦਾਇਤਾਂ 'ਤੇ ਛੁੱਟੀ ਦੇ ਬਾਵਜੂਦ ਐਸ ਡੀ ਐਮਜ਼ ਸਮੇਤ ਸਾਰੇ ਅਧਿਕਾਰੀ ਇਸ ਮੁਹਿੰਮ ਵਿੱਚ ਡਟੇ ਰਹੇ। ਮੁੱਖ ਤੌਰ ਤੇ ਇਸ ਰਾਬਤਾ ਪ੍ਰੋਗਰਾਮ ਦਾ ਉਦੇਸ਼ ਨਸ਼ਿਆਂ ਵਿਰੁੱਧ ਆਰੰਭੀ ਲੜਾਈ ਲਈ ਲੋਕਾਂ ਦਾ ਸਾਥ ਲੈਣਾ ਹੈ।ਅਟਾਰੀ ਵਿਖੇ ਵਿਧਾਇਕ ਜਸਵਿੰਦਰ ਸਿੰਘ ਰਮਦਾਸ ਨੇ ਸੱਤ ਪਿੰਡਾਂ ਖੁਰਮਾਣੀਆਂ, ਖਾਸਾ, ਚੱਕ ਮੁਕੰਦ, ਰਾਮਪੁਰਾ, ਮੁੱਲਾ ਬਹਿਰਾਮ, ਢੰਡੇ ਅਤੇ ਕਠਾਨੀਆਂ ਦੀਆਂ ਪੰਚਾਇਤਾਂ ਨੂੰ ਇਕੱਠਾ ਕਰਕੇ ਸਪਸ਼ਟ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਵੱਡੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਇਸ ਮੌਕੇ ਡੀ ਐਸ ਪੀ ਅਟਾਰੀ, ਬੀ ਡੀ ਪੀ ਓ ਅਟਾਰੀ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ। ਰਸ਼ਾ ਛੀਨਾ ਵਿਖੇ ਪਿੰਡ ਉੱਚਾ ਕਿਲਾ ਵਿੱਚ ਐਸ ਡੀ ਐਮ ਲੋਪੋਕੇ ਅਮਨਦੀਪ ਕੌਰ ਘੁੰਮਣ ਅਤੇ ਡੀ ਐਸ ਪੀ ਲੋਪੋਕੇ ਨੇ ਲੋਕਾਂ ਨਾਲ ਮੀਟਿੰਗ ਕਰਦੇ ਹੋਏ ਨਸ਼ਾ ਖਤਮ ਕਰਨ ਲਈ ਪੁਲਸ ਪ੍ਰਸ਼ਾਸਨ ਵੱਲੋਂ ਹਰ ਤਰ੍ਹਾਂ ਦਾ ਸਾਥ ਦੇਣ ਦੀ ਪੇਸ਼ਕਸ਼ ਕੀਤੀ। ਪਿੰਡ ਧਰੜ ਬਲਾਕ ਜੰਡਿਆਲਾ ਗੁਰੂ ਵਿਖੇ ਐਸ ਡੀ ਐਮ ਗੁਰਸਿਮਰਨ ਸਿੰਘ ਢਿੱਲੋਂ ਨੇ ਪੰਚਾਇਤਾਂ ਅਤੇ ਮੋਹਤਬਰਾਂ ਨੂੰ ਸੰਬੋਧਨ ਕਰਦੇ ਸਪਸ਼ਟ ਕੀਤਾ ਕਿ ਮੁੱਖ ਮੰਤਰੀ ਵੱਲੋਂ ਇਸ ਬਾਬਤ ਸਪਸ਼ਟ ਹਦਾਇਤਾਂ ਹਨ ਕਿ ਜੋ ਵੀ ਨਸ਼ਾ ਵੇਚਦਾ ਹੈ, ਉਸ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ, ਸੋ ਹੁਣ ਨਸ਼ਾ ਵੇਚਣ ਵਾਲਿਆਂ ਨੂੰ ਜਾਂ ਆਪਣਾ ਇਹ ਭੈੜਾ ਕੰਮ ਜਾਂ ਪੰਜਾਬ ਛੱਡਣਾ ਪਵੇਗਾ।ਮਹਿਲਾਂ ਵਾਲਾ ਵਿੱਚ ਐਸ ਡੀ ਐਮ ਰਵਿੰਦਰ ਸਿੰਘ ਨੇ ਹਲਕੇ ਦੇ ਡੀ ਐਸ ਪੀ ਨੂੰ ਨਾਲ ਲੈ ਕੇ ਪਿੰਡ ਦੇ ਲੋਕਾਂ ਨਾਲ ਮੀਟਿੰਗ ਕਰਦੇ ਹੋਏ ਇਸ ਰਾਬਤਾ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ।

# 2 ਨਸ਼ਾ ਤਸਕਰ ਡਰੱਗ ਮਨੀ, ਅਸਲਾ ਤੇ ਹੈਰੋਇਨ ਸਮੇਤ ਕੀਤਾ ਗ੍ਰਿਫ਼ਤਾਰ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਛੇੜੇ ਗਏ ਯੁੱਧ ਨੂੰ ਲੈ ਕੇ ਪੰਜਾਬ ਪੁਲਸ ਪੂਰੀ ਤਰ੍ਹਾਂ ਨਾਲ ਮੁਸ਼ਤੈਦ ਦਿਖਾਈ ਦੇ ਰਹੀ ਹੈ। ਡੇਰਾ ਬਾਬਾ ਨਾਨਕ ਪੁਲਸ ਵੱਲੋਂ ਬੀਤੇ ਦਿਨ 2 ਨਸ਼ਾ ਤਸਕਰਾਂ ਨੂੰ 1 ਪਿਸਟਲ, 2 ਜ਼ਿੰਦਾ ਰੌਂਦ, 2100 ਰੁਪਏ ਦੀ ਡਰੱਗ ਮਨੀ ਅਤੇ 255 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ ।ਜਦ ਕਿ 1 ਭੱਜਣ ਵਿੱਚ ਕਾਮਯਾਬ ਦੱਸਿਆ ਜਾ ਰਿਹਾ ਹੈ।ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਪੁਲਸ ਥਾਣਾ ਡੇਰਾ ਬਾਬਾ ਨਾਨਕ ਦੇ ਸਬ ਇੰਸਪੈਕਟਰ ਕੈਲਾਸ਼ ਚੰਦਰ ਨੇ ਦੱਸਿਆ ਕਿ ਬੀਤੇ ਕੱਲ੍ਹ ਡੀ ਐਸ ਪੀ ਪਰਮਵੀਰ ਸਿੰਘ ਅਤੇ ਐਸ ਐਚ ਓ ਸਤਪਾਲ ਸਿੰਘ ਦੀ ਅਗਵਾਈ ਹੇਠ ਗਸ਼ਤ ਦੌਰਾਨ ਪਿੰਡ ਹਰੋਦਰਵਾਲ ਕਲਾਂ ਟੀ ਪੁਆਇੰਟ ਉੱਪਰ ਸਮੇਤ ਪੁਲਸ ਪਾਰਟੀ ਨਾਕਾ ਲਗਾਇਆ ਹੋਇਆ ਸੀ ਤਾਂ 3 ਬੁਲਟ ਮੋਟਰਸਾਈਕਲ ਸਵਾਰ ਪੁਲਸ ਪਾਰਟੀ ਨੂੰ ਵੇਖ ਕੇ ਰੇਲਵੇ ਕਰਾਸਿੰਗ ਲਾਗੇ ਪਿੱਛੇ ਨੂੰ ਮੁੜਨ ਲੱਗੇ ਤਾਂ ਪੁਲਸ ਨੇ ਬੜੀ ਬਹਾਦਰੀ ਨਾਲ ਉਹਨਾਂ ਨੂੰ ਕਾਬੂ ਕੀਤਾ, ਇੱਕ ਭੱਜਣ ਵਿੱਚ ਸਫਲ ਰਿਹਾ। ਨੌਜਵਾਨਾਂ ਦੀ ਤਲਾਸ਼ੀ ਦੌਰਾਨ ਇੱਕ ਦੇਸੀ ਪਿਸਟਲ, ਦੋ ਜ਼ਿੰਦਾ ਰੌਂਦ, 2100 ਰੁਪਏ ਡਰੱਗ ਮਨੀ, 255 ਗ੍ਰਾਮ ਹੈਰੋਇਨ ਤੇ ਇੱਕ ਬੁਲਟ ਮੋਟਰਸਾਈਕਲ ਬਰਾਮਦ ਕੀਤਾ ਗਿਆ ।ਫੜੇ ਗਏ ਨੌਜਵਾਨਾਂ ਦੀ ਪਹਿਚਾਣ ਸਾਹਿਲ ਮਸੀਹ ਪੁੱਤਰ ਰੇਸ਼ਮ ਮਸੀਹ, ਸਾਹਿਬ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਹਰਦੋਰਵਾਲ ਵਜੋਂ ਹੋਈ ਹੈ, ਜਦ ਕਿ ਤੀਸਰੇ ਨੌਜਵਾਨ ਦੀ ਪਹਿਚਾਣ ਮਨਕਰਨ ਸਿੰਘ ਪੁੱਤਰ ਸਤਨਾਮ ਸਿੰਘ ਨੂੰ ਫੜਨ ਲਈ ਪੁਲਸ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ। ਡੇਰਾ ਬਾਬਾ ਨਾਨਕ ਪੁਲਸ ਵੱਲੋਂ ਇਨ੍ਹਾਂ ਨੌਜਵਾਨਾਂ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ ।ਇਸ ਮੌਕੇ ਏ ਐਸ ਆਈ ਮੋਹਨ ਸਿੰਘ, ਏ ਐਸ ਆਈ ਬਲਵਿੰਦਰ ਸਿੰਘ, ਏ ਐਸ ਆਈ ਚਰਨਜੀਤ ਸਿੰਘ, ਹੈਡ ਕਾਂਸਟੇਬਲ ਹਰਪਿੰਦਰ ਸਿੰਘ, ਹੈਡ ਕਾਂਸਟੇਬਲ ਸੁਖਵਿੰਦਰ ਸਿੰਘ, ਲੇਡੀ ਕਾਂਸਟੇਬਲ ਮਨਜੋਤ ਕੌਰ ਆਦਿ ਪੁਲਸ ਮੁਲਾਜ਼ਮ ਹਾਜ਼ਰ ਸਨ।

# ਸੁੰਦਰ ਦਸਤਾਰ ਮੁਕਾਬਲੇ 'ਚ ਜੈਦੀਪ ਸਿੰਘ ਨੂੰ ਪਹਿਲਾ ਸਥਾਨ ਹਾਸਲ



ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)- ਅਜਨਾਲਾ ਸ਼ਹਿਰ ਦੇ ਸ੍ਰੀ ਗੁਰੂ ਹਰਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ ਵਿੱਚ ਕਰਵਾਏ ਗਏ ਸੁੰਦਰ ਦਸਤਾਰ ਮੁਕਾਬਲੇ ਵਿੱਚ ਅਜਨਾਲਾ ਦੇ ਜੈਦੀਪ ਸਿੰਘ ਪੁੱਤਰ ਪਰਮਜੀਤ ਸਿੰਘ ਡੀਪੂ ਹੋਲਡਰ ਅਤੇ ਸਵਰਗਵਾਸੀ ਮਹਿੰਦਰ ਸਿੰਘ ਦੇ ਪੋਤਰੇ ਨੇ ਪਹਿਲਾ ਸਥਾਨ ਹਾਸਲ ਕਰਕੇ ਟਰਾਫੀ ਅਤੇ ਨਗਦ ਮਾਇਆ ਦਾ ਇਨਾਮ ਹਾਸਲ ਕੀਤਾ। ਇਸ ਦਸਤਾਰ ਮੁਕਾਬਲੇ ਵਿੱਚ ਕੋਚ ਵਿਕਰਮਜੀਤ ਸਿੰਘ ਸਪੈਸ਼ਲ ਤੌਰ 'ਤੇ ਆਏ ਜਿਨ੍ਹਾਂ ਨੇ ਬੀ ਡੀ ਐਸ ਸਕੂਲ ਦੇ ਸੱਤਵੀਂ ਕਲਾਸ ਦੇ ਵਿਦਿਆਰਥੀ ਜੈਦੀਪ ਸਿੰਘ ਨੂੰ ਸੁੰਦਰ ਦਸਤਾਰ ਮੁਕਾਬਲੇ ਵਿੱਚ ਵਿਨਰ ਅਨਾਊਂਸ ਕੀਤਾ। ਇਸ ਮੌਕੇ ਸਕੂਲ ਦੇ ਐਮ ਡੀ ਰਘਬੀਰ ਸਿੰਘ ਪ੍ਰਿੰਸੀਪਲ ਗੁਰਪ੍ਰੀਤ ਕੌਰ ਵੱਲੋਂ ਜੈਦੀਪ ਸਿੰਘ ਨੂੰ ਸੁੰਦਰ ਦਸਤਾਰ ਮੁਕਾਬਲੇ ਵਿੱਚ ਅਜਨਾਲੇ ਤਹਿਸੀਲ ਵਿੱਚ ਪਹਿਲੇ ਨੰਬਰ ਆਉਣ 'ਤੇ ਸਕੂਲ ਦੀ ਟੀਚਰ ਤ੍ਰਿਪਤਪਾਲ ਕੌਰ ਨੂੰ ਵਧਾਈ ਦਿੱਤੀ ਇਸ ਮੌਕੇ ਸਕੂਲ ਟੀਚਰ ਪੂਨਮ ਭਾਰਤਵਾਜ, ਵਿਧੀ ਭਾਰਦਵਾਜ, ਹਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਅਵਨੀਤ ਕੌਰ, ਅਮਰਦੀਪ ਸਿੰਘ ਆਦਿ ਹਾਜ਼ਰ ਸਨ।

# ਬੀੜ ਬਾਬਾ ਬੁੱਢਾ ਸਾਹਿਬ ਵਿਖੇ ਉੱਘੇ ਕਬੱਡੀ ਪ੍ਰਮੋਟਰ ਸੁਖਬੀਰ ਸਿੰਘ ਢਿੱਲੋਂ ਪਰਵਾਰ ਸਮੇਤ ਹੋਏ ਨਤਮਸਤਕ



**ਝਬਾਲ, (ਹਰਜਿੰਦਰ ਸਿੰਘ ਸੋਨੀ)**-ਛੇ ਗੁਰੂ ਸਹਿਬਾਨ ਨੂੰ ਗੁਰਤਾਗੱਦੀ ਦਾ ਤਿਲਕ ਲਗਾਉਣ ਵਾਲੇ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਪਹਿਲੇ ਹੈੱਡ ਗ੍ਰੰਥੀ ਸਾਹਿਬਾਨ ਦਾ ਸੁਭਾਗ ਪ੍ਰਾਪਤ, ਪੁੱਤਰਾਂ ਦੇ ਦਾਨੀ, ਮਹਾਨ ਬ੍ਰਹਮ ਗਿਆਨੀ ਧੰਨ ਧੰਨ ਬਾਬਾ ਬੁੱਢਾ ਸਾਹਿਬ ਦੇ ਪਵਿੱਤਰ ਧਾਰਮਿਕ ਅਸਥਾਨ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਉੱਘੇ ਕਬੱਡੀ ਦੇ ਪ੍ਰਮੋਟਰ ਪਹਿਲਵਾਨ ਸੁਖਬੀਰ ਸਿੰਘ ਢਿੱਲੋਂ ਯੂ ਐਸ ਏ ਪਰਵਾਰ ਸਮੇਤ ਨਤਮਸਤਕ ਹੋਏ।ਇਸ ਤੋਂ ਪਹਿਲਾਂ ਉਨ੍ਹਾਂ ਵੱਲੋਂ ਆਪਣੇ ਪੋਤਰੇ ਅਰਜਨ ਸਿੰਘ ਦੇ ਜਨਮ ਦੀ ਖੁਸ਼ੀ ਵਿੱਚ ਸ਼ੁਕਰਾਨੇ ਵਜੋਂ ਗੁ: ਬਾਬਾ ਬੁੱਢਾ ਜੀ ਬੀੜ ਸਾਹਿਬ ਵਿਖੇ ਰਖਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਏ ਗਏ ਭੋਗ ਵਿੱਚ ਸ਼ਮੂਲੀਅਤ ਕੀਤੀ ਤੇ ਅਰਦਾਸ ਉਪਰੰਤ ਦਰਬਾਰ ਵਿੱਚ ਬੈਠ ਕੇ ਇਲਾਹੀ ਬਾਣੀ ਦੇ ਕੀਰਤਨ ਦਾ ਅਨੰਦ ਮਾਣਦਿਆਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਦਫ਼ਤਰ ਵਿਖੇ ਪੁੱਜਣ 'ਤੇ ਗੁਰਦੁਆਰਾ ਬੀੜ ਸਾਹਿਬ ਦੇ ਮੈਨੇਜਰ ਜਗਜੀਤ ਸਿੰਘ ਠੱਠਾ ਵੱਲੋਂ ਪਹਿਲਵਾਨ ਸੁਖਬੀਰ ਸਿੰਘ ਢਿੱਲੋਂ ਕੋਟ ਧਰਮ ਚੰਦ ਕਲਾਂ ਯੂ ਐਸ ਏ, ਉਨਾਂ ਦੀ ਧਰਮ ਪਤਨੀ ਸਰਬਜੀਤ ਕੌਰ ਢਿੱਲੋਂ ਯੂ ਐੱਸ ਏ, ਗੁਰਪ੍ਰੀਤ ਸਿੰਘ ਢਿੱਲੋਂ ਭੋਜੀਆਂ ਯੂ ਐਸ ਏ (ਸਾਬਕਾ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ ਅਨਾਜ ਮੰਡੀ ਝਬਾਲ) ਨੂੰ ਸਿਰੋਪਾਓ ਤੇ ਬਾਬਾ ਬੁੱਢਾ ਸਾਹਿਬ ਦੀ ਯਾਦਗਾਰੀ ਤਸਵੀਰ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਪ੍ਰਿਥੀਪਾਲ ਸਿੰਘ ਸੁਪਰਵਾਈਜ਼ਰ, ਜਸਪਾਲ ਸਿੰਘ ਨੌਸ਼ਹਿਰਾ ਢਾਲਾ, ਗੁਰਜੀਤ ਸਿੰਘ ਪੰਜਵੜ, ਬਲਜੀਤ ਸਿੰਘ ਝਬਾਲ, ਪ੍ਰਤਾਪ ਸਿੰਘ ਚੀਮਾ ਐਸ ਜੀ ਪੀ ਸੀ ਸਟਾਫ ਤੋਂ ਇਲਾਵਾ ਅਜੈਬ ਸਿੰਘ ਢਿੱਲੋਂ ਤੇ ਉਨਾਂ ਦੇ ਧਰਮ ਪਤਨੀ ਸ੍ਰੀਮਤੀ ਢਿੱਲੋਂ ਯੂ ਐਸ ਏ, ਆੜ੍ਹਤੀ ਅੰਮ੍ਰਿਤਪਾਲ ਸਿੰਘ ਮਿੰਟੂ ਸਰਪੰਚ ਨੱਥੂਪੁਰਾ, ਗੁਰਮੀਤ ਸਿੰਘ ਯੂ ਐਸ ਏ, ਬਲਰਾਜ ਸਿੰਘ ਢਿੱਲੋਂ ਯੂ ਐਸ ਏ, ਸੁਖਵਿੰਦਰ ਕੌਰ ਢਿੱਲੋਂ, ਨਰਿੰਦਰ ਕੌਰ ਸੰਧੂ, ਸਾਜਨ ਪ੍ਰੀਤ ਸਿੰਘ ਢਿੱਲੋਂ ਯੂ ਐਸ ਏ, ਅਰਸ਼ਦੀਪ ਸਿੰਘ ਢਿੱਲੋਂ ਯੂ ਐਸ ਏ, ਤਰਨਦੀਪ ਕੌਰ ਢਿੱਲੋਂ ਯੂ ਐਸ ਏ, ਸੁਮਨ ਢਿੱਲੋਂ ਯੂ ਐਸ ਏ, ਅਸ਼ੀਸ਼ ਢਿੱਲੋਂ ਯੂ ਐਸ ਏ, ਸਾਹਿਜਪ੍ਰੀਤ ਢਿੱਲੋਂ ਯੂਐਸਏ, ਪੱਤਰਕਾਰ ਹਰਦੀਪ ਸਿੰਘ ਝਬਾਲ ਆਦਿ ਵੀ ਹਾਜ਼ਰ ਸਨ।

# ਬਘੇਲ ਦੇ ਆਉਣ ਸਮੇਂ ਲੋਕਾਂ 'ਚ ਭਾਰੀ ਉਤਸ਼ਾਹ : ਹਰਪ੍ਰਤਾਪ ਅਜਨਾਲਾ



ਚੇਤਨਪੁਰਾ ( ਸੁਖਵੰਤ ਚੇਤਨਪੁਰੀ )-ਕਾਂਗਰਸ ਦੀ ਹਾਈ ਕਮਾਂਡ ਵੱਲੋਂ ਭੂਪੇਸ਼ ਬਘੇਲ ਨੂੰ ਪੰਜਾਬ ਦਾ ਇੰਚਾਰਜ ਨਿਯੁਕਤ ਕਰਨ ਉਪਰੰਤ ਬੀਤੇ ਦਿਨ ਉਹ ਸ੍ਰੀ ਦਰਬਾਰ ਸਾਹਿਬ, ਸ੍ਰੀ ਦੁਰਗਿਆਣਾ ਮੰਦਰ ਅਤੇ ਵਾਲਮੀਕਿ ਤੀਰਥ ਅਸਥਾਨ ਨਤਮਸਤਕ ਹੋਣ ਲਈ ਆਏ ਸਨ। ਉਨ੍ਹਾਂ ਦੇ ਆਉਣ 'ਤੇ ਸਮੁੱਚੇ ਕਾਂਗਰਸੀ ਵਰਕਰਾਂ ਅਤੇ ਆਮ ਲੋਕਾਂ ਵਿੱਚ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ। ਉਨਾਂ ਦੀ ਆਮਦ ਸਮੇਂ ਅੰਮ੍ਰਿਤਸਰ ਦੀਆਂ ਤਕਰੀਬਨ ਸਾਰੀਆਂ ਸੜਕਾਂ ਜਾਮ ਹੋ ਗਈਆਂ, ਜੋ 2027 ਵਿੱਚ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣਨ ਦਾ ਸੰਕੇਤ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਅਜਨਾਲਾ ਦੇ ਸਾਬਕਾ ਵਿਧਾਇਕ ਅਤੇ ਕਾਂਗਰਸ ਦਿਹਾਤੀ ਅੰਮ੍ਰਿਤਸਰ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਅਜਨਾਲਾ ਨੇ ਭੂਪੇਸ਼ ਬਘੇਲ ਦਾ ਸਵਾਗਤ ਕਰਨ ਉਪਰੰਤ ਆਪਣੇ ਗ੍ਰਹਿ ਇਕੱਤਰ ਹੋਏ ਕਾਂਗਰਸੀ ਵਰਕਰਾਂ ਦੇ ਇੱਕ ਵੱਡੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਕੀਤਾ। ਇਸ ਸਮੇਂ ਉਹਨਾਂ ਨਾਲ ਉਹਨਾਂ ਦੇ ਸਪੁੱਤਰ ਕੰਵਰ ਪ੍ਰਤਾਪ ਸਿੰਘ ਅਜਨਾਲਾ ਵੀ ਮੌਜੂਦ ਸਨ। ਪਹੁੰਚੇ ਆਗੂਆਂ ਵਿੱਚ ਰਾਣਾ ਬੱਲ ਗੁਰਾਲਾ ਜ਼ਿਲ੍ਹਾ ਪ੍ਰਧਾਨ ਸੋਸ਼ਲ ਮੀਡੀਆ ਵਿੰਗ, ਜਗਰੂਪ ਸਿੰਘ ਹਲਕਾ ਇੰਚਾਰਜ ਸੋਸ਼ਲ ਮੀਡੀਆ, ਮੰਗਲ ਸਿੰਘ ਸਾਬਕਾ ਸਰਪੰਚ ਨੰਗਲ ਵੰਝਾ, ਹਰਪ੍ਰੀਤ ਸਿੰਘ ਨੰਗਲ, ਬੰਢੂ ਨੰਗਲ, ਬਲਾਕ ਪ੍ਰਧਾਨ ਗੁਰਪਾਲ ਸਿੰਘ ਸਿੱਧੀ, ਬਲਾਕ ਪ੍ਰਧਾਨ ਰਾਜਬੀਰ ਸਿੰਘ ਮੱਧੂ ਸ਼ਾਂਗਾ, ਬਲਾਕ ਸੰਮਤੀ ਮੈਂਬਰ ਗੁਰਜੀਤ ਸਿੰਘ ਚੇਤਨਪੁਰਾ, ਸਾਬਕਾ ਸਰਪੰਚ ਸੁਖਵੰਤ ਸਿੰਘ ਚੇਤਨਪੁਰਾ, ਸਾਬਕਾ ਸਰਪੰਚ ਰਣਧੀਰ ਸਿੰਘ ਚੇਤਨਪੁਰਾ, ਬਿੰਦਰ ਚੇਤਨਪੁਰਾ, ਰਮਦਾਸ ਸਿਟੀ ਦੇ ਪ੍ਰਧਾਨ ਦਿਲਬਾਗ ਸਿੰਘ, ਅਜਨਾਲਾ ਦੇ ਸ਼ਹਿਰੀ ਪ੍ਰਧਾਨ ਦਵਿੰਦਰ ਸਿੰਘ ਡੈਮ, ਸਾਬਕਾ ਪ੍ਰਧਾਨ ਅਜਨਾਲਾ ਦੀਪਕ ਅਰੋੜਾ, ਯੂਥ ਪ੍ਰਧਾਨ ਅਜਨਾਲਾ ਮਨਪ੍ਰੀਤ ਸਿੰਘ, ਚੇਅਰਮੈਨ ਸ਼ੂਗਰ ਮਿੱਲ ਅਜਨਾਲਾ ਦਲਜੀਤ ਸਿੰਘ ਸੋਨੂ ਰਾਏਪੁਰ, ਮਾਸਟਰ ਬਲਵਿੰਦਰ ਸਿੰਘ ਜਗਦੇਵ ਖੁਰਦ, ਸਾਬਕਾ ਸਰਪੰਚ ਗੁਰਿੰਦਰਬੀਰ ਸਿੰਘ ਗੱਗੋਮਾਹਲ, ਸਰਪੰਚ ਹੈਪੀ ਗੁੱਝਾ ਪੀਰ, ਬਲਦੇਵ ਭੋਏਵਾਲੀ, ਸਰਪੰਚ ਜਸਬੀਰ ਸਿੰਘ ਜੱਸ ਕੋਟਲੀ, ਨਿਆਮਤ ਸੂਫੀ, ਸਰਪੰਚ ਕਵਲਜੀਤ ਸਿੰਘ ਗਾਲਬ, ਐਡਵੋਕੇਟ ਸੁਨੀਪਾਲ, ਸਰਪੰਚ ਹੀਰਾ ਸਿੰਘ ਦਾਲਮ, ਸਰਪੰਚ ਸੁੱਚਾ ਸਿੰਘ ਦੁਧਰਾਏ, ਸਰਪੰਚ ਨਰਿੰਦਰ ਸਿੰਘ ਰੋਖੇ, ਸਰਪੰਚ ਹੈਪੀ ਗੁੱਝਾ ਪੀਰ, ਐਮ.ਸੀ. ਬੂਟੀ ਰਾਮ ਰਮਦਾਸ, ਐਮ.ਸੀ. ਵਿਸ਼ਾਲ ਕਾਠੀਆ ਰਮਦਾਸ, ਜੋਧਾ ਰਮਦਾਸ, ਸਰਪੰਚ ਹੈਪੀ ਲੰਗੋ ਮਾਹਲ, ਸਰਪੰਚ ਹਰਦਿਆਲ ਸਿੰਘ ਦਿਆਲ ਭੱਟੀ, ਸਰਬਜੋਤ ਸਿੰਘ ਅੰਬ ਕੋਟਲੀ ਆਦਿ ਹਾਜ਼ਰ ਸਨ।

# ਦਿਵਿਆਂਗਜਨ ਤੇ ਬਜ਼ੁਰਗਾਂ ਨੂੰ ਸਹਾਇਤਾ ਉਪਕਰਨ ਦੇਣ ਲਈ ਕੈਂਪ



**ਮਜੀਠਾ (ਸੋਇਮ ਆਨੰਦ)**- ਜ਼ਿਲ੍ਹਾ ਪ੍ਰਸ਼ਾਸਨ ਅਤੇ ਅਲਿਮਕੋ ਕੰਪਨੀ ਵਲੋਂ ਦਿਵਿਆਂਗਜਨ ਅਤੇ ਬਜ਼ੁਰਗਾਂ ਲਈ ਮੈਡਮ ਸਾਕਸ਼ੀ ਸਾਹਨੀ ਦੇ ਦਿਸ਼ਾ ਨਿਰਦੇਸ਼ਾਂ ਤੇ ਐਸ ਡੀ ਐਮ ਮਜੀਠਾ ਖੁਸ਼ਪ੍ਰੀਤ ਸਿੰਘ ਦੀ ਅਗਵਾਈ ਤੇ ਨੋਡਲ ਅਧਿਕਾਰੀ ਧਰਮਿੰਦਰ ਸਿੰਘ ਦੇ ਪ੍ਰਬੰਧਾਂ ਹੇਠ ਮਜੀਠਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੰਨਿਆ) ਵਿਖੇ ਕੈਂਪ ਲਗਾਇਆ ਗਿਆ। ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਜਗਵਿੰਦਰਪਾਲ ਸਿੰਘ ਮਜੀਠਾ ਤੇ ਐਸ ਡੀ ਐਮ ਮਜੀਠਾ ਖੁਸ਼ਪ੍ਰੀਤ ਸਿੰਘ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਇਸ ਕੈਂਪ ਵਿਚ ਯੋਗ ਲਾਭਪਾਤਰੀਆਂ ਲਈ ਟਰਾਈ ਸਾਈਕਲ, ਮੋਟਰਾਈਜ਼ਡ ਟਰਾਈ ਸਾਈਕਲ, ਬੈਸਾਖੀਆਂ, ਵਹੀਲ ਚੇਅਰ, ਕੰਨਾਂ ਦੀਆਂ ਮਸ਼ੀਨਾਂ, ਬਨਾਵਟੀ ਅੰਗ ਮੁਫ਼ਤ ਦਿੱਤੇ ਜਾਣਗੇ। ਕੈਂਪ ਵਿਚ ਆਏ ਲਾਭਪਾਤਰੀਆਂ ਦੇ ਆਧਾਰ ਕਾਰਡ ਤੇ ਅੰਗਹੀਣ ਸਰਟੀਫਿਕੇਟ ਦੀ ਅੱਜ ਜਾਂਚ ਜਾਂਚ ਕਰਕੇ ਇਹ ਸਾਰੀਆਂ ਸਹੂਲਤਾਂ ਇਹਨਾਂ ਨੂੰ ਇੱਕ ਤੋਂ ਡੇਢ ਮਹੀਨੇ ਦੇ ਅੰਦਰ ਅੰਦਰ ਦਿੱਤੀਆਂ ਜਾਣਗੀਆਂ। ਪਹੁੰਚੇ ਆਪ ਆਗੂ ਜੱਗਾ ਮਜੀਠਾ ਨੇ ਲਗਾਏ ਕੈਂਪ ਦਾ ਜਾਇਜ਼ਾ ਲੈਣ ਮੌਕੇ ਇਸ ਉਪਰਾਲੇ ਲਈ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਕਤ ਲਾਭਪਾਤਰੀਆਂ ਲਈ ਅਜਿਹੇ ਕੈਂਪ ਲਗਾਉਣੇ ਜ਼ਰੂਰੀ ਹਨ ਕਿਉਂਕਿ ਉਹ ਸਹਾਇਕ ਉਪਕਰਣ ਖ੍ਰੀਦ ਨਹੀ ਸਕਦੇ। ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਧਰਮਿੰਦਰ ਸਿੰਘ, ਸੁਖਰਾਜ ਸਿੰਘ, ਗੁਰਮੀਤ ਸਿੰਘ, ਵਿਜੇ, ਮਤੀਬਰ, ਤਰੁਣ ਕੁਮਾਰ, ਜਸਬੀਰ ਸਿੰਘ, ਐਸ ਡੀ ਐਮ ਰੀਡਰ ਵਰਿੰਦਰ ਭਾਟੀਆਂ, ਰੀਡਰ ਦੀਪਕ ਮੈਥਿਊ, ਇਲਿਆਸ ਮਸੀਹ, ਸੁਖਵਿੰਦਰ ਸਿੰਘ, ਅੰਮ੍ਰਿਤਪਾਲ ਸਿੰਘ, ਮਾਰਕੀਟ ਕਮੇਟੀ ਵਲੋਂ ਕੁਲਦੀਪ ਸਿੰਘ ਕਾਹਲੋਂ, ਹਰਦੀਪ ਸਿੰਘ ਤੇ ਨਵਜੋਤ ਸਿੰਘ ਭੰਗੂ ਤੇ ਬੀ ਡੀ ਓ ਦਫਤਰ ਵਲੋਂ ਸਰਬਜੀਤ ਸਿੰਘ, ਆਗੂਆਂ 'ਚ ਬਚਿੱਤਰ ਸਿੰਘ ਲਾਲੀ, ਜਸਵੰਤ ਸਿੰਘ ਸਰਪੰਚ ਵੀਰਮ, ਚਰਨਜੀਤ ਸਿੰਘ ਸਰਪੰਚ ਵਡਾਲਾ, ਮਨਪ੍ਰੀਤ ਸਿੰਘ ਸਰਪੰਚ ਅਨਾਇਤਪੁਰਾ, ਸੁਖਚੈਨ ਸਿੰਘ ਸੁਖ ਭੰਗਵਾਂ, ਅਕਾਲੀ ਆਗੂ ਤਜਿੰਦਰ ਸਿੰਘ ਲਾਟੀ ਨੰਬਰਦਾਰ, ਅਲਿਮਕੋ ਕੰਪਨੀ ਵੱਲੋਂ ਪੁਨੀਤ ਕੁਮਾਰ ਪੀ ਐਂਡ ਓ ਅਫਸਰ, ਰੋਹਿਤ ਕੁਮਾਰ ਡਾਟਾ ਐਂਟਰੀ ਆਪਰੇਟਰ, ਹਿਤੇਸ਼ ਟੈਕਨੀਸ਼ੀਅਨ, ਅਨਿਲ ਕੁਮਾਰ ਆਡੀਓਲੋਜਿਸਟ ਆਦਿ ਹਾਜ਼ਰ ਹਨ।

# ਸ੍ਰੀ ਗੁਰੂ ਅਮਰਦਾਸ ਪਬਲਿਕ ਸਕੂਲ 'ਚ ਦਸਵੀਂ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਸ੍ਰੀ ਗੁਰੂ ਅਮਰਦਾਸ ਪਬਲਿਕ ਸਕੂਲ ਵਿਖੇ ਵਿਦਾਇਗੀ ਪਾਰਟੀ ਦਾ ਪ੍ਰੋਗਰਾਮ ਕੀਤਾ ਗਿਆ ।ਇਸ ਵਿੱਚ ਨੌਵੀਂ ਜਮਾਤ ਦੇ ਵਿਦਿਆਰਥੀਆਂ ਨੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ ।ਜਿਸ ਵਿੱਚ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੇ ਆਪਣੇ ਬੀਤੇ ਹੋਏ ਸਮੇਂ ਵਿੱਚ ਖੱਟੀਆਂ ਮਿੱਠੀਆਂ ਯਾਦਾਂ ਨੂੰ ਸਾਂਝਾ ਕੀਤਾ। ਆਪਣੇ ਟੀਚਰਾਂ ਅਤੇ ਸਕੂਲ ਵਿੱਚ ਬਤਾਏ ਪਲਾਂ ਨੂੰ ਯਾਦ ਕੀਤਾ। ਬੱਚਿਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਜਿਸ ਵਿੱਚ ਡਾਂਸ, ਗਿੱਧਾ ਭੰਗੜਾ, ਸੰਮੀ, ਟੱਪੇ, ਬੋਲੀਆਂ ਆਦਿ ਪੇਸ਼ ਕੀਤੀਆਂ ਗਈਆਂ ।ਛੋਟੇ ਛੋਟੇ ਨਰਸਰੀ ਕਲਾਸ ਦੇ ਬੱਚਿਆਂ ਵੱਲੋਂ ਫੈਂਸੀ ਡਰੈਸ ਵੀ ਪੇਸ਼ ਕੀਤਾ ਗਿਆ। ਮੁਟਿਆਰਾਂ ਵੱਲੋਂ ਲੋਕ ਡਾਂਸ ਗਿੱਧਾ ਵੱਖਰੇ ਵੱਖਰੇ ਰੰਗਾਂ ਦੀਆਂ ਫੁਲਕਾਰੀਆਂ ਲੈ ਕੇ ਪੇਸ਼ ਕੀਤਾ ਗਿਆ।ਇਸ ਤੋਂ ਬਾਅਦ ਨੌਵੀਂ ਜਮਾਤ ਦੇ ਵਿਦਿਆਰਥੀਆਂ ਨੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਗਿਫਟ ਦਿੱਤੇ ਅਤੇ ਅੰਤਾਕਸ਼ਰੀ ਦੇ ਮੁਕਾਬਲੇ ਕਰਵਾ ਕੇ ਖੂਬ ਰੰਗ ਬੰਨ੍ਹਿਆ। ਸੰਸਥਾ ਦੇ ਐਮ ਡੀ ਸੁਰਜੀਤ ਸਿੰਘ ਭਰੋਵਾਲ ਨੇ ਵਿਦਿਆਰਥੀਆਂ ਨੂੰ ਸਲਾਨਾ ਪ੍ਰੀਖਿਆ ਵਿੱਚੋਂ ਚੰਗੇ ਅੰਕ ਲੈ ਕੇ ਪਾਸ ਹੋਣ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ ਤੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

# ਜ਼ਮੀਨ ਦੀ ਨਿਲਾਮੀ ਕਰਨ ਆਏ ਪ੍ਰਸ਼ਾਸਨਕ ਅਧਿਕਾਰੀਆਂ ਨੂੰ ਮੋੜਿਆ ਵਾਪਸ



**ਗੁਰਦਾਸਪੁਰ, (ਜਨਕ ਮਹਾਜਨ)**- ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੇ ਜ਼ੋਨ ਬਾਬਾ ਮਸਤੂ ਦੇ ਪਿੰਡ ਖੋਖਰ ਰਾਜਪੂਤਾਂ ਵਿੱਚ ਜ਼ਮੀਨ ਦੀ ਨਿਲਾਮੀ ਕਰਨ ਪਹੁੰਚੇ ਪ੍ਰਸ਼ਾਸਨ ਨੂੰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਵਾਪਸ ਮੋੜਿਆ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂ ਜਤਿੰਦਰ ਸਿੰਘ ਚੀਮਾ, ਜ਼ਿਲ੍ਹਾ ਪ੍ਰੈਸ ਸਕੱਤਰ ਸੁਖਦੇਵ ਸਿੰਘ ਅੱਲੜ ਪਿੰਡੀ ਨੇ ਦੱਸਿਆ ਕਿ ਪ੍ਰਦੀਪ ਸਿੰਘ ਪੁੱਤਰ ਰਸਾਲ ਸਿੰਘ ਖੋਖਰ ਦੇ ਮੋਟਰ ਸਾਈਕਲ 'ਤੇ ਜਾਂਦਿਆਂ ਜੁਲਾਈ 2021 ਵਿਚ ਤੁੰਗ ਪਿੰਡ ਦੀ ਔਰਤ ਦੀ ਦੁਰਘਟਨਾ ਨਾਲ 7 ਦਿਨ ਬਾਅਦ ਮੌਤ ਹੋ ਗਈ ਸੀ। ਜਿਸ 'ਤੇ ਔਰਤ ਨਾਲ ਸਬੰਧਤ ਪਰਵਾਰ ਨੇ ਸਮਝੌਤਾ ਨਾ ਹੋਣ ਦੀ ਸੂਰਤ ਵਿੱਚ ਸਤੰਬਰ 2021 ਨੂੰ ਕੇਸ ਦਾਇਰ ਕਰ ਦਿੱਤਾ, ਜਿਸ 'ਤੇ ਜੱਜ ਨੇ 22 ਲੱਖ ਜੁਰਮਾਨਾ ਭਰਨ ਦਾ ਹੁਕਮ ਸੁਣਾ ਦਿੱਤਾ, ਜਿਸ ਨੂੰ ਨਾ ਦੇਣ ਦੀ ਸੂਰਤ ਵਿੱਚ ਤਹਿਸੀਲਦਾਰ ਨੂੰ ਜ਼ਮੀਨ ਨਿਲਾਮ ਕਰਕੇ 22 ਲੱਖ ਪਰਵਾਰ ਨੂੰ ਦੇਣ ਦਾ ਅਦਾਲਤ ਨੇ ਹੁਕਮ ਸੁਣਾਇਆ, ਜਿਸ ਨੂੰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਅਤੇ ਭਾਰਤੀ ਕਿਸਾਨ ਯੂਨੀਅਨ ਚਾਰੂਨੀ ਦੇ ਆਗੂਆਂ ਨੇ ਬੇਰੰਗ ਵਾਪਸ ਮੋੜਿਆ। ਰਸਾਲ ਸਿੰਘ ਆਪਣੀ ਜ਼ਮੀਨ 2 ਸਾਲ ਪਹਿਲਾਂ ਆਪਣੇ ਦੂਜੇ ਪੁੱਤਰ ਅਤੇ ਆਪਣੀ ਘਰਵਾਲੀ ਦੇ ਨਾਂਅ ਕਰ ਚੁੱਕਾ ਹੈ। ਇਸ ਮੌਕੇ ਜਤਿੰਦਰ ਸਿੰਘ ਤੋਂ ਇਲਾਵਾ ਸੋਹਣ ਸਿੰਘ, ਬਲਬੀਰ ਸਿੰਘ, ਉਂਕਾਰ ਸਿੰਘ, ਗੁਰਮੇਲ ਸਿੰਘ ਕਾਲਾ ਨੰਗਲ, ਦਵਿੰਦਰ ਸਿੰਘ ਖੋਖਰ ਪਿੰਡ ਦੇ ਮੋਹਤਬਰਾਂ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਇੰਦਰਪਾਲ ਵੀ ਹਾਜ਼ਰ ਸਨ।

# ਚੈਰੀਟੇਬਲ ਟਰੱਸਟ ਵੱਲੋਂ ਸਿਵਲ ਹਸਪਤਾਲ ਨੂੰ ਸਫ਼ਾਈ ਮਸ਼ੀਨ ਭੇਟ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਸਥਾਨਕ ਕਸਬੇ ਦੇ ਦਸ ਡੋਗਰਾ ਮਾਰਗ ਸਥਿਤ ਗੁਰਦੁਆਰਾ ਬਾਬਾ ਸ੍ਰੀ ਚੰਦ ਚੈਰੀਟੇਬਲ ਟਰੱਸਟ ਡੇਰਾ ਬਾਬਾ ਨਾਨਕ ਵੱਲੋਂ ਅੱਜ ਉੱਘੇ ਸਮਾਜ ਸੇਵਕ ਤੇ ਗੁਰਦੁਆਰਾ ਬਾਬਾ ਸ੍ਰੀ ਚੰਦ ਚੈਰੀਟੇਬਲ ਟਰੱਸਟ ਡੇਰਾ ਬਾਬਾ ਨਾਨਕ ਦੇ ਚੇਅਰਮੈਨ ਐਨ ਆਰ ਆਈ ਬਾਬਾ ਰਜਿੰਦਰ ਸਿੰਘ ਬੇਦੀ ਵੱਲੋਂ ਸਿਵਲ ਹਸਪਤਾਲ ਗੁਰਦਾਸਪੁਰ ਦੀ ਸਫਾਈ ਨੂੰ ਧਿਆਨ 'ਚ ਰੱਖਦੇ ਹੋਏ ਸਿਵਲ ਸਰਜਨ ਗੁਰਦਾਸਪੁਰ ਤੇ ਐਸ ਐਮ ਓ ਸਿਵਲ ਹਸਪਤਾਲ ਗੁਰਦਾਸਪੁਰ ਦੀ ਮੰਗ 'ਤੇ ਲਗਭਗ 1 ਲੱਖ 30 ਹਜ਼ਾਰ ਰੁਪਏ ਕੀਮਤ ਵਾਲੀ ਜਰਮਨ ਕੰਪਨੀ ਦੀ ਬਣੀ ਫ਼ਰਸ਼ ਸਾਫ ਕਰਨ ਵਾਲੀ ਸਫਾਈ ਮਸ਼ੀਨ ਭੇਟ ਕੀਤੀ ਗਈ ।ਇਸ ਮੌਕੇ ਪੱਤਰਕਾਰਾ ਨੂੰ ਜਾਣਕਾਰੀ ਦਿੰਦਿਆਂ ਬਾਬਾ ਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਸਿਵਲ ਸਰਜਨ ਗੁਰਦਾਸਪੁਰ ਅਤੇ ਐਸ ਐਮ ਓ ਗੁਰਦਾਸਪੁਰ ਵੱਲੋਂ ਸਿਵਲ ਹਸਪਤਾਲ ਗੁਰਦਾਸਪੁਰ ਦੇ ਕੰਪਲੈਕਸ ਦੀ ਸਫਾਈ ਨੂੰ ਧਿਆਨ ਵਿੱਚ ਰੱਖਦੇ ਹੋਏ ਸਫ਼ਾਈ ਮਸ਼ੀਨ ਦੀ ਮੰਗ ਕੀਤੀ ਗਈ ਸੀ , ਜੋ ਅੱਜ ਉਸ ਮੰਗ ਨੂੰ ਪੂਰਾ ਕਰ ਦਿੱਤਾ ਗਿਆ ਹੈ ।ਉਨ੍ਹਾਂ ਕਿਹਾ ਕਿ ਮੈਂ ਅੱਜ ਬਹੁਤ ਖੁਸ਼ੀ ਮਹਿਸੂਸ ਕਰ ਰਿਹਾ ਕਿ ਮੈਨੂੰ ਹਸਪਤਾਲ ਦੀ ਵੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ ।ਇਸ ਮੌਕੇ ਸਿਵਲ ਸਰਜਨ ਗੁਰਦਾਸਪੁਰ ਡਾ. ਭਾਰਤ ਭੂਸ਼ਣ, ਐਸ ਐਮ ਓ ਗੁਰਦਾਸਪੁਰ ਡਾ. ਅਰਵਿੰਦ ਮਹਾਜਨ, ਐਸ ਐਮ ਓ ਡੇਰਾ ਬਾਬਾ ਨਾਨਕ ਡਾ. ਹਰਪਾਲ ਸਿੰਘ ਨੇ ਸਿਹਤ ਵਿਭਾਗ ਵੱਲੋਂ ਬਾਬਾ ਰਜਿੰਦਰ ਸਿੰਘ ਬੇਦੀ ਅਤੇ ਬਾਬਾ ਸ੍ਰੀ ਚੰਦ ਚੈਰੀਟੇਬਲ ਟ੍ਰਸਟ ਡੇਰਾ ਬਾਬਾ ਨਾਨਕ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਅਤੇ ਇਸ ਮਹਾਨ ਉਪਰਾਲੇ ਲਈ ਬਾਬਾ ਰਜਿੰਦਰ ਸਿੰਘ ਬੇਦੀ ਅਤੇ ਉਨ੍ਹਾਂ ਦੀ ਧਰਮ ਪਤਨੀ ਮੈਡਮ ਆਤਮ ਜੀਤ ਕੌਰ ਬੇਦੀ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਸਨਮਾਨ ਚਿੰਨ੍ਹ ਤੇ ਫੁੱਲਾਂ ਦੇ ਗੁਲਦਸਤੇ ਨਾਲ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ । ਇਸ ਮੌਕੇ ਹੈਲਥ ਸੁਪਰਵਾਈਜ਼ਰ ਮਨਜਿੰਦਰ ਸਿੰਘ ਮਾਨ , ਜਸਬੀਰ ਸਿੰਘ ਬਟਾਲਾ ਅਤੇ ਸੁੱਚਾ ਸਿੰਘ ਸੈਕਟਰੀ ਸ਼ਿਕਾਰ ਆਦਿ ਹਾਜ਼ਰ ਸਨ ।

# 532 ਗਰਾਮ ਹੈਰੋਇਨ ਸਮੇਤ ਵਿਅਕਤੀ ਕਾਬੂ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਕਲਾਨੌਰ ਪੁਲਸ ਦੇ ਏ.ਐਸ.ਆਈ. ਸੰਜੀਵ ਕੁਮਾਰ ਨੇ ਜਾਣਕਾਰੀ ਦਿੰਦਿਆਂ ਉਨ੍ਹਾਂ ਸਮੇਤ ਪੁਲਸ ਪਾਰਟੀ ਨਾਕਾਬੰਦੀ ਕਰਕੇ ਬਿਜਲੀ ਘਰ ਕਲਾਨੌਰ ਤੋਂ ਚਰਨਜੀਤ ਸਿੰਘ ਚੰਨਾ ਪੁੱਤਰ ਫੁੰਮਣ ਸਿੰਘ ਵਾਸੀ ਰਹੀਮਾਬਾਦ ਥਾਣਾ ਕੋਟਲੀ ਸੂਰਤ ਮੱਲੀ ਨੂੰ ਸ਼ੱਕ ਦੇ ਆਧਾਰ 'ਤੇ ਕਾਰ ਸਮੇਤ ਕਾਬੂ ਕਰਕੇ ਉਸ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈਕ ਕੀਤਾ ਜਿਸ ਵਿਚੋਂ 532 ਗ੍ਰਾਮ ਹੈਰੋਇੰਨ ਬ੍ਰਾਮਦ ਹੋਈ ਹੈ। ਪੁਲਸ ਨੇ ਚਰਨਜੀਤ ਸਿੰਘ ਚੰਨਾ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅੰਰਭ ਕਰ ਦਿੱਤੀ ਹੈ।

# ਗੜੇਮਾਰੀ ਨਾਲ ਤਬਾਹ ਹੋਈਆਂ ਫਸਲਾਂ ਦਾ ਮੁਆਵਜ਼ਾ ਦੇਵੇ ਸਰਕਾਰ : ਗੁਰਜੀਤ ਔਜਲਾ



ਚੇਤਨਪੁਰਾ (ਸੁਖਵੰਤ ਚੇਤਨਪੁਰੀ )-ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਬੀਤੀ ਦਿਨ ਦੇਰ ਸ਼ਾਮ ਅੰਮ੍ਰਿਤਸਰ ਦੇ ਅਜਨਾਲਾ ਅਤੇ ਰਾਜਾਸਾਂਸੀ ਇਲਾਕਿਆਂ ਵਿੱਚ ਗੜੇਮਾਰੀ ਅਤੇ ਭਾਰੀ ਮੀਂਹ ਕਾਰਨ ਤਬਾਹ ਹੋਈਆਂ ਫਸਲਾਂ ਲਈ ਮੁਆਵਜ਼ੇ ਦੀ ਮੰਗ ਕੀਤੀ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਇਲਾਕੇ ਦੀ ਗਿਰਦਾਵਰੀ ਜਲਦੀ ਤੋਂ ਜਲਦੀ ਕਰਵਾ ਕੇ ਕਿਸਾਨਾਂ ਦੇ ਨੁਕਸਾਨ ਦੀ ਭਰਪਾਈ ਕੀਤੀ ਜਾਵੇ। ਉਹਨਾਂ ਕਿਹਾ ਕਿ ਇਸ ਸਮੇਂ ਕਣਕ, ਸਰ੍ਹੋਂ ਅਤੇ ਹੋਰ ਫ਼ਸਲਾਂ ਪੱਕ ਰਹੀਆਂ ਸਨ, ਪਰ ਕੱਲ੍ਹ ਗੜੇਮਾਰੀ ਹੋਣ ਕਾਰਨ ਸਾਰੀਆਂ ਫਸਲਾਂ ਤਬਾਹ ਹੋ ਗਈਆਂ, ਜਿਸ ਕਾਰਨ ਕਿਸਾਨਾਂ ਦੀਆਂ ਉਮੀਦਾਂ ਟੁੱਟ ਗਈਆਂ ਹਨ। ਉਨ੍ਹਾਂ ਕਿਹਾ ਕਿ ਕਿਸਾਨ ਪਹਿਲਾਂ ਹੀ ਕੇਂਦਰ ਸਰਕਾਰ ਅੱਗੇ ਐਮ.ਐਸ.ਪੀ. ਗਰੰਟੀ ਐਕਟ ਦੀ ਮੰਗ ਨੂੰ ਲੈ ਕੇ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ ਅਤੇ ਇਸ ਤੋਂ ਬਾਅਦ ਇਸ ਤਰ੍ਹਾਂ ਦੇ ਨੁਕਸਾਨ ਦਾ ਸਾਹਮਣਾ ਕਰਨਾ ਉਨ੍ਹਾਂ ਲਈ ਬਹੁਤ ਦੁਖਦਾਈ ਹੈ। ਔਜਲਾ ਨੇ ਕਿਹਾ ਸਰਕਾਰ ਨੂੰ ਅਜਨਾਲਾ ਅਤੇ ਰਾਜਾਸਾਂਸੀ ਇਲਾਕਿਆਂ ਦੀ ਗਿਰਦਾਵਰੀ ਜਲਦੀ ਤੋਂ ਜਲਦੀ ਕਰਵਾਉਣੀ ਚਾਹੀਦੀ ਹੈ ਅਤੇ ਕਿਸਾਨਾਂ ਨੂੰ ਢੁਕਵਾਂ ਮੁਆਵਜ਼ਾ ਦੇਣਾ ਚਾਹੀਦਾ ਹੈ। ਔਜਲਾ ਨੇ ਕਿਹਾ ਕਿ ਇਨ੍ਹਾਂ ਇਲਾਕਿਆਂ ਵਿੱਚ ਬਹੁਤ ਸਾਰੇ ਬਾਗ ਵੀ ਹਨ, ਜਿਨ੍ਹਾਂ ਦੇ ਫਲ ਵੀ ਇਸ ਗੜੇਮਾਰੀ ਕਾਰਨ ਖਰਾਬ ਹੋ ਗਏ ਹਨ ਅਤੇ ਬਾਗ ਮਾਲਕਾਂ ਦਾ ਨੁਕਸਾਨ ਵੀ ਹੋਇਆ ਹੈ। ਸਰਕਾਰ ਨੂੰ ਚਾਹੀਦਾ ਹੈ ਉਨ੍ਹਾਂ ਨੂੰ ਵੀ ਮੁਆਵਜ਼ੇ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ।

# ਦਸਮੇਸ਼ ਪਬਲਿਕ ਸਕੂਲ ਮਹਿਤਾ ਦੇ ਸਹਿਜ ਪਾਠ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਇਲਾਕੇ ਦੇ ਸਭ ਤੋਂ ਪੁਰਾਣੇ ਅਤੇ ਨਾਮਵਰ ਸਕੂਲ ਦਸਮੇਸ਼ ਪਬਲਿਕ ਸੀਨੀ. ਸੈਕੰ. ਸਕੂਲ ਮਹਿਤਾ ਚੌਕ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ 110 ਸਹਿਜ ਪਾਠ ਸੰਪੂਰਨ ਕੀਤੇ ਗਏ।ਵਿਦਿਆਰਥੀਆਂ ਦੁਆਰਾ ਇਹ ਸਹਿਜ ਪਾਠ ਅਧਿਆਪਕਾਂ ਦੀ ਪ੍ਰੇਰਨਾ ਸਦਕਾ ਅਤੇ ਆਪਣੇ ਮਾਪਿਆਂ ਦੀ ਯੋਗ ਅਗਵਾਈ ਅਧੀਨ ਸੰਪੂਰਨ ਕੀਤੇ ਗਏ।ਵਿਦਿਆਰਥੀ ਧਾਰਮਿਕ ਵਿੱਦਿਆ ਪ੍ਰਾਪਤ ਕਰਨ ਦੇ ਨਾਲ-ਨਾਲ ਧਾਰਮਿਕ ਭਾਸ਼ਣ ਪ੍ਰਤੀਯੋਗਤਾ, ਸ਼ਬਦ-ਗਾਇਣ ਮੁਕਾਬਲੇ ਅਤੇ ਹੋਰ ਧਾਰਮਿਕ ਗਤੀਵਿਧੀਆਂ ਵਿੱਚ ਵੀ ਹਿੱਸਾ ਲੈਂਦੇ ਹਨ।ਬੀਤੇ ਦਿਨੀਂ ਸਕੂਲ ਵਿਖੇ ਹੋਏ ਅਰਦਾਸ ਦਿਵਸ ਵਿੱਚ ਪਹੁੰਚੇ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਦੁਆਰਾ ਇਹਨਾਂ ਵਿਦਿਆਰਥੀਆਂ ਦਾ ਸਿਰੋਪਾਓ ਭੇਟ ਕਰਕੇ ਵਿਸ਼ੇਸ਼ ਸਨਮਾਨ ਕੀਤਾ ਗਿਆ।ਸੰਸਥਾ ਦੇ ਚੈਅਰਮੈਨ ਗੁਰਦੀਪ ਸਿੰਘ ਰੰਧਾਵਾ ਨੇ ਇਹਨਾਂ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ ਅਤੇ ਆਪਣੀ ਜ਼ਿੰਦਗੀ ਵਿੱਚ ਸਦਾ ਗੁਰਬਾਣੀ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਦਿੱਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਸਥਾ ਦੇ ਮੈਨੇਜਰ ਹਰਸ਼ਦੀਪ ਸਿੰਘ ਰੰਧਾਵਾ, ਜਥੇਦਾਰ ਸੁਖਦੇਵ ਸਿੰਘ (ਮੁੱਖ ਬੁਲਾਰਾ ਦਮਦਮੀ ਟਕਸਾਲ), ਅਵਤਾਰ ਸਿੰਘ ਬੁੱਟਰ, ਕੁਲਬੀਰ ਸਿੰਘ ਮਾਨ, ਸੁਰਜੀਤ ਸਿੰਘ ਕੰਗ, ਦਵਿੰਦਰ ਸਿੰਘ, ਮੈ.ਜਗਦੀਪ ਕੌਰ, ਮੈ.ਜਸਜੀਤ ਕੌਰ, ਮੈ.ਪਲਵਿੰਦਰ ਕੌਰ (ਧਾਰਮਿਕ ਅਧਿਆਪਕ ) ਆਦਿ ਹਾਜ਼ਰ ਸਨ।

## ਕਲਾਸੀਫਾਈਡ ਇਸ਼ਤਿਹਾਰ

### ਨਿਯੁਕਤੀ ਸੰਬੰਧੀ ਨੋਟਿਸ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦੀ ਲੋਹਾਰਾ ਬਹੁ-ਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਲੋਹਾਰਾ ਵਿਚ ਸੇਲਜ਼ਮੈਨ ਦੀ ਖਾਲੀ ਅਸਾਮੀ ਲਈ ਡੀ. ਸੀ. ਰੇਟ 'ਤੇ ਭਰਨ ਸੰਬੰਧੀ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ। ਉਮੀਦਵਾਰ ਨੇ ਕਿਸੇ ਵੀ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਗਰੈਜੂਏਸ਼ਨ ਜਾਂ ਇਸ ਦੇ ਬਰਾਬਰ ਦੀ ਡਿਗਰੀ ਪਾਸ ਕੀਤੀ ਹੋਵੇ। ਇਸ ਤੋਂ ਇਲਾਵਾ ਸੰਬੰਧਤ ਉਮੀਦਵਾਰ ਵੱਲੋਂ ਆਈ. ਐੱਸ. ਓ.-9001 ਅਨੁਸਾਰ ਤਸਦੀਕਸ਼ੁਦਾ ਘੱਟੋ-ਘੱਟ 120 ਘੰਟੇ ਦਾ ਕੰਪਿਊਟਰ ਕੋਰਸ ਕੀਤਾ ਹੋਣਾ ਜ਼ਰੂਰੀ ਹੈ। ਉਮੀਦਵਾਰ ਦਸਵੀਂ ਪੰਜਾਬੀ ਵਿਸ਼ੇ ਨਾਲ ਪਾਸ ਹੋਣਾ ਲਾਜ਼ਮੀ ਹੈ। ਉਮੀਦਵਾਰ ਪੇਂਡੂ ਪਿਛੋਕੜ ਨਾਲ ਸੰਬੰਧਤ ਹੋਵੇ। ਉਮੀਦਵਾਰ ਦੀ ਉਮਰ 18 ਸਾਲ ਤੋਂ 37 ਸਾਲ ਦੇ ਵਿਚਕਾਰ ਹੋਵੇ। ਉਮੀਦਵਾਰ ਆਪਣੀਆਂ ਅਰਜ਼ੀਆਂ ਮਿਤੀ 21.03.2025 ਤੱਕ ਦਸਤੀ ਜਾਂ ਡਾਕ ਰਾਹੀਂ ਸਭਾ ਦੇ ਦਫ਼ਤਰ ਵਿਖੇ ਕੰਮ-ਕਾਰ ਵਾਲੇ ਦਿਨ 9 ਤੋਂ 5 ਵਜੇ ਤੱਕ ਭੇਜ ਸਕਦਾ ਹੈ। ਮਿਥੇ ਸਮੇਂ ਤੋਂ ਬਾਅਦ ਪ੍ਰਾਪਤ ਹੋਈਆਂ ਅਰਜ਼ੀਆਂ ਨੂੰ ਵਿਚਾਰਿਆ ਨਹੀਂ ਜਾਵੇਗਾ। ਉਮੀਦਵਾਰ ਲਈ ਅਰਜ਼ੀ ਦੇਣ ਸਮੇਂ ਤਸਦੀਕ ਕੀਤੇ ਦਸਤਾਵੇਜ਼ਾਂ ਅਤੇ ਇੰਟਰਵਿਊ ਵਾਲੇ ਦਿਨ ਅਸਲ ਦਸਤਾਵੇਜ਼ ਨਾਲ ਲੈ ਕੇ ਆਉਣੇ ਜ਼ਰੂਰੀ ਹਨ। ਇੰਟਰਵਿਊ ਮਿਤੀ 24.03. 2025 ਨੂੰ ਸਭਾ ਦੇ ਦਫ਼ਤਰ ਵਿਚ ਸਵੇਰੇ 10 ਵਜੇ ਤੋਂ 12.00 ਵਜੇ ਤੱਕ ਹੋਵੇਗੀ। ਸਭਾ ਦੇ ਦਾਇਰਾ ਕਾਰੋਬਾਰ ਅੰਦਰ ਆਉਣ ਵਾਲੇ ਉਮੀਦਵਾਰ ਨੂੰ ਪਹਿਲ ਦਿੱਤੀ ਜਾਵੇਗੀ। ਸਿਲੈਕਸ਼ਨ ਕਮੇਟੀ ਦਾ ਫੈਸਲਾ ਅੰਤਿਮ ਹੋਵੇਗਾ। ਇਸ ਭਰਤੀ ਪ੍ਰਕਿਰਿਆ ਨੂੰ ਬਿਨਾਂ ਦੱਸੇ ਅੱਗੇ ਕਰਨ ਜਾਂ ਰੱਦ ਕਰਨ ਦਾ ਅਧਿਕਾਰ ਸਭਾ ਦੀ ਸਿਲੈਕਸ਼ਨ ਕਮੇਟੀ/ਪ੍ਰਬੰਧਕ ਕਮੇਟੀ ਕੋਲ ਹੋਵੇਗਾ।

ਸਹੀ/- ਸਕੱਤਰ, ਦੀ ਲੋਹਾਰਾ ਬਹੁ-ਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਲੋਹਾਰਾ , ਤਹਿਸੀਲ ਨਿਹਾਲ ਸਿੰਘ ਵਾਲਾ (ਮੋਗਾ), ਮੋਬਾਈਲ : 97798-71529, 98777-07699

### COURT NOTICE

(U/o 5 Rule 20 CPC)
In the Court of
**Ms. Nirmala Devi**
Civil Judge (Junior Division), Ludhiana
CNR No. PBLD02-005860-2024
Next Date: 25-03-2025
Punjab State Power Corporation Ltd.
Vs
M/S Kiran Combers
Suit For Recovery of Rs. 1085418/-
Publication Issued to :
M/S Kiran Combers
265, Industrial Area-A, Ludhiana Through its Partner/ Proprietor M-97794-28719

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 25.03.2025 at 10:00 A.M.

For details logon to https://highcourtchd.gov.in/?mod=district_notice&district=mogacourt

Civil Judge (Junior Division), Ludhiana
Dated this day of 24-02-2025

### COURT NOTICE

(U/o 5 Rule 20 CPC)
In The Court of
**Sh. Avtar Singh Barda**
Additional District and Sessions Judge-3, Patiala
MHA-6-2024
CNR No. PBPT01-012452-2024
Next Date : 28.03.2025
Lal Bahadur
Vs
General Public
Publication Issued To:
General Public
:- Patiala, Punjab, India

In above titled case, the defendant (s)/respondent (s) could not be served. It is ordered that defendant (s) respondant (s) should appear in person or through counsel on 28.03.2025 at 10:00 A.M.

For details logon to https://highcourtchd.gov.in/?mod=district_notice&district=Patiala

Additional District and Sessions Judge-3, Patiala
Dated this day of 06-02-2025

### COURT NOTICE

(Uo 5 Rule 20 Cpc)
In The Court Of
**Mandeep Kaur**
Civil Judge (Junior Division), Amritsar
CNR No. PBAS02-001545-2020
Next Date:- 22-04-2025
Kuldeep Bawa
Vs.
Janak Raj
Publication Issued To:
1. Janak Raj S/o Des Raj
2. Ravi S/O Des Raj
3. Pawan Kumar S/o Des Raj
All Tenants of one Shop No. 3546/8 Situated at Katra Sufaid, Near Kishan Pan Wala, Amritsar.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 22.04.2025 at 10:00 A.M.

For details logon to https://highcourtchd.gov.in/?trs-istrict_notice&district=Amritsar

Civil Judge (Junior Division), Amritsar
Dated, this day of 01-01-2025

### ਪੰਜਾਬ ਨੈਸ਼ਨਲ ਬੈਂਕ punjab national bank

ਬਰਾਂਚ : ਐੱਸ ਸੀ ਓ-44, ਸਾਹਮਣੇ ਜ਼ਿਲ੍ਹਾ ਸਕੱਤਰੇਤ, ਲਾਡੋਵਾਲੀ ਰੋਡ, ਬਰਾਂਚ ਕੋਡ-0029910 ਜਲੰਧਰ- 144001

**ਸਾਡੀ ਬਰਾਂਚ ਵਿਖੇ ਲਾਕਰਾਂ ਦੇ ਕਿਰਾਏ 'ਚ ਬਕਾਇਆ ਲਈ ਨੋਟਿਸ**

ਪੰਜਾਬ ਨੈਸ਼ਨਲ ਬੈਂਕ, ਬਰਾਂਚ ਦਫ਼ਤਰ ਐੱਸ ਸੀ ਓ-44, ਸਾਹਮਣੇ ਜ਼ਿਲ੍ਹਾ ਸਕੱਤਰੇਤ, ਲਾਡੋਵਾਲੀ ਰੋਡ, ਜਲੰਧਰ ਨੇ ਹੇਠਾਂ ਸਾਰਣੀ 'ਚ ਦਰਸਾਏ ਲਾਕਰ ਕਿਰਾਏ 'ਤੇ ਲੈਣ ਵਾਲਿਆਂ ਨੂੰ ਸੇਫ ਡਿਪਾਜ਼ਟ ਵੈਲਟਸ (ਲਾਕਰਜ਼) ਕਿਰਾਏ 'ਤੇ ਦਿੱਤੇ ਸਨ। ਲਾਕਰ ਧਾਰਕਾਂ ਨੂੰ 3 ਸਾਲ ਤੋਂ ਵੱਧ ਸਮੇਂ ਤੋਂ ਲਾਕਰਾਂ ਦਾ ਕਿਰਾਇਆ ਅਦਾ ਨਹੀਂ ਕੀਤਾ। ਉਨ੍ਹਾਂ ਦੇ ਕਿਰਾਏ ਦਾ ਬਕਾਇਆ ਹੇਠਾਂ ਦਰਸਾਈ ਸਾਰਣੀ 'ਚ ਦਰਸਾਇਆ ਗਿਆ ਹੈ। ਬੈਂਕ ਨੇ ਲਾਕਰ ਕਿਰਾਏ 'ਤੇ ਲੈਣ ਵਾਲੇ ਸੰਬੰਧਤਾਂ ਨੂੰ ਲਾਕਰਾਂ ਦੇ ਬਕਾਇਆ ਕਿਰਾਏ ਲਈ ਤਿੰਨ ਨੋਟਿਸ ਜਾਰੀ ਕੀਤੇ ਸਨ, ਪਰ ਅਜੇ ਤੱਕ ਕੋਈ ਕਿਰਾਇਆ ਜਮ੍ਹਾਂ ਨਹੀਂ ਹੋਇਆ।

| ਲੜੀ ਨੰ. | ਲਾਕਰ ਨੰ. | ਨਾਂਅ | ਬਰਾਂਚ |
|---|---|---|---|
| 1. | AA27 | ਹਰਪ੍ਰੀਤ ਸਿੰਘ ਹੰਜਰਾ | ਮੌਜੂਦਾ- ਪੰਜਾਬ ਨੈਸ਼ਨਲ ਬੈਂਕ ਐੱਸ ਸੀ ਓ-44, ਸਾਹਮਣੇ ਜ਼ਿਲ੍ਹਾ ਸਕੱਤਰੇਤ, ਲਾਡੋਵਾਲੀ ਰੋਡ, ਜਲੰਧਰ<br>ਪਹਿਲਾਂ- ਓਰੀਐਂਟਲ ਬੈਂਕ ਆਫ ਕਾਮਰਸ ਐੱਸ ਸੀ ਓ-44, ਸਾਹਮਣੇ ਜ਼ਿਲ੍ਹਾ ਸਕੱਤਰੇਤ, ਲਾਡੋਵਾਲੀ ਰੋਡ, ਜਲੰਧਰ |

ਇਹ ਨੋਟਿਸ ਉਨ੍ਹਾਂ ਲਾਕਰ ਧਾਰਕਾਂ ਨੂੰ ਜਾਰੀ ਕੀਤਾ ਜਾਂਦਾ ਹੈ, ਜਿਨ੍ਹਾਂ ਉੱਪਰ ਦਰਸਾਏ ਲਾਕਰਾਂ ਦੇ ਕਿਰਾਏ ਅਜੇ ਤੱਕ ਅਦਾ ਨਹੀਂ ਕੀਤੇ ਕਿ ਜੇਕਰ ਬੈਂਕ ਨੂੰ ਉਨ੍ਹਾਂ ਦੇ ਕਿਰਾਏ ਤਿੰਨ ਮਹੀਨਿਆਂ ਦੇ ਵਿੱਚ-ਵਿੱਚ ਅਦਾ ਨਹੀਂ ਕੀਤੇ ਜਾਂਦੇ ਤਾਂ ਬੈਂਕ ਦੀਆਂ ਗਾਈਡਲਾਈਨਜ਼ 9 ਤਹਿਤ ਬੈਂਕ ਸੰਬੰਧਤ ਲਾਕਰ ਧਾਰਕਾਂ ਦੇ ਲਾਕਰ ਉਨ੍ਹਾਂ ਦੇ ਜੋਖ਼ਮ ਅਤੇ ਲਾਗਤ ਦੇ ਖੋਲ੍ਹ ਦਿੱਤੇ ਜਾਣਗੇ ਅਤੇ ਬੈਂਕ ਇਸ ਦੇ ਕਿਸੇ ਇੱਕ ਹਿੱਸੇ ਜਾਂ ਸਮੁੱਚੀ ਸਮੱਗਰੀ ਦੀ ਜਨਤਕ ਜਾਂ ਨਿੱਜੀ ਵਿਕਰੀ ਦੁਆਰਾ ਇਸ ਦੀ ਅਦਾਇਗੀ ਨੂੰ ਪ੍ਰਾਪਤ ਕਰ ਸਕਦਾ ਹੈ। ਲਾਕਰ ਧਾਰਕ ਵੱਲੋਂ ਬੈਂਕ ਦੇ ਬਕਾਏ ਦੇ ਸੰਤੁਸ਼ਟ ਕਰਨ ਤੋਂ ਬਾਅਦ ਲਾਕਰ ਦੀ ਕੋਈ ਵੀ ਰਕਮ ਅਤੇ ਸਮੱਗਰੀ ਜੋ ਬਾਕੀ ਬਚੀ ਹੈ, ਲਾਕਰ ਕਿਰਾਏ ਦੇ ਲੈਣ-ਦੇਣ ਦੇ ਪੂਰੇ ਜੋਖ਼ਮ 'ਤੇ ਪੂਰੀ ਜ਼ਿੰਮੇਵਾਰੀ ਅਤੇ ਲਾਗਤ 'ਤੇ ਬੈਂਕ ਦੁਆਰਾ ਰੱਖੀ ਜਾਵੇਗੀ। ਜੇਕਰ ਬੈਂਕ ਨੂੰ ਅਜਿਹੀ ਵਿਕਰੀ ਕਰਨ 'ਤੇ ਅਦਾਇਗੀ ਨਾਕਾਫੀ ਹੋਵੇਗੀ ਤਾਂ ਲਾਕਰ ਧਾਰਕ ਇਸ ਘਾਟ ਲਈ ਜ਼ਿੰਮੇਵਾਰ ਹੋਵੇਗਾ।

ਮਿਤੀ : 01.03.2025 ਸਥਾਨ : ਜਲੰਧਰ ਪੰਜਾਬ ਨੈਸ਼ਨਲ ਬੈਂਕ

### Change of Name

I Devayani W/O Omana Kuttan, R/O H. No.-WG-414, Niwan Suraj Ganj, Shaheed Udham Singh Nagar, Jalandhar Have changed my name from Devayani to Mallika.

I Neel Kamal Prabhakar W/O Tarun Kumar R/O H.no.796 Gali Baba Deep Singh Jawahar Nagar Chheharta Amritsar Have Changed My Name To Neel Kamal.

I, Sukhchain S/O Bakshi, R/o Patti Haweli, Malsian, Jalandhar, Punjab-144701, have changed my name and shall hereafter be Known as Sukhchain Singh.

I, Bala Devi, W/O Prakash Chand R/o Nada, Naya Gaon, Po, S.A.S Nagar (Mohali), Punjab- 160103. have changed my name and shall hereafter be Known as Saroj Bala.

I, Prakash Chand S/O Sucha Singh, R/o Nada, S.A.S, Nagar (Mohali), Punjab- 160103, have changed my name and shall hereafter be Known as Parkash Singh.

I, Sukhwinder Singh Chandi S/o Piara Singh R/o H. No. 118, Tower Enclave, Phase-2, Wadala, Jalandhar, 144003, Punjab changed my name to Sukhwinder Singh.

I, Satnam Singh @ Surinder Singh S/o Bishan Singh R/o Vill. Sikanderpur, Po. Alawalpur, Distt. Jalandhar have changed my name to Satnam Singh. Also known as Satnam Singh is my single name. All Please Note.

I, Rajesh Kumar S/o Pawan Kumar R/o H.No. 248, Sodal Road, Dada Colony, Industrial Area, Jalandhar-144004, Punjab have changed my name from Rajesh Kumar to Rajesh Kumar Mittal. (Surname as Mittal) All Please Note.

I, Baljinder Singh S/o Lehmber Singh R/o Vill. Manawali, Po. Chachoki, Tehsil Phagwara, Distt. Kapurthala Punjab have changed my name from Baljinder Singh to Baljinder Singh Sarkaria. All Please Note.

I, Navjot Kaur W/o Preet Randhawa R/o Village Kot Karar Khan, Po. Patter Kalan, Distt. Kapurthala have changed my name from Navjot Kaur to Jot Randhawa. All Please Note.

I, Harsh Kumar S/o Shashi Kumar Lekhi R/o H.No.80-B, New Subhash Nagar Maqsudan, Jalandhar have changed the name of my minor son from Paras to Paras Kumar Lekhi. All Please Note.

I, Madhu Priya w/o Anil Kumar Barna r/o H.No. 1067, Taran Wali Gali, Rajput Nagar, Model House, Jalandhar have changed my name to Madhu Priya Barna. (Surname as Barna). All Please Note.

### Change of Name

I, Sello W/o Sital Banger R/o Village Palnau, Tehsil Phillaur, Distt. Jalandhar, Punjab have changed the spelling of my name from Sello to Shilo. All Please Note.

I, Anil Kumar s/o Joginder Paul r/o H.No. 1067, Taran Wali Gali, Rajput Nagar, Model House, Jalandhar have changed my name to Anil Kumar Barna. (Surname as Barna). All Please Note.

I, Ramneek Sharma s/o Late. Suriender Pal r/o H.No. L-81, Amrik Nagar, Jalandhar-144004, Punjab have changed my minor daughter name from Sonali to Sonali Sharma (Surname as Sharma) All Please Note.

I, Sukhwinder Kaur Parmar w/o Taranjit Singh r/o Ajnoha, Tehsil Garhshankar, Distt.Hoshiarpur-144404, Punjab have changed my name to Sukhwinder Kaur. All Please Note.

I, Paramjit Kaur w/o Paramjit Singh r/o VPO. Laroi, Distt. Jalandhar-144201, Punjab have changed my name to Balvir Kaur. All Please Note.

I, Monika Sondhi w/o Dinesh Kumar r/o EJ-206, Chahar Bagh, Jalandhar have delete my surname after marriage Monika Sondhi to Monika. All Please Note.

### ਨਾਂਅ ਦੀ ਬਦਲੀ

ਮੈਂ, ਨੀਰਾ ਕਾਲਰਾ ਪਤਨੀ ਰਜਿੰਦਰ ਕਾਲਰਾ ਵਾਸੀ ਡਬਲਯੂ ਬੀ-162, ਬਜਾਰ ਸ਼ੇਖਾਂ, ਜਲੰਧਰ, ਪੰਜਾਬ ਸੂਚਿਤ ਕਰਦੀ ਹਾਂ ਕਿ ਮੈਂ ਆਪਣਾ ਨਾਮ ਡੋਲੀ ਤੋਂ ਬਦਲ ਕੇ ਨੀਰਾ ਕਾਲਰਾ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਨੀਰਾ ਕਾਲਰਾ ਪਤਨੀ ਰਜਿੰਦਰ ਕਾਲਰਾ ਵਾਸੀ ਡਬਲਯੂ ਬੀ-162, ਬਜਾਰ ਸ਼ੇਖਾਂ, ਜਲੰਧਰ, ਪੰਜਾਬ ਸੂਚਿਤ ਕਰਦੀ ਹਾਂ ਕਿ ਮੇਰੇ ਪਤੀ ਦਾ ਸਹੀ ਨਾਮ ਰਜਿੰਦਰ ਕਾਲਰਾ ਹੈ, ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ। ਰਜਿੰਦਰ ਕਾਲਰਾ ਅਤੇ ਰਜਿੰਦਰ ਕੁਮਾਰ ਕਾਲੜਾ ਦੋਵੇਂ ਨਾਮ ਇੱਕੋ ਵਿਅਕਤੀ ਦੇ ਹਨ। ਸੰਬੰਧਿਤ ਨੋਟ ਕਰਨ।

ਮੈਂ, ਗੌਤਮ ਕਾਲਰਾ ਪੁੱਤਰ ਰਜਿੰਦਰ ਕਾਲਰਾ ਵਾਸੀ ਡਬਲਯੂ ਬੀ-162, ਬਜਾਰ ਸ਼ੇਖਾਂ, ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੈਂ ਆਪਣਾ ਨਾਮ ਗੌਤਮ ਕਾਲੜਾ ਤੋਂ ਬਦਲ ਕੇ ਗੌਤਮ ਕਾਲਰਾ ਰੱਖ ਲਿਆ ਹੈ । ਸੰਬੰਧਿਤ ਨੋਟ ਕਰਨ।

### ਰਜਿਸਟਰੀ ਗੁੰਮ

ਮੈਂ ਰਾਜਰਾਣੀ ਪਤਨੀ ਅਜੈ ਕੁਮਾਰ ਵਾਰਡ ਨੰਬਰ 5 ਤਹਿਸੀਲ ਪਾਤੜਾਂ ਜ਼ਿਲ੍ਹਾ ਪਟਿਆਲਾ ਪਲਾਟ 0 ਕਨਾਲ 10 ਮਰਲੇ ਜਿਸਦਾ ਸਾਈਜ਼ 30∅90 ਹੈ ਵਸੀਕਾ ਨੰਬਰ 2757 ਹੈ ਮਿਤੀ 18/11/2010 ਹੈ ਮੈਂ ਰਾਜਰਾਣੀ ਦੀ ਅਸਲ ਰਜਿਸਟਰੀ ਕਿਤੇ ਗੁੰਮ ਹੋ ਗਈ ਹੈ ਜਿਸਦੀ ਡੀ ਡੀ ਆਰ ਰੋਜ਼ਨਾਮਚਾ ਨੰਬਰ 021 ਮਿਤੀ 02/03/2025 ਨੂੰ ਦਰਜ਼ ਕਰਵਾਈ ਗਈ ਹੈ ਹੁਣ ਮੈਂ ਉਕਤ ਰਜਿਸਟਰੀ ਸਬੰਧੀ ਪੰਜਾਬ ਐਂਡ ਸਿੰਧ ਬੈਂਕ ਬ੍ਰਾਂਚ ਘੱਗਾ ਤੋਂ ਲੋਨ (ਲਿਮਟ) ਲੈਣ ਲਈ ਅਪਲਾਈ ਕੀਤਾ ਹੈ ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ ਪੰਜਾਬ ਐਂਡ ਸਿੰਧ ਬੈਂਕ ਨਾਲ ਸੰਪਰਕ ਕਰੇ ਉਸ ਤੋਂ ਬਾਅਦ ਕੋਈ ਵੀ ਇਤਰਾਜ਼ ਨਹੀਂ ਮੰਨਿਆ ਜਾਵੇਗਾ
ਬੈਂਕ ਮੈਨੇਜਰ ਘੱਗਾ ਮੋਬਾਇਲ ਨੰਬਰ 7087015427

### ਬੇਦਖਲੀ ਨੋਟਿਸ

ਮੈਂ, ਲਭੋ ਦੇਵੀ ਪਤਨੀ ਕਸਤੂਰੀ ਲਾਲ ਵਾਸੀ ਮਕਾਨ ਨੰਬਰ ਬੀ-512, ਤਿਲਕ ਨਗਰ, ਜਲੰਧਰ-1, ਜ਼ਿਲ੍ਹਾ ਜਲੰਧਰ, ਪੰਜਾਬ-144003 ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਬਿਸ਼ਨ ਲਾਲ, ਉਸਦੀ ਪਤਨੀ ਸ਼ੀਲਾ ਦੇਵੀ ਅਤੇ ਉਸਦੇ ਚਾਰ ਬੱਚੇ ਅਜੈ ਸਾਂਗਲਾ, ਅਕਾਸ਼ ਸਾਂਗਰਾ, ਸਮੀਰ ਅਤੇ ਸਮੀਰ ਦੀ ਪਤਨੀ ਪ੍ਰੀਤੀ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਸੁਰਿੰਦਰ ਪਾਲ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਸੁਭਾਨਾ, ਡਾਕਖਾਨਾ ਮਿੱਠਾਪੁਰ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੇਰਾ ਪੁੱਤਰ ਸਾਗਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਮਹਿੰਦਰ ਪਾਲ ਪੁੱਤਰ ਸ੍ਰੀ ਮਿਲਖੀ ਰਾਮ ਵਾਸੀ ਮਕਾਨ ਨੰਬਰ 55 ਏ, ਘੁਮਿਆਰਾ ਵਾਲੀ ਗਲੀ, ਪਹਾੜੀ ਗੇਟ, ਬਟਾਲਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਾਜਨ (ਸ਼ਾਦੀਸ਼ੁਦਾ) ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਅਸੀਂ, ਪ੍ਰਮੋਦ ਕੁਮਾਰ ਪੁੱਤਰ ਰੌਸ਼ਨ ਲਾਲ ਵਾ ਸੁਸ਼ਮਾ ਪਤਨੀ ਪ੍ਰਮੋਦ ਕੁਮਾਰ ਵਾਸੀਆਨ ਮਕਾਨ ਨੰ. 269-ਬੀ, ਏਕਤਾ ਨਗਰ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਨਿਧੀ ਉਮਾਰ 26 ਸਾਲ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

### ਆਮ ਸੂਚਨਾ

ਮੈਂ, ਰੋਹਿਤ ਸਿੱਧੂ ਪੁੱਤਰ ਲੇਟ ਸੁਰਿੰਦਰ ਪਾਲ ਵਾਸੀ ਮਕਾਨ ਨੰ. 236-ਬੀ, ਨੇੜੇ ਸਿਧਾਰਥ ਨਗਰ, ਜੱਲੋਵਾਲ ਅਬਾਦੀ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਭਰਾ ਗੌਰਵ ਸਿੱਧੂ ਉਮਰ 23 ਸਾਲ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨਾਲ ਆਪਣੇ ਸਾਰੇ ਸੰਬੰਧ ਤੋੜਦਾ ਹਾਂ। ਇਸ ਦੇ ਨਾਲ ਸੰਬੰਧਤ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੀ ਮੇਰੀ ਜਾਂ ਮੇਰੇ ਬਾਕੀ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀ ਹੋਵੇਗੀ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ। ਰਪੋਟ

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

3-MAR-PAGE-7.qxd 3/2/2025 10:22 PM Page 1



## ਸੀਵਰੇਜ ਸਾਫ਼ ਕਰਨ ਵਾਲੀ ਨਵੀਂ ਮਸ਼ੀਨ ਨੂੰ ਵਿਧਾਇਕ ਨੇ ਦਿੱਤੀ ਹਰੀ ਝੰਡੀ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪੰਜਾਬ ਸਰਕਾਰ ਵੱਲੋਂ ਸ਼ਹਿਰੀ ਖੇਤਰਾਂ ਵਿੱਚ ਬੰਦ ਹੁੰਦੇ ਸੀਵਰੇਜ ਨੂੰ ਖੋਲ੍ਹਣ ਲਈ ਨਵੀਂ ਮਸ਼ੀਨਰੀ ਮੁਹੱਈਆ ਕਰਵਾ ਜਾ ਰਹੀ ਹੈ, ਜਿਸ ਤਹਿਤ ਨਗਰ ਕੌਂਸਲ ਪਾਤੜਾਂ ਨੂੰ ਪੰਜਾਬ ਸਰਕਾਰ ਵੱਲੋਂ ਦਿੱਤੀ ਗਈ ਨਵੀ ਮਸ਼ੀਨ ਨੂੰ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।ਗੱਡੀ ਨੂੰ ਰਵਾਨਾ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਪਹਿਲਾਂ ਰਹੀਆਂ ਸਰਕਾਰਾਂ ਨੇ ਸ਼ਹਿਰ ਵਾਸੀਆਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਕੁੱਝ ਨਹੀਂ ਕੀਤਾ ਤੇ ਲੰਬੇ ਸਮੇਂ ਤੋਂ ਪਾਤੜਾਂ ਵਿੱਚ ਸੀਵਰੇਜ ਸਿਸਟਮ ਦੀ ਸਮੱਸਿਆ ਨੂੰ ਹੱਲ ਕਰਨ ਲਈ ਸਫਾਈ ਕਰਮਚਾਰੀਆਂ ਨੂੰ ਆਪਣੀ ਜਾਨ ਜੋਖਮ ਵਿੱਚ ਪਾ ਕੇ ਸੀਵਰੇਜ ਸਿਸਟਮ ਖੋਲ੍ਹਣਾ ਪੈਂਦਾ ਹੈ ਅਤੇ ਕਈ ਵਾਰ ਕਰਮਚਾਰੀਆਂ ਨੂੰ ਜਿੱਥੇ ਬਿਮਾਰੀਆਂ ਲੱਗ ਜਾਂਦੀਆਂ ਸਨ, ਉੱਥੇ ਹੀ ਕਈ ਵਾਰ ਉਨ੍ਹਾਂ ਦੀ ਮੌਤ ਵੀ ਹੋ ਜਾਂਦੀ ਸੀ, ਪਰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਪੰਜਾਬ ਦੇ ਲੋਕਾਂ ਨੂੰ ਬਿਹਤਰ ਸਹੂਲਤਾਂ ਦੇਣ ਦੇ ਕੀਤੇ ਗਏ ਵਾਅਦੇ ਨੂੰ ਪੂਰਾ ਕਰਦਿਆਂ ਹਰ ਸ਼ਹਿਰ ਵਿੱਚ ਨਵੀ ਤਕਨੀਕ ਵਾਲੀਆਂ ਮਸ਼ੀਨਾਂ ਦਿੱਤੀਆਂ ਜਾ ਰਹੀ ਹਨ।ਇਸ ਤਹਿਤ ਹੀ ਨਗਰ ਕੌਂਸਲ ਪਾਤੜਾਂ ਨੂੰ ਪੰਜਾਬ ਸਰਕਾਰ ਵੱਲੋਂ 60 ਲੱਖ ਰੁਪਏ ਦੀ ਲਾਗਤ ਵਾਲੀ ਮਸ਼ੀਨ ਦਿੱਤੀ ਗਈ ਹੈ, ਜਿਸ ਨਾਲ ਸ਼ਹਿਰ ਵਾਸੀਆਂ ਨੂੰ ਸੀਵਰੇਜ ਸਿਸਟਮ ਬੰਦ ਹੋਣ ਕਾਰਨ ਹੋਣ ਵਾਲੀਆਂ ਸਮੱਸਿਆਵਾਂ ਤੋਂ ਰਾਹਤ ਮਿਲੇਗੀ।

## ਕਰਮਜੀਤ ਸਿੰਘ ਅਲਹੌਰਾਂ ਆੜ੍ਹਤੀਆ ਐਸੋਸੀਏਸ਼ਨ ਨਾਭਾ ਦੇ ਪ੍ਰਧਾਨ ਬਣੇ



**ਨਾਭਾ (ਵਰਿੰਦਰ ਵਰਮਾ)**-ਅਨਾਜ ਮੰਡੀ ਨਾਭਾ ਦੀ ਆੜ੍ਹਤੀਆ ਐਸੋਸੀਏਸ਼ਨ ਦੀ ਪ੍ਰਧਾਨਗੀ ਨੂੰ ਲੈ ਕੇ ਚੋਣ ਕਮੇਟੀ ਮੈਂਬਰ ਸਿਕੰਦਰ ਸਿੰਘ ਦੰਦਰਾਲਾ ਢੀਂਡਸਾ, ਸੁਭਾਸ਼ ਚੰਦ ਗਰਗ, ਚਮਨ ਲਾਲ, ਜਸਵੰਤ ਸਿੰਘ ਕੱਲੇਮਾਜਰਾ ਦੀ ਨਿਗਰਾਨੀ ਹੇਠ ਕਰਵਾਈ ਗਈ, ਜਿਸ ਵਿੱਚ ਸਖ਼ਤ ਮੁਕਾਬਲੇ ਦੇ ਬਾਵਜੂਦ ਕਰਮਜੀਤ ਸਿੰਘ ਭੋਲੀ ਅਲਹੌਰਾਂ ਨੇ ਆਪਣੇ ਵਿਰੋਧੀ ਉਮੀਦਵਾਰ ਜਤਿੰਦਰ ਸਿੰਘ ਜੱਤੀ ਅਭੈਪੁਰ ਨੂੰ 12 ਵੋਟਾਂ ਦੇ ਫਰਕ ਨਾਲ ਹਰਾ ਕੇ ਜੇਤੂ ਰਹੇ।ਪ੍ਰਧਾਨ ਬਨਣ ਉਪਰੰਤ ਉਨ੍ਹਾ ਜੈ ਸ੍ਰੀ ਰਾਮ ਮੰਦਿਰ ਤੇ ਗੁਰਦੁਆਰਾ ਧੰਨਾ ਸਿੰਘ ਜੀ ਵਿਖੇ ਨਮਸਤਕ ਹੋ ਕੇ ਅਸ਼ੀਰਵਾਦ ਲਿਆ ਤੇ ਉਨ੍ਹਾ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਤੇ ਸਮੂਹ ਆੜ੍ਹਤੀਆ ਭਾਈਚਾਰੇ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਐਸੋਸੀਏਸ਼ਨ ਤੇ ਆੜ੍ਹਤੀਆ ਭਾਈਚਾਰੇ ਦੀ ਬਿਹਤਰੀ ਲਈ ਇਮਾਨਦਾਰੀ ਤੇ ਤਨਦੇਹੀ ਨਾਲ ਕੰਮ ਕਰਨਗੇ।ਉਨ੍ਹਾ ਕਿਹਾ ਕਿ ਜੇਕਰ ਕਿਸੇ ਆੜ੍ਹਤੀਆ ਭਾਈਚਾਰੇ ਨੂੰ ਕੋਈ ਸਮੱਸਿਆ ਆਉਂਦੀ ਹੈ ਤਾਂ ਉਸ ਨੂੰ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾਵੇਗਾ।ਇਸ ਮੌਕੇ ਹਲਕਾ ਵਿਧਾਇਕ ਦੇਵ ਮਾਨ ਨੇ ਵਿਸ਼ੇਸ਼ ਤੌਰ 'ਤੇ ਅਨਾਜ ਮੰਡੀ ਵਿਖੇ ਪਹੁੰਚ ਕੇ ਨਵ-ਨਿਯੁਕਤ ਪ੍ਰਧਾਨ ਕਰਮਜੀਤ ਸਿੰਘ ਭੋਲੀ ਨੂੰ ਵਧਾਈਆਂ ਦਿੱਤੀਆਂ।ਇਸ ਮੌਕੇ ਉਨ੍ਹਾ ਨਾਲ ਸਾਬਕਾ ਪ੍ਰਧਾਨ ਸੁਰਿੰਦਰ ਗੁਪਤਾ, ਜੀਵਨ ਗੁਪਤਾ ਅਗੋਲ ਵਾਲੇ, ਵਿਨੇ ਗੁਪਤਾ, ਸੁਖਵੰਤ ਸਿੰਘ ਕੋਲ, ਸੰਜੇ ਮੱਗੋ, ਅਨੁਜ ਕੁਮਾਰ, ਰਮਨ ਜਿੰਦਲ ਭੋਲਾ, ਭਰਪੂਰ ਦੰਦਰਾਲਾ ਢੀਂਡਸਾ, ਅਜੀਤ ਗੁਪਤਾ, ਹਰਬੰਸ ਸਿੰਘ, ਗੋਰਾ ਲਾਲ, ਅਸ਼ੋਕ ਚੋਂਦਾ, ਦੀਪਕ ਗੁਪਤਾ, ਸੰਜੀਵ ਜਿੰਦਲ, ਸੰਦੀਪ ਗਰਗ, ਰਮੇਸ਼ਵਰ ਮੰਡੋੜ, ਵਿਨੋਦ ਮੋਦੀ, ਜਨਕ ਰਾਜ ਤੋਂ ਇਲਾਵਾ ਕਪਿਲ ਮਾਨ, ਤੇਜਿੰਦਰ ਸਿੰਘ ਖਹਿਰਾ, ਜਸਵੀਰ ਸਿੰਘ ਛਿੰਦਾ, ਭੁਪਿੰਦਰ ਸਿੰਘ ਕਲਰ ਮਾਜਰੀ, ਗੁਰਲਾਲ ਸਿੰਘ ਮੱਲ੍ਹੀ, ਮਨਪ੍ਰੀਤ ਸਿੰਘ, ਵਿਨੋਦ ਠੇਕੇਦਾਰ, ਗੋਨਾ ਗਰਗ ਆਦਿ ਆੜ੍ਹਤੀਆ ਭਾਈਚਾਰਾ ਮੌਜੂਦ ਸੀ।

## ਫ਼ਰੈਸ਼ਰ ਪਾਰਟੀ ਦੌਰਾਨ ਸੱਭਿਆਚਾਰਕ ਪ੍ਰੋਗਰਾਮ ਨੇ ਰੰਗ ਬੰਨ੍ਹਿਆ



**ਸੰਗਰੂਰ (ਪ੍ਰਵੀਨ ਸਿੰਘ)**-ਲਾਈਫ਼ ਗਾਰਡ ਨਰਸਿੰਗ ਇੰਸਟੀਚਿਊਟ ਸੰਗਰੂਰ ਵਿਖੇ ਨਰਸਿੰਗ ਵਿਦਿਆਰਥੀਆਂ ਲਈ ਸੰਸਥਾ ਵੱਲੋਂ ਫ਼ਰੈਸ਼ਰ ਫ਼ੇਅਰਵੈੱਲ ਪਾਰਟੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਦੇ ਤੌਰ 'ਤੇ ਸੁਖਦੇਵ ਸਿੰਘ ਡੀਐੱਸਪੀ ਨੇ ਸ਼ਿਰਕਤ ਕੀਤੀ। ਇਸ ਦੌਰਾਨ ਮੰਚ ਸੰਚਾਲਨ ਮੌਕੇ ਮਨਦੀਪ ਸ਼ਰਮਾ ਤੇ ਅਮਰਜੀਤ ਕੌਰ ਨੇ ਸੰਸਥਾ ਵੱਲੋਂ ਕੀਤੀਆਂ ਜਾਂਦੀਆਂ ਗਤੀਵਿਧੀਆਂ ਦੀ ਜਾਣਕਾਰੀ ਦਿੱਤੀ। ਇਸ ਦੌਰਾਨ ਮੁੱਖ ਮਹਿਮਾਨ ਸੁਖਦੇਵ ਸਿੰਘ ਡੀ.ਐੱਸ.ਪੀ. ਸੰਗਰੂਰ ਨੇ ਕਿਹਾ ਕਿ ਉਹ ਸੰਸਥਾ ਵੱਲੋਂ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਕੀਤੀਆਂ ਪ੍ਰਾਪਤੀਆਂ ਬਹੁਤ ਪ੍ਰਭਾਵਿਤ ਹੋਏ ਹਨ। ਸਮਾਗਮ ਦੌਰਾਨ ਡਾ: ਜਗਜੀਤ ਸਿੰਘ ਐੱਸ.ਐੱਮ.ਓ. ਮਲੇਰਕੋਟਲਾ ਨੇ ਕਿਹਾ ਕਿ ਅੱਜ ਵੀ ਦੇਸ਼ ਵਿਚ ਨਰਸਾਂ ਦੀ ਭਾਰੀ ਕਮੀ ਪਾਈ ਜਾ ਰਹੀ ਹੈ। ਇਸ ਮੌਕੇ ਕੈਨੇਡਾ ਵਿੱਚ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਵਾਲੇ ਜਗਤ ਪੰਜਾਬੀ ਸਭਾ ਕੈਨੇਡਾ ਦੇ ਪ੍ਰਧਾਨ ਐਡਵੋਕੇਟ ਅਜਾਇਬ ਸਿੰਘ ਚੱਠਾ ਨੇ ਕਿਹਾ ਕਿ ਨਰਸਿੰਗ ਕਰਨ ਵਾਲੇ ਵਿਦਿਆਰਥੀਆਂ ਦੀ ਭਾਰਤ ਦੇ ਨਾਲ ਨਾਲ ਕੈਨੇਡਾ ਵਿੱਚ ਵੀ ਭਾਰੀ ਮੰਗ ਹੈ। ਇਸ ਮੌਕੇ ਸੰਸਥਾ ਵੱਲੋਂ ਆਏ ਮਹਿਮਾਨਾਂ ਤੇ ਸਟਾਫ਼ ਮੈਂਬਰਾਂ ਨੂੰ ਸਨਮਾਨਤ ਕੀਤਾ ਗਿਆ। ਇਸ ਸਮੇਂ ਕਰਵਾਏ ਗਏ ਮੁਕਾਬਲਿਆਂ ਦੌਰਾਨ ਅਮਨਦੀਪ ਕੌਰ ਨੂੰ ਮਿਸ ਫ਼ਰੈਸ਼ਰ ਤੇ ਨਵਜੋਤ ਸਿੰਘ ਨੂੰ ਮਿਸਟਰ ਫ਼ਰੈਸ਼ਰ ਚੁਣਿਆ ਗਿਆ। ਇਸ ਦੌਰਾਨ ਲੈਕ: ਜਸਪਾਲ ਸਿੰਘ, ਸੁਖਵਿੰਦਰ ਸਿੰਘ ਫੂੱਲ, ਸਰਬਜੀਤ ਸਿੰਘ ਰੇਖੀ ਚੇਅਰਮੈਨ ਸਹਾਰਾ ਫ਼ਾਊਂਡੇਸ਼ਨ, ਵੰਦਨਾ ਸਲੂਜਾ, ਮਨਪ੍ਰੀਤ ਕੌਰ, ਸੁਖਵਿੰਦਰ ਸਿੰਘ ਬਬਲਾ, ਡਾ: ਰਾਮ ਲਾਲ ਸ਼ਰਮਾ, ਲਾਲ ਸਿੰਘ ਤੇ ਹੋਰਨਾਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

## ਬੰਤਾ ਸਿੰਘ ਨੇ ਬਤੌਰ ਮੈਨੇਜਰ ਸੇਵਾ ਸੰਭਾਲੀ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਵਿਖੇ ਨਵੇਂ ਮੈਨੇਜਰ ਬੰਤਾ ਸਿੰਘ ਨੇ ਸੇਵਾ ਸੰਭਾਲ ਲਈ ਹੈ।ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਤੇ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਸਿਰਪਾਓ ਦੇ ਕੇ ਸਵਾਗਤ ਕੀਤਾ ਗਿਆ।ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਬਤੌਰ ਮੈਨੇਜਰ ਸੇਵਾ ਸੰਭਾਲਣ ਵਾਲੇ ਬੰਤਾ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਬਤੌਰ ਕਲਰਕ ਤੇ ਫਿਰ ਗੁਰਦੁਆਰਾ ਧਮਧਾਨ ਸਾਹਿਬ ਵਿਖੇ ਮੈਨੇਜਰ ਅਤੇ ਤਰੱਕੀ ਲੈ ਕੇ ਇੰਸਪੈਕਟਰ ਵਜੋਂ ਸੇਵਾਵਾਂ ਨਿਭਾਅ ਕੇ ਸੇਵਾਮੁਕਤ ਹੋਏ ਬੰਤਾ ਸਿੰਘ ਨੂੰ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਦੇ ਬਤੌਰ ਮੈਨੇਜਰ ਸੇਵਾ ਸੰਭਾਲੀ ਗਈ ਹੈ ਅਤੇ ਉਨ੍ਹਾਂ ਨੇ ਆਪਣੀ ਡਿਊਟੀ 'ਤੇ ਹਾਜ਼ਰ ਹੋ ਕੇ ਇਹ ਸੇਵਾ ਸ਼ੁਰੂ ਕਰ ਦਿੱਤੀ ਹੈ। ਮੈਨੇਜਰ ਬੰਤਾ ਸਿੰਘ ਨੇ ਕਿਹਾ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਇਸ ਸੇਵਾ ਨੂੰ ਗੁਰਦੁਆਰਾ ਸਾਹਿਬ ਦੇ ਸਾਰੇ ਪਾਠੀ ਤੇ ਰਾਗੀ ਸਾਹਿਬਨ ਅਤੇ ਕਰਮਚਾਰੀਆਂ ਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਇਆ ਜਾਵੇਗਾ।

## ਪੀ.ਐੱਸ.ਯੂ. ਤੇ ਨੌਜਵਾਨ ਭਾਰਤ ਸਭਾ ਦੇ ਪੁਰਾਣੇ ਵਰਕਰਾਂ ਦੀ ਮਿੱਤਰ ਮਿਲਣੀ



**ਦਿੜ੍ਹਬਾ (ਜਸਵੀਰ ਲਾਡੀ)**-ਪਿੰਡ ਛਾਜਲੀ ਵਿਖੇ ਟੂਲਿੱਪ ਮੈਰਿਜ ਪੈਲੇਸ ਵਿੱਚ ਪੀ.ਐੱਸ.ਯੂ. ਤੇ ਨੌਜਵਾਨ ਭਾਰਤ ਸਭਾ ਦੇ 1982-83 ਵੇਲੇ ਦੇ ਵਰਕਰਾਂ ਦੀ ਦੂਜੀ ਮਿੱਤਰ ਮਿਲਣੀ ਕੀਤੀ ਗਈ।ਇਸ ਵਾਰ ਦੀ ਇਹ ਮਿੱਤਰ ਮਿਲਣੀ ਪਿਛਲੇ ਮਹੀਨੇ ਵਿੱਛੜੇ ਸਾਥੀ ਕਰਮ ਸਿੰਘ ਸੱਤ ਨੂੰ ਸਮਰਪਤ ਕੀਤੀ ਗਈ।ਪ੍ਰੋਗਰਾਮ ਦੀ ਸ਼ੁਰੂਆਤ ਵਿੱਛੜੇ ਸਾਥੀਆਂ ਦੀਆਂ ਫੋਟੋਆਂ ਦੀ ਫੋਟੋ ਗੈਲਰੀ ਵਿੱਚ ਲਾਈਆਂ ਫੋਟੋਆਂ ਅੱਗੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਤਾਰਾ ਸਿੰਘ ਛਾਜਲੀ ਵੱਲੋਂ ਚੜ੍ਹਨ ਵਾਲਿਓ ਹੱਕਾਂ ਦੀ ਭੇਟ 'ਤੇ ਗੀਤ ਗਾ ਕੇ ਸ਼ਰਧਾਂਜਲੀ ਭੇਟ ਕੀਤੀ ਗਈ।ਪਿਛਲੇ ਦਿਨੀਂ ਕਾਮਰੇਡ ਸ਼ੇਰ ਸਿੰਘ ਦੀ ਨੂੰਹ ਦੀ ਮੌਤ ਤੇ ਰਘਬੀਰ ਸਿੰਘ (ਭੋਲਾ) ਸੰਗਤੀਵਾਲਾ ਦੇ ਭਰਾ ਦੀ ਮੌਤ 'ਤੇ ਸ਼ੋਕ ਮਤੇ ਪਾਏ ਗਏ।ਇਸ ਮਿਲਣੀ ਵਿੱਚ ਇਕੱਠੇ ਹੋਏ ਮਿੱਤਰਾਂ ਨੇ ਇਨਕਲਾਬੀ ਲਹਿਰ ਸੰਗ ਬਿਤਾਏ ਸੰਗਰਾਮੀ ਪਲਾਂ ਨੂੰ ਯਾਦ ਕੀਤਾ ਗਿਆ।ਪੈਲੇਸ ਅੰਦਰ ਲੱਗੀ ਸਟੇਜ ਦਾ ਸੁਚੱਜਾ ਪ੍ਰਬੰਧ ਸਵ: ਕਰਮ ਸਿੰਘ ਸੱਤ ਦੇ ਬੇਟੇ ਸੁਪਿੰਦਰ ਸਿੰਘ ਨੇ ਕੀਤਾ।ਮਿਲਣੀ ਵਿੱਚ ਜਿੱਥੇ ਯਾਦਾਂ ਸਾਂਝੀਆਂ ਕੀਤੀਆਂ ਗਈਆਂ, ਉੱਥੇ ਹੀ ਦੇਸ ਰਾਜ ਛਾਜਲੀ, ਰਾਮ ਸਿੰਘ ਬੇਨੜਾ, ਜਗਦੀਸ਼ ਪਾਪੜਾ, ਗੁਰਪਿਆਰ ਸਿੰਘ, ਕਾਮਰੇਡ ਸ਼ੇਰ ਸਿੰਘ ਛਾਜਲੀ, ਤਾਰਾ ਸਿੰਘ ਛਾਜਲੀ, ਜਸਵੀਰ ਲਾਡੀ, ਕਰਨੈਲ ਸਿੰਘ ਜਖੇਪਲ ਨੇ ਗੀਤ ਪੇਸ਼ ਕੀਤੇ।ਇਸ ਮਿੱਤਰ ਮਿਲਣੀ ਵਿੱਚ ਜਿੱਥੇ ਬਹੁਤ ਸਾਰੇ ਸਾਥੀ ਸ਼ਾਮਲ ਹੋਏ, ਉੱਥੇ ਸਭਾ ਦੇ ਸਾਬਕਾ ਆਗੂ ਤੇ ਫ਼ਿਲਮੀ ਅਦਾਕਾਰ ਇਕਬਾਲ ਗੱਜਣ ਪਟਿਆਲੇ ਤੋਂ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਜਗਜੀਤ ਭੁਟਾਲ ਨੇ ਮੌਜੂਦਾ ਹਾਲਤਾਂ 'ਤੇ ਚਾਨਣਾ ਪਾਇਆ।

## 'ਆਪ' ਵੱਲੋਂ ਸੰਗਠਨ ਨੂੰ ਮਜ਼ਬੂਤ ਕਰਨ ਲਈ ਬਲਾਕ ਪ੍ਰਧਾਨਾਂ ਦੀ ਮੀਟਿੰਗ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨਾਂ ਦੀ ਇੱਕ ਮੀਟਿੰਗ ਜ਼ਿਲ੍ਹਾ ਪ੍ਰਧਾਨ ਅਜੇ ਲਿਬੜਾ ਦੀ ਅਗਵਾਈ ਦੇ ਵਿੱਚ ਵਿਧਾਇਕ ਲਖਬੀਰ ਸਿੰਘ ਰਾਏ ਦੇ ਦਫਤਰ ਵਿਖੇ ਹੋਈ।ਇਸ ਮੌਕੇ ਲੋਕ ਸਭਾ ਇੰਚਾਰਜ ਨਵਜੋਤ ਜਰਗ ਤੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਮੌਕੇ ਬਲਾਕ ਪ੍ਰਧਾਨਾਂ ਨੂੰ ਐਕਟਿਵ ਕੀਤਾ ਗਿਆ ਤੇ ਉਨ੍ਹਾਂ ਨੂੰ ਫੀਲਡ ਵਿੱਚ ਜਾ ਕੇ ਕੰਮ ਕਰਨ ਲਈ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਅਜੇ ਲਿਬੜਾ ਤੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਬਲਾਕ ਪ੍ਰਧਾਨਾਂ ਦੀ ਮੀਟਿੰਗ ਕੀਤੀ ਗਈ ਹੈ, ਜਿਸ ਵਿੱਚ ਬਲਾਕ ਪ੍ਰਧਾਨਾਂ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਉਹ ਫੀਲਡ ਵਿੱਚ ਜਾ ਕੇ ਕੰਮ ਕਰਨ ਤੇ ਵਰਕਰਾਂ ਦੀਆਂ ਮੁਸ਼ਕਲਾਂ ਨੂੰ ਸੁਣਨ।ਇਸ ਦੇ ਨਾਲ ਜਿੱਥੇ ਵਰਕਰਾਂ ਦੀਆਂ ਸਮੱਸਿਆਵਾਂ ਹੱਲ ਹੋਣਗੀਆਂ, ਉੱਥੇ ਹੀ ਫੀਲਡ ਦੇ ਹਾਲਾਤਾਂ ਸਬੰਧੀ ਵੀ ਜਾਣਕਾਰੀ ਮਿਲੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਨੀ ਚੋਪੜਾ, ਬਲਵੀਰ ਸੋਢੀ, ਪ੍ਰਿਤਪਾਲ ਸਿੰਘ ਜੱਸੀ, ਰਮੇਸ਼ ਕੁਮਾਰ ਸੋਨੂੰ, ਦੀਪਕ ਬਾਤਿਸ਼, ਅਤਰ ਸਿੰਘ, ਅਜੀਤ ਸਿੰਘ, ਬਿੱਕਰ ਸਿੰਘ, ਅਮਨਦੀਪ ਸਿੰਘ, ਬਲਵੀਰ ਸਿੰਘ ਚੀਮਾ, ਮਨਦੀਪ ਸਿੰਘ, ਅਵਤਾਰ ਸਿੰਘ, ਰੋਹੀ ਰਾਮ, ਬਲਦੇਵ ਸਿੰਘ ਨਲੀਨਾ, ਹਰਸ਼ ਸ਼ਰਮਾ, ਦਿਲਬਾਗ ਸਿੰਘ, ਗੁਰਮੇਲ ਸਿੰਘ, ਜਗਦੀਪ ਸਿੰਘ, ਜੋਗਿੰਦਰ ਸਿੰਘ, ਮਨਦੀਪ ਸਿੰਘ ਭੋਲਾ, ਜਗਦੀਪ ਸਿੰਘ ਚਨਾਰਥਲ ਆਦਿ ਹਾਜ਼ਰ ਸਨ।

# ਕੰਸਟ੍ਰਕਸ਼ਨ ਵਰਕਰਜ਼ ਤੇ ਸਰਬ ਭਾਰਤ ਨੌਜਵਾਨ ਸਭਾ ਵੱਲੋਂ ਐੱਸ ਡੀ ਐੱਮ ਨੂੰ ਮੰਗ ਪੱਤਰ

### ਵਜ਼ੀਫਾ ਫਾਰਮਾਂ 'ਤੇ ਗ਼ੈਰ-ਵਾਜਬ ਇਤਰਾਜ਼ ਨਾ ਹਟਾਏ ਤਾਂ ਸੰਘਰਸ਼ ਕਰਾਂਗੇ : ਰਹਿਮੇਸ਼ਾਹ, ਛਾਂਗਾ ਰਾਏ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਕੰਸਟ੍ਰਕਸ਼ਨ ਵਰਕਰਜ਼ ਐਂਡ ਲੇਬਰ ਯੂਨੀਅਨ ਏਟਕ (ਰਜਿ) ਤੇ ਸਰਬ ਭਾਰਤ ਨੌਜਵਾਨ ਸਭਾ ਵੱਲੋਂ ਉਸਾਰੀ ਕਿਰਤੀਆਂ ਦੀਆਂ ਵੱਖ ਵੱਖ ਮੰਗਾਂ ਸੰਬੰਧੀ ਐੱਸ ਡੀ ਐੱਮ ਨੂੰ ਇੱਕ ਮੰਗ ਪੱਤਰ ਦਿੱਤਾ ਗਿਆ।ਇਸ ਵਫਦ ਦੀ ਅਗਵਾਈ ਕੰਸਟ੍ਰਕਸ਼ਨ ਵਰਕਰਜ਼ ਐਂਡ ਲੇਬਰ ਯੂਨੀਅਨ ਏਟਕ (ਰਜਿ) ਦੇ ਜ਼ਿਲ੍ਹਾ ਆਗੂ ਪਰਮਿੰਦਰ ਰਹਿਮੇਸ਼ਾਹ ਤੇ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ ਨੇ ਕੀਤੀ।ਇਸ ਮੌਕੇ ਐੱਸ ਡੀ ਐੱਮ ਦੀ ਗ਼ੈਰ-ਹਾਜ਼ਰੀ ਵਿੱਚ ਮੰਗ ਪੱਤਰ ਤਹਿਸੀਲਦਾਰ ਸਾਹਿਬ ਨੂੰ ਸੌਂਪਿਆ ਗਿਆ।ਮੰਗ ਪੱਤਰ ਦੇਣ ਵੇਲੇ ਉਕਤ ਅਧਿਕਾਰੀ ਨਾਲ ਗੱਲਬਾਤ ਕਰਦਿਆਂ ਆਗੂਆਂ ਨੇ ਕਿਹਾ ਕਿ ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵੈੱਲਫ਼ੇਅਰ ਬੋਰਡ ਵਿੱਚ ਪੰਜੀਕ੍ਰਿਤ ਲਾਭ ਪਾਤਰੀਆਂ ਵੱਲੋਂ ਆਪਣੇ ਬੱਚਿਆਂ ਦੇ ਵਜ਼ੀਫੇ ਪ੍ਰਾਪਤ ਕਰਨ ਵਿੱਚ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਲਾਭ ਪਾਤਰੀਆਂ ਵੱਲੋਂ ਭਰੇ ਗਏ ਵਜ਼ੀਫਾ ਫਾਰਮਾਂ 'ਤੇ ਜਾਣ-ਬੁਝ ਕੇ ਗ਼ੈਰ-ਵਾਜਬ ਇਤਰਾਜ਼ ਲਗਾ ਕੇ ਪਿਛਲੇ 3-4 ਸਾਲਾਂ ਤੋਂ ਖੱਜਲ ਖੁਆਰ ਕੀਤਾ ਜਾ ਰਿਹਾ ਹੈ। ਕਿਰਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਲਾਭਪਾਤਰੀਆਂ ਵੱਲੋਂ ਫਾਰਮ ਭਰ ਕੇ ਸੰਬੰਧਤ ਵਿਭਾਗ ਜਾਂ ਕਿਰਤ ਇੰਸਪੈਕਟਰਾਂ ਨੂੰ ਜਮ੍ਹਾਂ ਕਰਵਾਉਣ ਦੇ ਬਾਵਜੂਦ 27 ਨੰਬਰ ਫਾਰਮ ਦਾ ਗ਼ੈਰ-ਵਾਜਬ ਇਤਰਾਜ਼ ਲਗਾ ਕੇ ਲਾਭਪਾਤਰੀਆਂ ਦੇ ਬੱਚਿਆਂ ਦੇ ਵਜ਼ੀਫੇ ਰੋਕੇ ਹੋਏ ਹਨ, ਜਿਸ ਕਾਰਨ ਕਿਰਤੀਆਂ ਨੂੰ ਨਜਾਇਜ਼ ਦਫਤਰਾਂ ਦੇ ਗੇੜੇ ਮਰਵਾ ਕੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।ਆਗੂਆਂ ਨੇ ਤਹਿਸੀਲਦਾਰ ਨੂੰ ਸ਼ਿਕਾਇਤ ਕਰਦਿਆਂ ਕਿਹਾ ਕਿ ਵਜ਼ੀਫਾ ਫਾਰਮਾਂ ਦੇ ਇਤਰਾਜ਼ ਹਟਵਾਉਣ ਬਦਲੇ ਕਿਰਤੀਆਂ ਤੋਂ ਪੈਸਿਆਂ ਦੀ ਮੰਗ ਵੀ ਕੀਤੀ ਜਾਂਦੀ ਹੈ ਅਤੇ ਕਈ ਮਜਬੂਰ ਕਿਰਤੀਆਂ ਨੂੰ ਪੈਸੇ ਦੇਣੇ ਵੀ ਪੈਂਦੇ ਹਨ।ਆਗੂਆਂ ਨੇ ਉਕਤ ਤੋਂ ਇਲਾਵਾ ਹੋਰਨਾਂ ਮੰਗਾਂ ਸੰਬੰਧੀ ਆਪਣਾ ਮੰਗ ਪੱਤਰ ਦੇ ਕੇ ਮੰਗਾਂ ਤੁਰੰਤ ਮੰਨੇ ਜਾਣ ਦੀ ਬੇਨਤੀ ਕੀਤੀ। ਤਹਿਸੀਲਦਾਰ ਸਾਹਿਬ ਨੇ ਮੰਗ ਪੱਤਰ ਲੈਣ ਤੋਂ ਬਾਅਦ ਵਿਸ਼ਵਾਸ ਦਿਵਾਇਆ ਕਿ ਇਸ ਬਾਰੇ ਸਾਰੀ ਗੱਲਬਾਤ ਐੱਸ ਡੀ ਐੱਮ ਸਾਹਿਬ ਨਾਲ ਕਰਕੇ ਮੰਗਾਂ ਨੂੰ ਜਲਦੀ ਤੋਂ ਹੱਲ ਕੀਤਾ ਜਾਵੇਗਾ।

ਮੰਗ ਪੱਤਰ ਦੇਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਗੂਆਂ ਨੇ ਕਿਹਾ ਕਿ ਅਧਿਕਾਰੀਆਂ ਵੱਲੋਂ ਉਹਨਾਂ ਦੀਆਂ ਮੰਗਾਂ ਤੁਰੰਤ ਮੰਨੇ ਜਾਣ ਦਾ ਵਿਸ਼ਵਾਸ ਦਿਵਾਇਆ ਗਿਆ ਹੈ।ਅੰਤ ਵਿੱਚ ਆਗੂਆਂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਾਡੀਆਂ ਮੰਗਾਂ ਜਲਦੀ ਨਾ ਮੰਨੀਆਂ ਗਈਆਂ ਤਾਂ ਕੰਸਟ੍ਰਕਸ਼ਨ ਵਰਕਰਜ਼ ਐਂਡ ਲੇਬਰ ਯੂਨੀਅਨ ਏਟਕ (ਰਜਿ) ਤੇ ਸਰਬ ਭਾਰਤ ਨੌਜਵਾਨ ਸਭਾ ਵੱਲੋਂ ਵੱਡੇ ਪੱਧਰ 'ਤੇ ਲਾਮਬੰਦੀ ਕਰਕੇ ਸੰਘਰਸ਼ ਕੀਤਾ ਜਾਵੇਗਾ।ਇਸ ਮੌਕੇ ਉਨ੍ਹਾਂ ਨਾਲ ਹੋਰਨਾਂ ਤੋਂ ਇਲਾਵਾ, ਜ਼ਿਲ੍ਹਾ ਆਗੂ ਪਿਆਰਾ ਮੇਘਾ, ਪਿੰਡ ਸਵਾਇਆ ਰਾਏ ਦੇ ਪ੍ਰਧਾਨ ਕਰਨੈਲ ਸਿੰਘ ਸਵਾਇਆ, ਸੁਖਚੈਨ ਸਿੰਘ, ਸਨਮਦੀਪ ਸਿੰਘ, ਅਮਰਜੀਤ ਸਿੰਘ ਨੂਰੇ ਕੇ, ਸੁਰਜੀਤ ਸਿੰਘ, ਗੁਰਦੀਪ ਸਿੰਘ, ਪਰਮਜੀਤ ਸਿੰਘ ਥਾਰੇ ਵਾਲਾ, ਰਾਜ ਕੁਮਾਰ ਬਹਾਦਰ ਕੇ, ਧਰਮਿੰਦਰ ਰਹਿਮੇਸ਼ਾਹ, ਮਨਜੀਤ ਸਿੰਘ ਛਾਂਗਾ ਰਾਏ, ਛਿੰਦੋ ਬੀਬੀ ਤੇ ਬਿੰਦਰ ਕੌਰ ਹਾਜ਼ਰ ਸਨ।

## ਗੁਲਾਬੇਵਾਲਾ 'ਚ ਹੁਣ ਤੱਕ ਕਰੋੜਾਂ ਰੁਪਏ ਦੇ ਵਿਕਾਸ ਕਾਰਜ ਹੋਏ : ਕਾਕਾ ਬਰਾੜ

### ਪਿੰਡ 'ਚ ਘਰ-ਘਰ ਸਾਫ ਪਾਣੀ ਪਹੁੰਚਣ ਦੀ ਹੋਈ ਸ਼ੁਰੂਆਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪ੍ਰਜਾ)**-ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਤੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਦੂਰ ਅੰਦੇਸ਼ੀ ਸੋਚ ਸਦਕਾ ਲਗਾਤਾਰ ਪਿੰਡਾਂ ਦੇ ਸ਼ਹਿਰ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਅੱਜ ਸੂਬਾ ਮੀਤ ਪ੍ਰਧਾਨ ਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਪਿੰਡ ਗੁਲਾਬੇਵਾਲਾ ਵਿਖੇ ਕਰੀਬ 70 ਲੱਖ ਰੁਪਏ ਦੇ ਕੰਮਾਂ ਦੀ ਸ਼ੁਰੂਆਤ ਕਰਵਾਈ ਗਈ।ਇਸ ਦੌਰਾਨ ਪਿੰਡ ਦੀ ਪੰਚਾਇਤ ਸਮੇਤ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

ਇਸ ਮੌਕੇ ਬੋਲਦਿਆਂ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਆਖਿਆ ਕਿ ਚੋਣਾਂ ਦੌਰਾਨ ਪਿੰਡ ਵਿੱਚ ਪੀਣ ਵਾਲੇ ਪਾਣੀ ਦੀ ਸਮੱਸਿਆ ਗੰਭੀਰ ਬਣੀ ਹੋਈ ਸੀ, ਪਰ ਸਰਕਾਰ ਬਣਦਿਆਂ ਹੀ ਪਿੰਡ ਗੁਲਾਬੇਵਾਲਾ ਦੇ ਵਾਟਰ ਵਰਕਸ ਦਾ ਸੁਧਾਰ ਕੀਤਾ ਗਿਆ ਤੇ ਨਵੀਆਂ ਪਾਈਪਾਂ, ਵੱਡਾ ਫਿਲਟਰ ਤੇ ਮੋਟਰਾਂ ਲਗਾਈਆਂ ਗਈਆਂ, ਜਿਸ ਨਾਲ ਨਹਿਰੀ ਪਾਣੀ ਦੀ ਸਪਲਾਈ ਵਾਟਰ ਵਰਕਸ ਤੱਕ ਪਹੁੰਚਦੀ ਕੀਤੀ।ਇਸ ਤੋਂ ਇਲਾਵਾ ਅੱਜ ਕਰੀਬ 18 ਲੱਖ ਰੁਪਏ ਦੀ ਲਾਗਤ ਨਾਲ ਕਰੀਬ 4 ਕਿਲੋਮੀਟਰ ਦੂਰ ਸੂਏ 'ਤੇ ਬੋਰ ਕਰਕੇ ਵਧੀਆ ਕੁਆਲਟੀ ਦਾ ਪਾਣੀ ਟੈਂਕੀ ਵਿੱਚ ਪਹੁੰਚਦਾ ਕਰਨ ਲਈ ਕੰਮ ਦੀ ਸ਼ੁਰੂਆਤ ਕੀਤੀ।ਉਨ੍ਹਾ ਆਖਿਆ ਕਿ ਇਹ ਪਾਈਪ ਲਾਈਨ ਬੰਦੀ ਦੇ ਦਿਨਾਂ ਵਿੱਚ ਕਾਫੀ ਅਹਿਮ ਰਹੇਗੀ, ਕਿਉਂਕਿ ਨਹਿਰ ਬੰਦੀ ਕਾਰਨ ਪਾਣੀ ਦੀ ਸਪਲਾਈ ਬੰਦ ਹੋ ਜਾਂਦੀ ਹੈ, ਜਿਸ ਕਾਰਨ ਲੋਕਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ, ਪਰ ਹੁਣ ਇਸ ਪਾਈਪ ਲਾਈਨ ਦੇ ਪੈਣ ਨਾਲ ਉਹ ਵੀ ਸਮੱਸਿਆ ਦੂਰ ਹੋ ਜਾਵੇਗੀ।ਇਸ ਤੋਂ ਇਲਾਵਾ ਕਰੀਬ 50 ਲੱਖ ਰੁਪਏ ਦੀ ਲਾਗਤ ਨਾਲ ਗਲੀਆਂ ਤੇ ਸਿੰਚਾਈ ਖਾਲ ਬਣਾਉਣ ਦੇ ਕੰਮਾਂ ਦੀ ਸ਼ੁਰੂਆਤ ਵੀ ਕਰਵਾਈ ਗਈ।ਇਸ ਮੌਕੇ ਪਿੰਡ ਦੇ ਸਰਪੰਚ ਗੁਰਤੇਜ਼ ਸਿੰਘ ਸੇਖੋਂ ਦੇ ਬੇਟੇ ਜਗਮੀਤ ਸਿੰਘ ਸੇਖੋਂ, ਐਡਵੋਕੇਟ ਅਰਵਿੰਦਰ ਸਿੰਘ ਮੈਂਬਰ, ਖੁਸ਼ਪ੍ਰੀਤ ਸਿੰਘ ਮੈਂਬਰ, ਯਾਦਵਿੰਦਰ ਸਿੰਘ ਮੈਂਬਰ, ਪਰਵਿੰਦਰ ਕੌਰ ਮੈਂਬਰ, ਸੁਖਪਾਲ ਸਿੰਘ ਮੈਂਬਰ ਤੇ ਲਛਮਣਜੀਤ ਸਿੰਘ ਮੈਂਬਰ ਸਮੇਤ ਹੋਰਨਾਂ ਵੱਲੋਂ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਸਿਰੋਪਾਓ ਭੇਟ ਕੀਤਾ।

## 'ਆਪ' ਵੱਲੋਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਲਈ ਤਿਆਰੀਆਂ ਸ਼ੁਰੂ

**ਮਲੋਟ (ਗੁਰਮੀਤ ਸਿੰਘ ਮੱਕੜ)**-ਪੰਜਾਬ ਵਿੱਚ ਹੋਣ ਵਾਲੀਆਂ ਜਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੀ ਤਿਆਰੀ ਆਮ ਆਦਮੀ ਪਾਰਟੀ ਨੇ ਖਿੱਚ ਲਈ ਹੈ ਤੇ ਆਪਣੀ ਪਾਰਟੀ ਦੇ ਉਮੀਦਵਾਰਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਇਸ ਦੇ ਚੱਲਦੇ ਹਲਕਾ ਮਲੋਟ ਤੋਂ ਵਿਧਾਇਕ ਅਤੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਆਪਣੇ ਹਲਕੇ ਦੇ ਪ੍ਰਧਾਨਾਂ ਨਾਲ ਵਿਖੇ ਮੀਟਿੰਗ ਕੀਤੀ ਅਤੇ ਉਨ੍ਹਾਂ ਦੇ ਸੁਝਾਅ ਲਏ। ਉਨ੍ਹਾਂ ਕਿਹਾ ਕਿ ਸਾਡੀਆਂ ਇਨ੍ਹਾਂ ਚੋਣਾਂ ਲਈ ਬਿਲਕੁਲ ਤਿਆਰ ਹੈ, ਇਸੇ ਸਿਲਸਿਲੇ ਵਿੱਚ ਮੀਟਿੰਗ ਲਈ ਗਈ ਹੈ। ਨਸ਼ਿਆਂ ਦੇ ਖਾਤਮੇ ਲਈ ਬੋਲਦੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸ਼ੁਰੂ ਤੋਂ ਹੀ ਇਸ ਕੋਹੜ ਦਾ ਖਾਤਮਾ ਕਰਨ ਲਈ ਲੱਗੀ ਹੋਈ ਹੈ, ਪਰ ਇਹ ਪਿਛਲੀਆਂ ਸਰਕਾਰਾਂ ਦੇ ਸਮੇਂ ਦੀ ਤਾਣੀ ਬਹੁਤ ਉਲਝੀ ਹੋਈ ਸੀ, ਉਹ ਪੰਜਾਬ ਪੁਲਸ ਨੂੰ ਸਖਤ ਕਰਦੇ ਹੋਏ ਇਸ ਦੇ ਖਾਤਮੇ ਲਈ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਲੋਕ ਇਸ ਨਸ਼ਿਆਂ ਦੀ ਦਲਦਲ ਵਿੱਚ ਫਸੇ ਹੋਏ ਹਨ। ਉਨ੍ਹਾਂ ਦਾ ਇਲਾਜ ਕਰਾ ਕੇ ਉਨ੍ਹਾਂ ਨੂੰ ਮੁੱਖ ਧਾਰਾ ਵੱਲ ਲਿਆਂਦਾ ਜਾਵੇਗਾ। ਸ਼ਰਾਬ ਪਾਲਿਸੀ ਦੇ ਵਿਰੋਧੀਆ ਵੱਲੋਂ ਸਵਾਲ ਉਠਾਏ ਜਾਣ 'ਤੇ ਉਨ੍ਹਾਂ ਕਿਹਾ ਕਿ ਇਨ੍ਹਾਂ ਨੂੰ ਜਦੋਂ ਆਪ ਪਾਰਟੀ ਕੋਈ ਪਾਲਿਸੀ ਬਣਾਉਂਦੀ ਹੈ ਪਸੰਦ ਨਹੀਂ ਆਉਂਦੀ ਤੇ ਸਵਾਲ ਖੜੇ ਕਰਨ ਲੱਗ ਜਾਂਦੇ ਹਨ।

## ਖਨੌਰੀ ਮੋਰਚੇ 'ਤੇ 100 ਕਿਸਾਨ ਬੈਠਣਗੇ ਭੁੱਖ ਹੜਤਾਲ 'ਤੇ

**ਖਨੌਰੀ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ-ਹਰਿਆਣਾ ਦੇ ਸ਼ੰਭੂ-ਖਨੌਰੀ ਬਾਰਡਰ 'ਤੇ ਚੱਲ ਰਹੇ ਕਿਸਾਨ ਅੰਦੋਲਨ 2.0 ਨੂੰ ਇੱਕ ਸਾਲ ਤੋਂ ਵੱਧ ਹੋ ਗਿਆ ਹੈ।ਕੇਂਦਰ ਸਰਕਾਰ ਨਾਲ ਕਿਸਾਨਾਂ ਦੀ ਸੱਤਵੇਂ ਦੌਰ ਦੀ ਮੀਟਿੰਗ 19 ਮਾਰਚ ਨੂੰ ਚੰਡੀਗੜ੍ਹ 'ਚ ਹੋਵੇਗੀ। ਉਸ ਤੋਂ ਪਹਿਲਾਂ ਕਿਸਾਨਾਂ ਨੇ ਅੰਦੋਲਨ ਨੂੰ ਤੇਜ਼ ਕਰਨ ਲਈ ਰਣਨੀਤੀ ਬਣਾਈ ਹੈ। ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਨੂੰ 5 ਮਾਰਚ ਨੂੰ 100 ਦਿਨ ਪੂਰੇ ਹੋ ਰਹੇ ਹਨ।

ਇਸ ਮੌਕੇ ਖਨੌਰੀ ਮੋਰਚੇ 'ਤੇ 100 ਕਿਸਾਨ ਇੱਕ ਦਿਨ ਦੀ ਭੁੱਖ ਹੜਤਾਲ ਕਰਨਗੇ।ਇਸ ਦੇ ਨਾਲ ਹੀ ਦੇਸ਼ ਭਰ ਵਿੱਚ ਜ਼ਿਲ੍ਹਾ ਅਤੇ ਤਹਿਸੀਲ ਪੱਧਰ 'ਤੇ ਵੀ ਭੁੱਖ ਹੜਤਾਲ ਕੀਤੀ ਜਾਵੇਗੀ, ਜਦਕਿ 8 ਮਾਰਚ ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਗਾਰੰਟੀ ਕਾਨੂੰਨ ਦੇ ਮੁੱਦੇ 'ਤੇ ਖਨੌਰੀ ਅਤੇ ਰਤਨਪੁਰਾ ਕਿਸਾਨ ਮੋਰਚਿਆਂ 'ਤੇ ਮਹਿਲਾ ਕਿਸਾਨ ਮਹਾਪੰਚਾਇਤਾਂ ਕਰਾਈਆਂ ਜਾਣਗੀਆਂ।ਇਸੇ ਮਹੀਨੇ ਦੇਸ਼ ਭਰ ਵਿੱਚ ਰਾਜ ਪੱਧਰ 'ਤੇ ਵੀ ਗਾਰੰਟੀ ਕਾਨੂੰਨ ਦੇ ਮੁੱਦੇ 'ਤੇ ਮਹਾਪੰਚਾਇਤਾਂ ਹੋਣਗੀਆਂ, ਜਿਸ ਲਈ ਪੂਰਾ ਸ਼ਡਿਊਲ ਤਿਆਰ ਕੀਤਾ ਗਿਆ ਹੈ

## ਕਦੋਂ ਸਜੇਗਾ ਮਾਰਕਿਟ ਕਮੇਟੀ ਖਨੌਰੀ ਮੰਡੀ ਦੇ ਸਿਰ ਚੇਅਰਮੈਨੀ ਦਾ ਤਾਜ ?

**ਮੂਨਕ (ਰਾਜਪਾਲ ਸਿੰਗਲਾ)**-ਪੰਜਾਬ ਸਰਕਾਰ ਵੱਲੋਂ ਰਹਿੰਦੀਆਂ ਮਾਰਕਿਟ ਕਮੇਟੀਆਂ ਲਈ ਚੇਅਰਮੈਨਾਂ ਦੀਆਂ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚ ਚੰਗੀ ਕਾਰਗੁਜ਼ਾਰੀ ਦਿਖਾਉਣ ਵਾਲੇ ਕਈ ਵੰਲਟੀਅਰਾਂ ਨੂੰ ਬਣਦਾ ਮਾਣ ਸਤਿਕਾਰ ਦੇ ਕੇ ਚੇਅਰਮੈਨੀ ਦੇ ਪੱਦ ਨਾਲ ਨਿਵਾਜਿਆ ਗਿਆ ਹੈ, ਜੋ ਕਿ ਪੰਜਾਬ ਦੀ ਆਪ ਪਾਰਟੀ ਦੀ ਸਰਕਾਰ ਦਾ ਪ੍ਰੰਸਸਾ ਯੋਗ ਉਪਰਾਲਾ ਹੈ, ਕਿਉਂਕਿ ਮਿਹਨਤੀ ਵਰਕਰਾਂ ਦੀਆਂ ਮਿਹਨਤਾਂ ਨਾਲ ਹੀ ਪਾਰਟੀਆਂ ਦੀਆਂ ਜੜ੍ਹਾਂ ਮਜ਼ਬੂਤ ਹੁੰਦੀਆਂ ਹਨ। ਪ੍ਰੰਤੂ ਖਨੌਰੀ ਮੰਡੀ ਦੀ ਮਾਰਕਿਟ ਕਮੇਟੀ ਦੀ ਚੇਅਰਮੈਨੀ ਲਈ ਪੰਜਾਬ ਸਰਕਾਰ ਵੱਲੋਂ ਮਤਰੇਈ ਮਾਂ ਵਰਗਾ ਸਲੂਕ ਕਿਉਂ ਕੀਤਾ ਜਾ ਰਿਹਾ ਹੈ ? ਇਹ ਸਵਾਲ ਖਨੌਰੀ ਇਲਾਕੇ ਦੇ ਲੋਕਾਂ ਵਿੱਚ ਚਰਚੇ ਦਾ ਵਿਸ਼ਾ ਬਣਿਆ ਹੋਇਆ ਹੈ।

ਖਨੌਰੀ ਮਾਰਕਿਟ ਕਮੇਟੀ ਲਈ ਚੇਅਰਮੈਨੀ ਦਾ ਐਲਾਨ ਹੋਇਆ ਕਰੀਬ ਦੋ ਸਾਲਾਂ ਦਾ ਲੰਮਾਂ ਅਰਸ਼ਾ ਬੀਤ ਚੁੱਕਿਆ ਹੈ, ਜਿਸ ਵਿੱਚ ਜੋਗੀ ਰਾਮ ਭੁੱਲਣ ਨੂੰ ਖਨੌਰੀ ਮੰਡੀ ਲਈ ਚੇਅਰਮੈਨ ਨਿਯੁਕਤ ਕੀਤਾ ਗਿਆ ਸੀ, ਪ੍ਰੰਤੂ ਲੰਮਾਂ ਅਰਸਾ ਬੀਤ ਜਾਣ ਦੇ ਬਾਵਜੂਦ ਉਨ੍ਹਾਂ ਦੇ ਤਾਜਪੋਸ਼ੀ ਸਮਾਰੋਹ ਲਈ ਸਰਕਾਰ ਵੱਲੋਂ ਕੋਈ ਸਮਾਂ ਸਾਰਣੀ ਜਾਰੀ ਨਾ ਕਰਨਾ ਸਰਕਾਰੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਲੱਗਾ ਰਿਹਾ ਹੈ।ਜਦੋਂ ਇਸ ਬਾਰੇ ਜੋਗੀ ਰਾਮ ਭੁੱਲਣ ਤੋਂ ਜਾਣਕਾਰੀ ਲਈ ਤਾਂ ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਵੇਂ ਚੇਅਰਮੈਨ ਲਾ ਕੇ ਵਧੀਆ ਉਪਰਾਲੇ ਕੀਤੇ ਜਾ ਰਹੇ ਹਨ।ਸ਼ਾਇਦ, ਖਨੌਰੀ ਮੰਡੀ ਦੀ ਮਾਰਕਿਟ ਕਮੇਟੀ ਲਈ ਵੀ ਚੇਅਰਮੈਨੀ ਦਾ ਤਾਜਪੋਸ਼ੀ ਸਮਾਰੋਹ ਉਨ੍ਹਾਂ ਨਾਲ ਹੀ ਸੰਭਵ ਹੋ ਸਕੇ। ਪਿੰਡ ਵਾਸੀਆਂ ਨੇ ਦੱਸਿਆ ਕਿ ਜਦੋਂ ਜੋਗੀ ਰਾਮ ਭੁੱਲਣ ਨੂੰ ਚੇਅਰਮੈਨ ਨਿਯੁਕਤ ਕੀਤਾ ਗਿਆ ਤਾਂ ਪਿੰਡ ਵਾਸੀਆਂ ਵਿੱਚ ਭਾਰੀ ਉਤਸ਼ਾਹ ਤੇ ਖੁਸ਼ੀ ਵੇਖਣ ਨੂੰ ਮਿਲੀ ਸੀ, ਪ੍ਰੰਤੂ ਲੰਮਾਂ ਅਰਸਾ ਬੀਤ ਜਾਣ ਦੇ ਬਾਵਜੂਦ ਉਨ੍ਹਾਂ ਲਈ ਤਾਜਪੋਸ਼ੀ ਸਮਾਰੋਹ ਲਈ ਸਮਾਂ ਨਾ ਦੇਣ ਕਾਰਨ ਸਰਕਾਰ ਪ੍ਰਤੀ ਪਿੰਡ ਵਾਸੀਆਂ ਵਿੱਚ ਨਿਰਾਸ਼ਤਾ ਹੀ ਵੇਖਣ ਨੂੰ ਮਿਲ ਰਹੀ ਹੈ।ਸਮਾਜ ਸੇਵਕ ਮਹਾਂਵੀਰ ਸੈਣੀ ਭੁੱਲਣ ਤੇ ਪ੍ਰਧਾਨ ਰਣਧੀਰ ਸੈਣੀ ਭੁੱਲਣ ਨੇ ਦੱਸਿਆ ਕਿ ਹਾੜ੍ਹੀ ਦੇ ਸੀਜ਼ਨ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਸ੍ਰੀ ਜੋਗੀ ਰਾਮ ਭੁੱਲਣ ਦਾ ਤਾਜਪੋਸ਼ੀ ਸਮਾਰੋਹ ਕਰਵਾਇਆ ਜਾਣਾ ਚਾਹੀਦਾ ਹੈ, ਤਾਂ ਜੋ ਕਿਸਾਨਾਂ ਨੂੰ ਹਾੜ੍ਹੀ ਦੇ ਸੀਜ਼ਨ ਦੌਰਾਨ ਕਿਸੇ ਵੀ ਪ੍ਰਕਾਰ ਦੀਆਂ ਸੱਮਸਿਆਵਾਂ ਦਾ ਸਾਹਮਣਾ ਨਾ ਕਰਨਾ ਪਵੇ।

## 'ਵਰਸਿਟੀ ਕਾਲਜ ਬੇਨੜਾ ਦੀ ਇੱਕ ਰੋਜ਼ਾ ਐਥਲੈਟਿਕ ਮੀਟ ਸੰਪੰਨ



**ਧੂਰੀ (ਬਿੰਨੀ ਗਰਗ)**-ਯੂਨੀਵਰਸਿਟੀ ਕਾਲਜ ਬੇਨੜਾ ਵਿਖੇ 8ਵੀਂ ਸਾਲਾਨਾ ਐਥਲੈਟਿਕ ਮੀਟ ਕਾਲਜ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਮੰਡ ਦੀ ਸਰਪ੍ਰਸਤੀ ਵਿੱਚ ਕਰਵਾਈ ਗਈ।ਇਸ ਮੀਟ ਦੇ ਉਦਘਾਟਨੀ ਸਮਾਰੋਹ ਸਮੇਂ ਮੁੱਖ ਮੰਤਰੀ ਪੰਜਾਬ ਦੇ ਓ ਐੱਸ ਡੀ ਦਲਬੀਰ ਸਿੰਘ ਢਿੱਲੋਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਕਿਹਾ ਕਿ ਸਿੱਖਿਆ ਸਰਕਾਰ ਦਾ ਮੁੱਖ ਮਨੋਰਥ ਹੈ।ਕਾਲਜ ਦੀ ਹਰ ਮੰਗ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਪੂਰੀ ਕੀਤੀ ਜਾਵੇਗੀ।ਖੇਡ ਸਮਾਰੋਹ ਵਿੱਚ ਸਰਵੋਤਮ ਹਾਊਸ ਸ਼ਹੀਦ ਭਗਤ ਸਿੰਘ, ਲੜਕਿਆਂ ਵਿੱਚੋਂ ਸਰਵੋਤਮ ਅਥਲੀਟ ਗੁਰਪ੍ਰੀਤ ਸਿੰਘ ਅਤੇ ਲੜਕੀਆਂ ਵਿੱਚੋਂ ਸਰਵੋਤਮ ਅਥਲੀਟ ਰਜਨੀ ਗਰਗ ਨੂੰ ਐਲਾਨ ਕੀਤਾ ਗਿਆ। ਗਊ ਸੇਵਾ ਕਮਿਸ਼ਨ ਪੰਜਾਬ ਦੇ ਚੇਅਰਮੈਨ ਸ੍ਰੀ ਅਸ਼ੋਕ ਕੁਮਾਰ ਲੱਖਾ ਨੇ ਖਿਡਾਰੀਆਂ ਲਈ ਮੈਡਲ ਅਤੇ ਟਰਾਫ਼ੀਆਂ ਦਾ ਪ੍ਰਬੰਧ ਕਰਨ ਲਈ ਪੰਦਰਾਂ ਹਜ਼ਾਰ ਰੁਪਏ ਦਿੱਤੇ।ਕਾਲਜ ਤੋਂ ਪਾਸ ਹੋਏ ਵਿਦਿਆਰਥੀ ਦਿਲਪ੍ਰੀਤ ਸਿੰਘ, ਗੁਰਦੁਆਰਾ ਸ਼ਹੀਦਸਰ ਢੱਕੀ ਸਾਹਿਬ ਦੇ ਬਾਬਾ ਸਤਿਗੁਰ ਸਿੰਘ,ਕਾਲਜ ਦੇ ਪ੍ਰੋ. ਗੁਰਦੀਪ ਸਿੰਘ ਤੇ ਪ੍ਰੋ. ਅਮਰਪ੍ਰੀਤ ਕੌਰ ਨੇ ਰਿਫਰੈਸ਼ਮੈਂਟ ਲਈ ਵਿੱਤੀ ਯੋਗਦਾਨ ਪਾਇਆ।ਵਿਦਿਆਰਥੀਆਂ ਦੇ ਰੱਸਾਕਸ਼ੀ ਦੇ ਅਭਿਆਸ ਲਈ ਕੈਨੇਡਾ ਵਾਸੀ ਸੁਖਵੀਰ ਸਿੰਘ ਧੂਰਾ ਨੇ ਕਾਲਜ ਨੂੰ ਰੱਸਾ ਭੇਟ ਕੀਤਾ ਅਤੇ ਰਾਹੁਲ ਕੁਮਾਰ ਨੇ ਐਥਲੈਟਿਕ ਮੀਟ ਦੀ ਮੁਫ਼ਤ ਫ਼ੋਟੋਗ੍ਰਾਫੀ ਕੀਤੀ।ਕਾਲਜ ਪ੍ਰਿੰਸੀਪਲ ਨੇ ਮੁੱਖ ਮਹਿਮਾਨ ਤੇ ਵਿਸ਼ੇਸ਼ ਮਹਿਮਾਨਾਂ ਨੂੰ ਸਨਮਾਨਿਤ ਕਰਨ ਦੇ ਨਾਲ ਉਨ੍ਹਾਂ ਵੱਲੋਂ ਮਿਲੇ ਸਹਿਯੋਗ ਲਈ ਧੰਨਵਾਦ ਕੀਤਾ। ਪ੍ਰਿੰਸੀਪਲ ਨੇ ਖੇਡ ਸਮਾਰੋਹ ਨੂੰ ਸਫ਼ਲ ਬਣਾਉਣ ਲਈ ਦਾਨੀ ਸ਼ਖ਼ਸੀਅਤਾਂ ਤੇ ਸਮੂਹ ਸਟਾਫ਼ ਦਾ ਵੀ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ।ਇਸ ਮੌਕੇ ਸਰੀਰਿਕ ਸਿੱਖਿਆ ਵਿਭਾਗ ਦੇ ਪ੍ਰੋ: ਦੀਪਕ ਸਿੰਘ ਤੇ ਪ੍ਰੋ: ਵੀਰਪਾਲ ਕੌਰ ਤੋਂ ਇਲਾਵਾ ਪ੍ਰਿੰਸੀਪਲ ਡਾ. ਅਮਰਜੀਤ ਸਿੰਘ, ਪ੍ਰਿੰਸੀਪਲ ਡਾ. ਬਲਜਿੰਦਰ ਸਿੰਘ, ਬੇਨੜਾ ਪਿੰਡ ਦੇ ਸਰਪੰਚ ਗੁਪਾਲ ਕ੍ਰਿਸ਼ਨ, ਰੋਟਰੀ ਕਲੱਬ ਧੂਰੀ ਦੇ ਪ੍ਰਧਾਨ ਰੋਟੇਰੀਅਨ ਬਲਜੀਤ ਸਿੰਘ ਸਿੱਧੂ, ਰੋਟੇਰੀਅਨ ਮੱਖਣ ਲਾਲ ਗਰਗ ਤੇ ਉਨ੍ਹਾਂ ਦੀ ਧਰਮ ਪਤਨੀ ਆਸ਼ਾ ਗਰਗ, ਰੋਟੇਰੀਅਨ ਮਦਨ ਲਾਲ ਸ਼ਰਮਾ, ਰੋਟੇਰੀਅਨ ਸੀ.ਐੱਸ. ਮੁਸਾਫਿਰ, ਰੋਟੇਰੀਅਨ ਸੁਮਿਤ ਕੁਮਾਰ, ਡਾ. ਸਤਪਾਲ ਸਿੰਘ, ਡਾ. ਹਰਪ੍ਰੀਤ ਸਿੰਘ, ਡਾ. ਜਸਵੀਰ ਸਿੰਘ ਅਤੇ ਪੰਜਾਬ ਸਰਕਾਰ ਦੇ ਵਿੱਤ ਵਿਭਾਗ ਤੋਂ ਸੰਦੀਪ ਸਿੰਘ ਹਾਜ਼ਰ ਸਨ।

## ਹੈਰੋਇਨ ਤੇ ਨਜਾਇਜ਼ ਸ਼ਰਾਬ ਸਮੇਤ 3 ਕਾਬੂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਪੁਲਸ ਵੱਲੋਂ 2 ਵੱਖ ਵੱਖ ਮਾਮਲਿਆਂ 'ਚ 5 ਗ੍ਰਾਮ ਹੈਰੋਇਨ ਤੇ ਨਜਾਇਜ਼ ਸ਼ਰਾਬ ਸਮੇਤ 3 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਵਿਚ ਸਫ਼ਲਤਾ ਪ੍ਰਾਪਤ ਕੀਤੀ ਹੈ। ਥਾਣਾ ਮੁਖੀ ਹਰਵਿੰਦਰ ਸਿੰਘ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਸੁਖਵਿੰਦਰ ਸਿੰਘ ਵੱਲੋਂ ਪੁਲਸ ਪਾਰਟੀ ਸਮੇਤ ਗਸ਼ਤ ਕੀਤੀ ਜਾ ਰਹੀ ਸੀ ਕਿ ਰਤੀਪੁਰ ਰੋਡ ਨੇੜੇ ਨਹਿਰ ਵਾਲੀ ਸਾਈਡ ਤੋਂ 2 ਵਿਅਕਤੀ ਨਸ਼ੇ ਦੀ ਹਾਲਤ ਵਿੱਚ ਝੂਮਦੇ ਆ ਰਹੇ ਸਨ, ਜੋ ਪੁਲਸ ਪਾਰਟੀ ਨੂੰ ਦੇਖ ਘਬਰਾ ਕੇ ਪਿੱਛੇ ਮੁੜਨ ਲੱਗੇ। ਜਦੋਂ ਇਨ੍ਹਾਂ ਨੂੰ ਜਾਂਚ ਲਈ ਰੋਕਿਆ ਗਿਆ ਤਾਂ ਇਨ੍ਹਾਂ ਦੀ ਪਹਿਚਾਣ ਦਵਿੰਦਰ ਸਿੰਘ ਰਿੰਕੂ ਤੇ ਹਰਦੀਪ ਸਿੰਘ ਵਾਸੀ ਮਾਛੀਵਾੜਾ ਵਜੋਂ ਹੋਈ, ਜਿਨ੍ਹਾਂ ਕੋਲੋਂ ਤਲਾਸ਼ੀ ਦੌਰਾਨ 5 ਗ੍ਰਾਮ ਹੈਰੋਇਨ ਬਰਾਮਦ ਹੋਈ। ਦੂਸਰੇ ਮਾਮਲੇ ਵਿੱਚ ਸਹਾਇਕ ਥਾਣੇਦਾਰ ਪਵਨਜੀਤ ਨੂੰ ਗਸ਼ਤ ਦੌਰਾਨ ਮੁਖ਼ਬਰ ਨੇ ਸੂਚਨਾ ਦਿੱਤੀ ਕਿ ਸਾਜਣ ਉਰਫ਼ ਗੋਲਾ ਵਾਸੀ ਮਾਛੀਵਾੜਾ, ਜੋ ਚੰਡੀਗੜ੍ਹ ਤੋਂ ਸਸਤੇ ਭਾਅ ਸ਼ਰਾਬ ਲਿਆ ਕੇ ਮਹਿੰਗੇ ਭਾਅ ਵੇਚਣ ਦਾ ਧੰਦਾ ਕਰਦਾ ਹੈ ਅਤੇ ਇਸ ਸਮੇਂ ਵੀ ਬਲੀਬੇਗ ਕਾਲੋਨੀ ਰੋਡ 'ਤੇ ਇੱਕ ਕਮਰੇ ਵਿੱਚ ਸ਼ਰਾਬ ਰੱਖ ਕੇ ਵੇਚ ਰਿਹਾ ਹੈ, ਜਿਸ 'ਤੇ ਪੁਲਸ ਪਾਰਟੀ ਨੇ ਤੁਰੰਤ ਛਾਪੇਮਾਰੀ ਕੀਤੀ ਤੇ 24 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਸਾਜਣ ਨੂੰ ਗ੍ਰਿਫ਼ਤਾਰ ਕਰ ਲਿਆ।

## ਮੋਟਰਸਾਈਕਲ ਖੋਹਣ ਦੇ ਮਾਮਲੇ 'ਚ ਦੋ ਨਾਮਜ਼ਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਕਿਰਚ ਮਾਰਨ ਦਾ ਡਰਾਵਾ ਦੇ ਕੇ ਮੋਟਰਸਾਈਕਲ ਖੋਹ ਕੇ ਲੈ ਜਾਣ ਦੇ ਕਥਿਤ ਮਾਮਲੇ ਵਿੱਚ ਥਾਣਾ ਸਰਹਿੰਦ ਦੀ ਪੁਲਸ ਵੱਲੋਂ ਦੋ ਵਿਅਕਤੀਆਂ ਨੂੰ ਨਾਮਜ਼ਦ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਸੁਰਜੀਤ ਖਾਂ ਵਾਸੀ ਪਿੰਡ ਸਿੱਧੂਵਾਲ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੋਸ਼ ਲਗਾਏ ਸਨ ਕਿ 27 ਫ਼ਰਵਰੀ ਨੂੰ ਦੁਪਹਿਰ ਕਰੀਬ 2 ਵਜੇ ਸਰਹਿੰਦ-ਪਟਿਆਲਾ ਮਾਰਗ 'ਤੇ ਸਥਿਤ ਪਿੰਡ ਆਦਮਪੁਰ ਨੇੜਿਓਂ ਲੰਘਦੀ ਭਾਖੜਾ ਨਹਿਰ ਦੇ ਪੁਲ ਨਜ਼ਦੀਕ ਦਿਲਵਰ ਸਿੰਘ ਤੇ ਸ਼ੇਰ ਸਿੰਘ ਉਰਫ ਲਾਡੀ ਨੇ ਕਿਰਚ ਮਾਰਨ ਦਾ ਡਰਾਵਾ ਦੇ ਉਸ ਤੋਂ ਮੋਟਰਸਾਈਕਲ ਖੋਹ ਲਿਆ।ਸੁਰਜੀਤ ਖਾਂ ਦੇ ਬਿਆਨਾਂ 'ਤੇ ਦਿਲਵਰ ਸਿੰਘ ਤੇ ਸ਼ੇਰ ਸਿੰਘ ਉਰਫ ਲਾਡੀ ਵਾਸੀਆਨ ਸਰਹਿੰਦ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਸਰਹਿੰਦ ਦੀ ਪੁਲਸ ਨੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

## ਵਿਧਾਇਕ ਵੱਲੋਂ ਬਾਬਾ ਸਾਹਿਬ ਦੀ ਮੂਰਤੀ ਸਥਾਪਨਾ ਲਈ ਇੱਕ ਲੱਖ ਦਾ ਚੈੱਕ ਭੇਟ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਅੱਜ ਪੁਰਾਣਾ ਬੱਸ ਅੱਡਾ ਨੇੜੇ ਲਗਾਈ ਜਾਣ ਵਾਲੀ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਉ ਅੰਬੇਡਕਰ ਦੀ 51 ਫੁੱਟ ਉੱਚੀ ਮੂਰਤੀ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਉਨ੍ਹਾਂ ਆਪਣੇ ਪਰਿਵਾਰ ਵੱਲੋਂ ਮੂਰਤੀ ਦੇ ਨਿਰਮਾਣ ਲਈ ਇੱਕ ਲੱਖ ਰੁਪਏ ਦਾ ਚੈੱਕ ਪ੍ਰਬੰਧਕਾਂ ਨੂੰ ਭੇਂਟ ਕੀਤਾ।ਜ਼ਿਕਰਯੋਗ ਹੈ ਕਿ ਬੀਤੀ 18 ਫਰਵਰੀ ਨੂੰ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਨਗਰ ਨਿਗਮ ਦੇ ਜਨਰਲ ਹਾਊਸ ਦੀ ਮੀਟਿੰਗ ਵਿੱਚ ਏਜੰਡੇ ਤੋਂ ਬਾਹਰੋਂ ਮਤਾ ਲਿਆ ਕੇ ਸਰਬਸੰਮਤੀ ਨਾਲ ਫ਼ੈਸਲਾ ਕਰਵਾਇਆ ਸੀ ਕਿ ਪਟਿਆਲਾ ਵਿਖੇ ਸੰਵਿਧਾਨ ਨਿਰਮਾਤਾ ਡਾ. ਬੀ ਆਰ ਅੰਬੇਡਕਰ ਦੀ 51 ਫੁੱਟ ਉੱਚੀ ਪ੍ਰਤਿਮਾ ਲੱਗੇਗੀ, ਜਿਸ ਦਾ ਅੱਜ ਨੀਂਹ ਪੱਥਰ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਵੱਲੋਂ ਰੱਖਿਆ ਗਿਆ ਹੈ।

ਇਸ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਸਾਡਾ ਇਹ ਸੁਪਨਾ ਸੀ ਕਿ ਅਸੀਂ ਪਟਿਆਲਾ ਸ਼ਹਿਰ ਵਿੱਚ ਬਾਬਾ ਸਾਹਿਬ ਡਾ. ਭੀਮ ਰਾਉ ਅੰਬੇਡਕਰ ਜੀ ਦੀ ਅਜਿਹੀ ਮੂਰਤੀ ਸਥਾਪਤ ਕਰੀਏ ਜੋ ਸਾਡੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੱਚੇ ਰਸਤੇ 'ਤੇ ਚੱਲਣ ਲਈ ਉਨ੍ਹਾਂ ਦਾ ਮਾਰਗਦਰਸ਼ਨ ਕਰ ਸਕੇ। ਉਨ੍ਹਾਂ ਕਿਹਾ ਕਿ ਇਹ ਪ੍ਰਤਿਮਾ ਪਟਿਆਲਾ ਦੇ ਪੁਰਾਣੇ ਬੱਸ ਅੱਡੇ ਦੇ ਸਾਹਮਣੇ ਸਥਾਪਤ ਕਰਨ ਜਾ ਰਹੇ ਹਾਂ, ਜੋ ਇਕ ਸਾਲ ਦੇ ਅੰਦਰ ਅੰਦਰ ਬਣ ਕੇ ਤਿਆਰ ਹੋ ਜਾਵੇਗੀ।ਇਸ ਮੌਕੇ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਵੀ ਮੌਜੂਦ ਸਨ।ਇਸ ਮੌਕੇ ਸਮਾਗਮ ਵਿੱਚ ਪੁੱਜੇ ਹੋਰਨਾਂ ਪਾਰਟੀਆਂ ਦੇ ਨੇਤਾਵਾਂ ਨੇ ਵੀ ਵਿਧਾਇਕ ਕੋਹਲੀ ਦੀ ਬਾਬਾ ਸਾਹਿਬ ਡਾ. ਅੰਬੇਡਕਰ ਦੀ ਮੂਰਤੀ ਲਗਾਉਣ ਲਈ ਨਗਰ ਨਿਗਮ ਦੇ ਜਨਰਲ ਅਜਲਾਸ ਵਿੱਚ ਕੀਤੀ ਪਹਿਲਕਦਮੀ ਦੇ ਯਤਨਾਂ ਦੀ ਸ਼ਲਾਘਾ ਕੀਤੀ।ਇਸ ਮੌਕੇ ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ, ਨਗਰ ਨਿਗਮ ਮੇਅਰ ਕੁੰਦਨ ਗੋਗੀਆ, ਸਾਬਕਾ ਮੇਅਰ ਅਮਰਿੰਦਰ ਸਿੰਘ ਬਜਾਜਾ, ਸਾਬਕਾ ਸੀਨੀਅਰ ਡਿਪਟੀ ਮੇਅਰ ਕਬੀਰ ਦਾਸ, ਬੀਬਾ ਜੈ ਇੰਦਰ ਕੌਰ, ਸੋਨੂੰ ਸੰਗਰ, ਨਰੇਸ਼ ਕੁਮਾਰ ਬੌਬੀ, ਰਾਜੇਸ਼ ਘਾਰੂ, ਰਾਮ ਚੰਦਰ ਟਾਂਕ, ਜਤਿੰਦਰ ਕੁਮਾਰ ਪ੍ਰਿੰਸ, ਹੈਪੀ ਲੋਹਟ, ਪਵਨ ਧਾਰੀਵਾਲ, ਪ੍ਰੇਮ ਲਤਾ, ਵਿਜੈ ਸ਼ਾਹ, ਰਾਜੇਸ਼ ਕੁਮਾਰ, ਨੇਹਾ ਸੰਧੂ, ਸੋਨੀਆ ਦਾਸ, ਸਾਗਰ ਧਾਰੀਵਾਲ, ਜਗਮੋਹਨ ਸਿੰਘ, ਅਜੇ ਡਾਬੀ ਤੇ ਡਾ. ਬੀ ਆਰ ਅੰਬੇਡਕਰ ਵੈਲਫੇਅਰ ਸੁਸਾਇਟੀ, ਸੈਂਟਰ ਵਾਲਮੀਕੀ ਸਭਾ ਤੇ ਵਾਲਮੀਕੀ ਧਰਮ ਸਭਾ ਦੇ ਵੱਡੀ ਗਿਣਤੀ ਅਹੁਦੇਦਾਰ ਮੌਜੂਦ ਸਨ।

## ਬਾਰ ਐਸੋਸੀਏਸ਼ਨ ਦੀ ਚੋਣ 'ਚ ਐਡਵੋਕੇਟ ਚਹਿਲ ਪ੍ਰਧਾਨ ਤੇ ਗਿੱਲ ਸਕੱਤਰ ਚੁਣੇ



**ਧੂਰੀ (ਬਿੰਨੀ ਗਰਗ, ਮੋਹਿਤ ਗਰਗ)**-ਬਾਰ ਐਸੋਸੀਏਸ਼ਨ ਧੂਰੀ ਦੇ ਅਹੁਦੇਦਾਰਾਂ ਦੀ ਹੋਈ ਚੋਣ ਦੌਰਾਨ ਐਡਵੋਕੇਟ ਅਮਨਦੀਪ ਸਿੰਘ ਚਹਿਲ ਪ੍ਰਧਾਨ ਚੁਣੇ ਗਏ।ਸਾਬਕਾ ਪ੍ਰਧਾਨ ਐਡਵੋਕੇਟ ਕੇ ਐੱਸ ਚਹਿਲ ਤੇ ਐਡਵੋਕੇਟ ਸੰਦੀਪ ਥਾਪਰ ਦੀ ਨਿਗਰਾਨੀ ਹੇਠ ਪੂਰੀ ਹੋਈ ਚੋਣ ਪ੍ਰਕਿਰਿਆ ਦੌਰਾਨ ਕੁੱਲ 83 ਵੋਟਾਂ 'ਚੋਂ 77 ਵੋਟਾਂ ਪੋਲ ਹੋਈਆਂ।ਪ੍ਰਧਾਨਗੀ ਦੇ ਅਹੁਦੇ ਲਈ ਐਡਵੋਕੇਟ ਅਮਨਦੀਪ ਸਿੰਘ ਚਹਿਲ ਨੂੰ 52 ਵੋਟਾਂ ਤੇ ਉਨ੍ਹਾਂ ਦੇ ਮੁਕਾਬਲੇ ਐਡਵੋਕੇਟ ਗੁਰਵਿੰਦਰ ਸਿੰਘ ਸਰਾਓ ਨੂੰ 24 ਵੋਟਾਂ ਮਿਲੀਆਂ, ਜਦੋਂਕਿ 1 ਵੋਟ ਰੱਦ ਹੋ ਗਈ ਅਤੇ ਇੰਝ ਅਮਨਦੀਪ ਸਿੰਘ ਚਹਿਲ ਪ੍ਰਧਾਨਗੀ ਦੀ ਚੋਣ 'ਚ ਜੇਤੂ ਰਹੇ।ਮੀਤ ਪ੍ਰਧਾਨ ਦੀ ਚੋਣ 'ਚ ਐਡਵੋਕੇਟ ਮਨਦੀਪ ਸ਼ਰਮਾ ਨੂੰ 44 ਵੋਟਾਂ ਤੇ ਉਨ੍ਹਾਂ ਦੇ ਮੁਕਾਬਲੇ ਐਡਵੋਕੇਟ ਯੋਗੇਸ਼ ਅੱਤਰੀ ਨੂੰ 30 ਵੋਟਾਂ ਮਿਲੀਆਂ, ਜਦੋਂਕਿ 3 ਵੋਟਾਂ ਰੱਦ ਹੋ ਹੋਈਆਂ ਅਤੇ ਇੰਝ ਮਨਦੀਪ ਸ਼ਰਮਾ ਜੇਤੂ ਰਹੇ।ਸਕੱਤਰ ਦੇ ਅਹੁਦੇ ਲਈ ਐਡਵੋਕੇਟ ਗਰਪ੍ਰੀਤ ਸਿੰਘ ਗਿੱਲ ਨੂੰ 41 ਵੋਟਾਂ ਦੇ ਮੁਕਾਬਲੇ ਐਡਵੋਕੇਟ ਮਨਪ੍ਰੀਤ ਸਿੰਘ ਬਾਗੀ ਨੂੰ 34 ਵੋਟਾਂ ਮਿਲੀਆਂ, ਜਦੋਂਕਿ 2 ਵੋਟਾਂ ਰੱਦ ਹੋਈਆਂ।ਦੱਸਣਯੋਗ ਹੈ ਕਿ ਸੰਯੁਕਤ ਸਕੱਤਰ ਦੇ ਅਹੁਦੇ ਲਈ ਐਡਵੋਕੇਟ ਸਰਫ਼ਰਾਜ ਅਲੀ ਤੇ ਖਜ਼ਾਨਚੀ ਦੇ ਅਹੁਦੇ ਲਈ ਐਡਵੋਕੇਟ ਸਤਿੰਦਰ ਸਿੰਘ ਪਹਿਲਾਂ ਹੀ ਬਿਨਾਂ ਮੁਕਾਬਲਾ ਚੁਣੇ ਜਾ ਚੁੱਕੇ ਹਨ।

## ਨਸ਼ੀਲੇ ਪਦਾਰਥਾਂ ਤੇ ਡਰੱਗ ਮਨੀ ਸਮੇਤ ਪੰਜ ਕਾਬੂ



**ਮਲੋਟ (ਗੁਰਮੀਤ ਸਿੰਘ ਮੱਕੜ)**-ਪੰਜਾਬ ਸਰਕਾਰ ਤੇ ਪੰਜਾਬ ਪੁਲਸ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ ਮੁਹਿਮ' ਤਹਿਤ ਸਬ ਡਵੀਜ਼ਨ ਮਲੋਟ ਦੀ ਪੁਲਸ ਨੇ ਉੱਪ ਕਪਤਾਨ ਇਕਬਾਲ ਸਿੰਘ ਦੀ ਅਗਵਾਈ ਹੇਠ ਸ਼ੱਕੀ ਵਿਅਕਤੀਆਂ ਦੇ ਘਰਾਂ ਤੇ ਟਿਕਾਣਿਆਂ ਦੀ ਤਾਲਾਸ਼ੀ ਲਈ ਗਈ। ਇਸ ਮੌਕੇ ਉੱਪ ਕਪਤਾਨ ਇਕਬਾਲ ਸਿੰਘ ਨੇ ਦੱਸਿਆ ਕਿ ਪਿਛਲੇ ਦਿਨੀਂ ਵੱਖ-ਵੱਖ ਥਾਣਿਆਂ ਦੀ ਪੁਲਸ ਨੇ ਅਫੀਮ, ਪੋਸਤ, ਹੈਰੋਇਨ ਤੇ ਨਸ਼ੀਲੀਆਂ ਗੋਲੀਆਂ ਸਮੇਤ 15 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਇਸੇ ਤਹਿਤ ਅੱਜ ਤਾਲਾਸ਼ੀ ਦੌਰਾਨ 5 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ, ਜਿਨ੍ਹਾਂ ਤੋਂ ਹੈਰੋਇਨ, ਨਸ਼ੀਲੀਆਂ ਗੋਲੀਆਂ ਸਮੇਤ 1 ਲੱਖ ਡਰੱਗ ਮਨੀ ਵੀ ਬਰਾਮਦ ਕੀਤੀ ਗਈ ਹੈ। ਉਨ੍ਹਾਂ ਨਸ਼ਾ ਤਸਕਰਾਂ ਨੂੰ ਚੇਤਾਵਨੀ ਦਿੱਤੀ ਕਿ ਉਹ ਬਾਜ਼ ਆ ਜਾਣ ਨਹੀਂ ਤਾਂ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਉਨ੍ਹਾਂ ਦੀ ਮੁਹਿਮ ਨਸ਼ਿਆਂ ਖਿਲਾਫ ਲਗਾਤਾਰ ਜਾਰੀ ਰਹੇਗੀ।

## ਸ਼੍ਰੋਮਣੀ ਅਕਾਲੀ ਦਲ ਲੋਕ ਹਿੱਤਾਂ ਨਾਲ ਜੁੜੀ ਪਾਰਟੀ : ਚਰਨਪ੍ਰੀਤ ਸਿੰਘ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਕੌਂਸਲਰ ਚਰਨਪ੍ਰੀਤ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਲੋਕ ਹਿੱਤਾਂ ਨਾਲ ਜੁੜੀ ਪਾਰਟੀ ਦੱਸਦਿਆਂ ਕਿਹਾ ਕਿ ਪਾਰਟੀ ਖੇਤਰ ਦੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਚੰਗੀ ਤਰ੍ਹਾਂ ਸਮਝਦੀ ਹੈ।ਉਨ੍ਹਾ ਜ਼ੋਰ ਦੇ ਕੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਲੋਕਾਂ ਦੇ ਹੱਕਾਂ ਲਈ ਲੜਨ ਵਾਲੀ ਪਾਰਟੀ ਰਹੀ ਹੈ ਅਤੇ ਇਸੇ ਕਾਰਨ ਇਸ ਨੂੰ ਲੋਕਾਂ ਦਾ ਵਿਸ਼ਵਾਸ ਪ੍ਰਾਪਤ ਹੈ।ਉਨ੍ਹਾ ਖੇਤਰ ਦੇ ਨਾਗਰਿਕਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਆਪਣਾ ਯੋਗਦਾਨ ਪਾਉਣ ਦੀ ਅਪੀਲ ਕੀਤੀ।ਇਸ ਮੌਕੇ ਚਰਨਪ੍ਰੀਤ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਪੰਜਾਬ ਤੇ ਪੰਜਾਬੀਅਤ ਦੇ ਹਿੱਤਾਂ ਲਈ ਕੰਮ ਕੀਤਾ ਹੈ।ਉਨ੍ਹਾ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਨਾਲ ਹੀ ਪੰਜਾਬ ਦੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਸੰਭਵ ਹੈ ਤੇ ਭਰਤੀ ਮੁਹਿੰਮ ਨੂੰ ਸਫਲ ਬਣਾਉਣ ਲਈ ਆਪਣੇ ਵਿਚਾਰ ਸਾਂਝੇ ਕੀਤੇ।ਉਨ੍ਹਾ ਕਿਹਾ ਕਿ ਪਾਰਟੀ ਨੂੰ ਹੋਰ ਮਜ਼ਬੂਤ ਬਣਾਉਣ ਲਈ ਹਰ ਪੱਧਰ 'ਤੇ ਯੋਗਦਾਨ ਦੀ ਲੋੜ ਹੈ।ਇਸ ਦੇ ਨਾਲ ਹੀ, ਉਨ੍ਹਾਂ ਨੇ ਖੇਤਰ ਦੇ ਲੋਕਾਂ ਨੂੰ ਪਾਰਟੀ ਨਾਲ ਜੁੜਨ ਤੇ ਇਸ ਦੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਪ੍ਰੇਰਿਤ ਕੀਤਾ।ਚਰਨਪ੍ਰੀਤ ਸਿੰਘ ਨੇ ਕਿਹਾ ਕਿ ਹਲਕਾ ਬਾਘਾ ਪੁਰਾਣਾ ਦੇ ਇੰਚਾਰਜ ਜਥੇਦਾਰ ਤੀਰਥ ਸਿੰਘ ਮਾਹਲਾ ਦੀ ਅਗਵਾਈ ਵਿੱਚ ਵੱਡੀ ਗਿਣਤੀ 'ਚ ਲੋਕ ਸ਼੍ਰੋਮਣੀ ਅਕਾਲੀ ਦਲ ਨਾਲ ਜੁੜ ਰਹੇ ਹਨ।ਉਨ੍ਹਾ ਸਾਰੇ ਪਾਰਟੀ ਕਾਰਕੁੰਨਾਂ ਤੇ ਨੇਤਾਵਾਂ ਨੂੰ ਭਰਤੀ ਮੁਹਿੰਮ ਨੂੰ ਸਫਲ ਬਣਾਉਣ ਲਈ ਇਕਜੁੱਟ ਹੋ ਕੇ ਕੰਮ ਕਰਨ ਦੀ ਅਪੀਲ ਕੀਤੀ।

## ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਵਿਖੇ ਐੱਸ ਟੀ ਪੀ ਦਾ ਨਵੀਨੀਕਰਨ ਸ਼ੁਰੂ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜਾ)**-ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਵਿਖੇ ਸੀਵਰੇਜ ਟ੍ਰੀਟਮੈਂਟ ਪਲਾਂਟ (ਐੱਸਟੀਪੀ) ਨੂੰ ਇਸ ਦੀ ਕੁਸ਼ਲਤਾ ਤੇ ਵਾਤਾਵਰਣ ਅਨੁਕੂਲਤਾ ਨੂੰ ਵਧਾਉਣ ਲਈ ਅਪਗ੍ਰੇਡ ਤੇ ਨਵੀਨੀਕਰਨ ਕੀਤਾ ਜਾਵੇਗਾ।ਇਸ ਪ੍ਰੋਜੈਕਟ ਦਾ ਉਦਘਾਟਨ ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ (ਬੀਐੱਫਯੂਐੱਚਐੱਸ) ਦੇ ਵਾਈਸ ਚਾਂਸਲਰ ਪ੍ਰੋਫੈਸਰ (ਡਾ.) ਰਾਜੀਵ ਸੂਦ ਨੇ ਕਾਲਜ ਦੇ ਆਪਣੇ ਸਾਈਟ ਦੌਰੇ ਦੌਰਾਨ ਕੀਤਾ।ਇਸ ਮੌਕੇ ਸ੍ਰੀ ਪਰਮਜੀਤ ਸਿੰਘ, ਕਾਰਜਕਾਰੀ ਇੰਜੀਨੀਅਰ (ਐਕਸੀਅਨ), ਬੀਐੱਫਯੂਐੱਚਐੱਸ ਡਾ. ਫਤਹਿਜੀਤ ਸਿੰਘ ਮਾਨ ਤੇ ਹੋਰ ਅਧਿਕਾਰੀ ਸਾਈਟ 'ਤੇ ਮੌਜੂਦ ਸਨ। ਡਾ. ਸੂਦ ਨੇ ਪ੍ਰੋਜੈਕਟ ਵਿੱਚ ਸਮੇਂ ਸਿਰ ਅਮਲ ਤੇ ਗੁਣਵੱਤਾ ਭਰੋਸਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਉਨ੍ਹਾ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਇਹ ਯਕੀਨੀ ਬਣਾਉਣ ਕਿ ਗੁਣਵੱਤਾ ਤੇ ਕੁਸ਼ਲਤਾ ਦੇ ਉੱਚਤਮ ਮਿਆਰਾਂ ਨੂੰ ਬਣਾਈ ਰੱਖਦੇ ਹੋਏ ਕੰਮ ਸਮਾਂਬੱਧ ਢੰਗ ਨਾਲ ਪੂਰਾ ਹੋਵੇ।ਐੱਸਟੀਪੀ ਦਾ ਅੱਪਗ੍ਰੇਡੇਸ਼ਨ ਮੈਡੀਕਲ ਕਾਲਜ ਵਿੱਚ ਟਿਕਾਊ ਰਹਿੰਦ-ਖੂੰਹਦ ਪ੍ਰਬੰਧਨ ਤੇ ਵਾਤਾਵਰਨ ਸੰਭਾਲ ਵੱਲ ਇੱਕ ਮਹੱਤਵਪੂਰਨ ਕਦਮ ਹੈ।ਇਹ ਪਹਿਲ ਬੀਐੱਫਯੂਐੱਚਐੱਸ ਦੀ ਵਾਤਾਵਰਣ-ਅਨੁਕੂਲ ਬੁਨਿਆਦੀ ਢਾਂਚੇ ਤੇ ਸਿਹਤ ਸੰਭਾਲ ਸਥਿਰਤਾ ਪ੍ਰਤੀ ਵਚਨਬੱਧਤਾ ਦੇ ਅਨੁਸਾਰ ਹੈ।

## ਗੁਰੂ ਹਰਿ ਰਾਇ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਗੁਰਮਤਿ ਸਮਾਗਮ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਦੇ ਦੀਵਾਨ ਹਾਲ ਵਿਖੇ ਸੱਤਵੇਂ ਪਾਤਸ਼ਾਹ ਗੁਰੂ ਹਰਿ ਰਾਇ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਜਿੱਥੇ ਹਜ਼ੂਰੀ ਰਾਗੀ ਭਾਈ ਜਸਦੇਵ ਸਿੰਘ ਦੇ ਜੱਥੇ ਵੱਲੋਂ ਰਸਭਿੰਨਾ ਕੀਰਤਨ ਗਾਇਨ ਕੀਤਾ ਗਿਆ, ਉੱਥੇ ਪ੍ਰਸਿੱਧ ਵਿਦਵਾਨ ਬਾਬਾ ਬੰਤਾ ਸਿੰਘ ਵੱਲੋਂ ਕਥਾ ਦਾ ਪ੍ਰਵਾਹ ਚਲਾਇਆ ਗਿਆ। ਗੁਰਦੁਆਰਾ ਸਾਹਿਬ ਦੇ ਮੈਨੇਜਰ ਭਾਈ ਜਸਵੀਰ ਸਿੰਘ ਮੰਗਲੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਸਮੂਹ ਸੇਵਾ ਸੋਸਾਇਟੀਆਂ ਦੇ ਸਾਂਝੇ ਸਹਿਯੋਗ ਨਾਲ ਕਰਵਾਏ ਗਏ ਗੁਰਮਤਿ ਸਮਾਗਮ ਵਿੱਚ ਮੌਸਮ ਖ਼ਰਾਬ ਤੇ ਭਾਰੀ ਬਾਰਿਸ਼ ਦੇ ਬਾਵਜੂਦ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਪਹੁੰਚੀਆਂ। ਸਮਾਗਮ ਦੀ ਸ਼ੁਰੂਆਤ ਹਜ਼ੂਰੀ ਰਾਗੀ ਜਸਦੇਵ ਸਿੰਘ, ਸੁਖਦੇਵ ਸਿੰਘ ਤੇ ਗੁਰਵਿੰਦਰ ਸਿੰਘ ਵੱਲੋਂ ਗੁਰਬਾਣੀ ਦਾ ਕੀਰਤਨ ਕਰਕੇ ਕੀਤੀ ਗਈ। ਇਸ ਉਪਰੰਤ ਭਾਈ ਬਿਧੀ ਚੰਦ ਜੀ ਦੀ ਸੰਪਰਦਾਇ ਤੇ ਪੰਥ ਦੇ ਪ੍ਰਸਿੱਧ ਵਿਦਵਾਨ ਬਾਬਾ ਬੰਤਾ ਸਿੰਘ ਮੁੰਡਾ ਪਿੰਡ ਵਾਲਿਆਂ ਵੱਲੋਂ ਕਥਾ ਦਾ ਪ੍ਰਵਾਹ ਚਲਾਇਆ ਗਿਆ। ਕਰੀਬ ਡੇਢ ਘੰਟਾ ਚੱਲੇ ਇਸ ਕਥਾ ਪ੍ਰਵਾਹ ਵਿਚ ਸੰਗਤਾਂ ਨੇ ਬਾਬਾ ਬੰਤਾ ਸਿੰਘ ਦੇ ਵਿਚਾਰਾਂ ਨੂੰ ਬੜੇ ਗੌਹ ਨਾਲ ਸਰਵਣ ਕੀਤਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਸਮਰਾਲਾ ਤੋਂ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ, ਬਾਬਾ ਲਖਵੀਰ ਸਿੰਘ ਲੱਖਾ (ਕਾਰ ਸੇਵਾ ਵਾਲੇ), ਸ਼੍ਰੋਮਣੀ ਕਮੇਟੀ ਮੈਂਬਰ ਹਰਜਤਿੰਦਰ ਸਿੰਘ ਬਾਜਵਾ, ਚਿੱਤਰਕਾਰ ਜਗਦੀਸ਼ ਸਿੰਘ ਬਰਾੜ, ਗੁਰੂ ਘਰ ਦੇ ਨਿਸ਼ਕਾਮ ਸੇਵਕ ਬਾਬਾ ਮੋਹਣ ਸਿੰਘ, ਹੈੱਡ ਗ੍ਰੰਥੀ ਹਰਪਾਲ ਸਿੰਘ ਗੁਰਮੁਖ, ਸ਼ਹਿਰੀ ਪ੍ਰਧਾਨ ਜਸਪਾਲ ਸਿੰਘ ਜੱਜ, ਜਗਦੀਪ ਸਿੰਘ ਝੱਜ, ਹਜ਼ੂਰੀ ਕਥਾਵਾਚਕ ਇਕਨਾਮ ਸਿੰਘ, ਗੁਰਨਾਮ ਸਿੰਘ ਖਾਲਸਾ, ਨਿਰਮਲ ਸਿੰਘ ਜੇਈ, ਚਰਨਜੀਤ ਸਿੰਘ, ਬਿੰਦਰ ਸਿੰਘ ਲੰਗਰ ਇੰਚਾਰਜ, ਸੁਰਜੀਤ ਸਿੰਘ ਰਾਜੂ, ਪਰਮਜੀਤ ਸਿੰਘ ਪੰਮਾ, ਸੁਖਵਿੰਦਰ ਸਿੰਘ ਸੁੱਖੀ, ਅੰਮ੍ਰਿਤਪਾਲ ਸਿੰਘ ਗੁਰੋਂ, ਸਾਬਕਾ ਸਰਪੰਚ ਦਲਜੀਤ ਸਿੰਘ ਬੁੱਲੇਵਾਲ ਆਦਿ ਮੌਜੂਦ ਸਨ।

## ਰਿੰਪੀ ਮਿੱਤਲ ਨੂੰ ਨਗਰ ਸੁਧਾਰ ਟਰੱਸਟ ਦਾ ਚੇਅਰਮੈਨ ਬਣਨ 'ਤੇ ਕੀਤਾ ਸਨਮਾਨਤ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਪੰਜਾਬ ਟਰੇਡ ਵਿੰਗ ਦੇ ਸੂਬਾ ਪ੍ਰਧਾਨ ਰਿੰਪੀ ਮਿੱਤਲ ਨੂੰ ਨਗਰ ਸੁਧਾਰ ਟਰੱਸਟ ਮੋਗਾ ਦਾ ਚੇਅਰਮੈਨ ਲਗਾਏ ਜਾਣ 'ਤੇ ਸਮਰਥਕਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ ਤੇ ਵਧਾਈ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੈ।ਇਸੇ ਕੜੀ ਤਹਿਤ ਬਿਜਲੀ ਬੋਰਡ ਦੇ ਐੱਸ.ਡੀ.ਓ. ਗੁਰਪ੍ਰੀਤ ਸਿੰਘ, ਕੌਂਸਲਰ ਪ੍ਰਿਥੀ ਸਿੰਘ, ਆਪ ਆਗੂ ਮੁਖਤਿਆਰ ਸਿੰਘ, ਸੁਖਮੰਦਰ ਸਿੰਘ ਭੱਟੀ (ਬਿਜਲੀ ਮੁਲਾਜ਼ਮ) ਤੇ ਭਾਟੀਆ ਵੱਲੋਂ ਨਗਰ ਸੁਧਾਰ ਟਰੱਸਟ ਦੇ ਨਵ-ਨਿਯੁਕਤ ਚੇਅਰਮੈਨ ਰਮਨ ਮਿੱਤਲ (ਰਿੰਪੀ) ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਗੁਲਦਸਤਾ ਦੇ ਕੇ ਸਨਮਾਨਤ ਕੀਤਾ ਗਿਆ।ਉਕਤ ਆਗੂਆਂ ਨੇ ਕਿਹਾ ਕਿ ਰਿੰਪੀ ਮਿੱਤਲ ਪਿਛਲੇ ਲੰਮੇ ਸਮੇਂ ਤੋਂ ਆਮ ਆਦਮੀ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰ ਰਹੇ ਹਨ ਤੇ 2022 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਵੀ ਰਿੰਪੀ ਮਿੱਤਲ ਵੱਲੋਂ ਬਹੁਤ ਮਿਹਨਤ ਕੀਤੀ ਗਈ, ਜਿਸ ਸਦਕਾ ਮੋਗਾ ਜ਼ਿਲ੍ਹੇ ਦੀਆਂ ਚਾਰਾਂ ਸੀਟਾਂ 'ਤੇ ਆਮ ਆਦਮੀ ਪਾਰਟੀ ਦਾ ਕਬਜ਼ਾ ਰਿਹਾ।ਇਸ ਮੌਕੇ ਰਿੰਪੀ ਮਿੱਤਲ ਨੇ ਕਿਹਾ ਕਿ ਜੋ ਮੇਰੇ 'ਤੇ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਆਪ ਪ੍ਰਧਾਨ ਅਮਨ ਅਰੋੜਾ ਨੇ ਜ਼ਿੰਮੇਵਾਰੀ ਪਾਈ ਹੈ, ਮੈਂ ਉਸ ਨੂੰ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਵਾਂਗਾ।ਅਖੀਰ ਵਿੱਚ ਬਿਜਲੀ ਬੋਰਡ ਦੇ ਐੱਸ.ਡੀ.ਓ. ਗੁਰਪ੍ਰੀਤ ਸਿੰਘ, ਕੌਂਸਲਰ ਪ੍ਰਿਥੀ ਸਿੰਘ, ਆਪ ਆਗੂ ਮੁਖਤਿਆਰ ਸਿੰਘ, ਸੁਖਮੰਦਰ ਸਿੰਘ ਭੱਟੀ ਤੇ ਭਾਟੀਆ ਨੇ ਪਾਰਟੀ ਹਾਈ ਕਮਾਂਡ ਦਾ ਰਿੰਪੀ ਮਿੱਤਲ ਨੂੰ ਨਗਰ ਸੁਧਾਰ ਟਰੱਸਟ ਦਾ ਚੇਅਰਮੈਨ ਬਣਾਏ ਜਾਣ 'ਤੇ ਧੰਨਵਾਦ ਕੀਤਾ।ਇਸ ਮੌਕੇ ਹੋਰ ਵੀ ਪਾਰਟੀ ਆਗੂ ਤੇ ਵਰਕਰ ਹਾਜ਼ਰ ਸਨ।

# ਟਰਾਲੇ ਨਾਲ ਟਕਰਾਉਣ ਨਾਲ ਮੋਟਰਸਾਈਕਲ ਸਵਾਰ ਦੀ ਮੌਤ

**ਮਾਹਿਲਪੁਰ/ ਸ਼ਫ਼ਰੀ** - ਹੁਸ਼ਿਆਰਪੁਰ ਤੋਂ ਚੰਡੀਗੜ੍ਹ ਜਾਣ ਵਾਲੇ ਮੁੱਖ ਮਾਰਗ 'ਤੇ ਪਿੰਡ ਰਨਿਆਲਾ ਨਜ਼ਦੀਕ ਟਰਾਲੇ ਅਤੇ ਮੋਟਰਸਾਈਕਲ ਦਰਮਿਆਨ ਹੋਏ ਹਾਦਸੇ ਦੌਰਾਨ



ਮੋਟਰਸਾਈਕਲ ਚਾਲਕ ਦੀ ਮੌਤਹੋ ਗਈ। ਮਿਰਤਕ ਦੀ ਮਾਤਾ ਵਿਜਬਤੀ ਪਤਨੀ ਰਾਮਪ੍ਰਕਾਸ਼ ਵਾਸੀ ਕੈਥਲ ਥਾਣਾ ਕੈਥਲਗੇਟ ਜ਼ਿਲ੍ਹਾ ਮੁਰਾਦਾਬਾਦ (ਯ_ਪੀ) ਹਾਲ ਵਾਸੀ ਟੂਟੋਮਜਾਰਾ ਥਾਣਾ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਨੇ ਦੱਸਿਆ ਕਿ ਕਰੀਬ ਰਾਤ ਨੌਂ ਵਜੇ ਤੱਕ ਜਦੋਂ ਮੇਰਾ ਬੇਟਾ ਚੰਦਰਪਾਲ ਘਰ ਨਹੀਂ ਆਇਆ ਤਾਂ ਫ਼ਿਕਰ ਨਾਲ ਮੈਂ ਆਪਣੇ ਛੋਟੇ ਬੇਟੇ ਰੋਹਿਤ ਨੂੰ ਦੇਖਣ ਲਈ ਭੇਜਿਆ ਤਾਂ ਜਦੋਂ ਮੇਰੇ ਬੇਟੇ ਨੇ ਪਿੰਡ ਸੈਲਾ ਖੁਰਦ ਨਜ਼ਦੀਕ ਟ੍ਰੈਫਿਕ ਪੁਲਿਸ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਦੱਸਿਆ ਕਿ ਪਿੰਡ ਰਨਿਆਲਾ ਕੋਲ ਇੱਕ ਐਕਸੀਡੈਂਟ ਹੋਇਆ ਹੈ । ਜਦੋਂ ਮੇਰਾ ਬੇਟਾ ਹਾਦਸੇ ਵਾਲੀ ਥਾਂ 'ਤੇ ਪਹੁੰਚਿਆ ਤਾਂ ਉਥੇ ਚੰਦਰਪਾਲ ਦਾ ਪਲਟੀਨਾ ਮੋਟਰ ਸਾਈਕਲ ਦੀ (ਨੰਬਰ ਪੀ ਬੀ 07-ਜ਼ੈਡ- 0293) ਇਕ ਟਰੱਕ (ਨੰਬਰ ਪੀ ਬੀ - 07 ਬੀ ਜੀ -2330) ਨਾਲ ਐਕਸੀਡੈਂਟ ਹੋ ਪਿਆ ਸੀ। ਪਰ ਮੇਰਾ ਬੇਟਾ ਉਥੇ ਨਹੀਂ ਸੀ ।ਮੈਂ ਆਪਣੇ ਪਰਵਾਰ ਸਮੇਤ ਜਦੋਂ ਆਪਣੇ ਬੇਟੇ ਦੀ ਭਾਲ ਕੀਤੀ ਤਾਂ ਪਤਾ ਲੱਗਾ ਕਿ ਮੇਰਾ ਬੇਟਾ ਮਰ ਚੁੱਕਾ ਹੈ ਤੇ ਉਸ ਦੀ ਲਾਸ਼ ਗੜ੍ਹਸ਼ੰਕਰ ਹਸਪਤਾਲ ਵਿਚ ਪਈ ਹੈ । ਜਦੋਂ ਇਸ ਵਾਰੇ ਸਬੰਧਤ ਏ ਐਸ ਆਈ ਥਾਣਾ ਮਾਹਿਲਪੁਰ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਦੱਸਿਆ ਕਿ ਰਾਤ ਸਮੇਂ ਇਹ ਟਰੱਕ ਖਰਾਬ ਹਾਲਤ ਵਿੱਚ ਬਿਨਾਂ ਕਿਸੇ ਰੋਕ ਅਤੇ ਬਿਨਾਂ ਇੰਡੀਕੇਟਰ ਤੋਂ ਸੜਕ ਕਿਨਾਰੇ ਖੜ੍ਹਾ ਸੀ ,ਜਿਸ ਕਾਰਨ ਇਹ ਹਾਦਸਾ ਵਾਪਰਿਆ। ਟਰੱਕ ਚਾਲਕ ਫ਼ਰਾਰ ਹੋ ਗਿਆ ਹੈ । ਅਸੀਂ ਟਰੱਕ ਅਤੇ ਲਾਸ਼ ਕਬਜ਼ੇ ਵਿਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ।

# ਸਿਵਲ ਹਸਪਤਾਲ 'ਚੋਂ ਭੇਦਭਰੀ ਹਾਲਤ 'ਚ ਨਵਜੰਮਾ ਬੱਚਾ ਚੋਰੀ

**ਕਪੂਰਥਲਾ (ਮਨਜੀਤ ਮਾਨ)**- ਸਿਵਲ ਹਸਪਤਾਲ ਵਿਚ ਭੇਦਭਰੇ ਹਾਲਾਤ ਵਿਚ ਬਾਅਦ ਦੁਪਹਿਰ ਨਵਜੰਮਾ ਬੱਚਾ (ਲੜਕਾ) ਚੋਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਕਾਰਨ ਹਸਪਤਾਲ ਵਿਚ ਹਫੜਾ-ਦਫੜੀ ਦਾ ਮਾਹੌਲ ਬਣ ਗਿਆ ਹੈ। ਜਾਣਕਾਰੀ ਅਨੁਸਾਰ ਸਿਵਲ ਹਸਪਤਾਲ ਵਿਚ ਕਪੂਰਥਲਾ ਵਿਚ ਕੱਲ੍ਹ ਇਕ ਗਰਭਵਤੀ ਮਹਿਲਾ ਫੂਲਨ ਦੇਵੀ ਪਤਨੀ ਗੁਰਵਿੰਦਰ ਸਾਹਨੀ ਹਾਲ ਵਾਸੀ ਪਿੰਡ ਖੀਰਾਂਵਾਲੀ ਮੂਲ ਨਿਵਾਸੀ ਬਿਹਾਰਨੇ ਇਕ ਲੜਕੇ ਨੇ ਜਨਮ ਦਿਤਾ ਸੀ। ਨਵਜੰਮੇ ਬੱਚੇ ਦੀ ਦਾਦੀ ਕਿਰਨ ਦੇਵੀ ਨੇ ਦੱਸਿਆ ਕਿ ਦੁਪਹਿਰ ਲਗਭਗ 1 ਵਜੇ ਦੇ ਕਰੀਬ ਇਕ ਸ਼ੱਕੀ ਮਹਿਲਾ ਜੋ ਕਿ ਕਥਿਤ ਤੌਰ 'ਤੇ ਨਰਸ ਬਣ ਕੇ ਉਸ ਨੂੰ ਮਿਲੀ ਅਤੇ ਕਿਹਾ ਕਿ ਬੱਚੇ ਦੇ ਕੁਝ ਜ਼ਰੂਰੀ ਟੈਸਟ ਕਰਵਾਉਣੇ ਹਨ, ਇਸ ਲਈ ਉਸ ਨੂੰ ਲੈਬਾਰਟਰੀ ਵਿਚ ਲੈ ਜਾਣ ਤੇ ਬਾਅਦ ਆਧਾਰ ਕਾਰਡ ਲਿਆਉਣ ਲਈ ਕਿਹਾ। ਪਰ ਉਹ ਜਦੋਂ ਵਾਪਸ ਆਈ ਤਾਂ ਉਹ ਸ਼ੱਕੀ ਮਹਿਲਾ ਤੇ ਬੱਚਾ ਦੋਵੇਂ ਗਾਇਬ ਸਨ।

# ਮੁਹੱਲਾ ਗਾਂਧੀ ਨਗਰ ਦੀਆਂ ਗਲੀਆਂ-ਸੜਕਾਂ ਦਾ ਮੰਦੜਾ ਹਾਲ, ਲੋਕ ਬੇਹਾਲ

**ਆਦਮਪੁਰ (ਪਰਮਜੀਤ ਸਿੰਘ)**:- ਨਗਰ ਕੌਂਸਲ ਆਦਮਪੁਰ ਅਧੀਨ ਆਉਂਦਾ ਵਾਰਡ ਨੰਬਰ ਇੱਕ ਮੁਹੱਲਾ ਗਾਂਧੀ ਨਗਰ ਵਾਸੀਆਂ ਵੱਲੋਂ ਨਰਕ ਭਰੀ ਜ਼ਿੰਦਗੀ ਲਈ ਮਜ਼ਬੂਰ ਹੋਣ ਸਬੰਧੀ ਜਾਣਕਾਰੀ ਦਿੰਦੇ ਗੁਰਨਾਮ ਸਿੰਘ ਭਾਟੀਆ ਸਾਬਕਾ ਮੁਲਾਜ਼ਮ, ਪੁਸ਼ਪਿੰਦਰ ਪਿੰਕੀ ਪ੍ਰਧਾਨ ਸਮੇਤ ਮੁਹੱਲੇ ਵਾਸੀਆਂ ਨੇ ਦੱਸਿਆ ਕਿ ਨਗਰ ਕੌਂਸਲ ਆਦਮਪੁਰ ਅਧੀਨ ਆਉਂਦਾ ਵਾਰਡ ਨੰਬਰ ਇੱਕ ਮੁਹੱਲਾ ਗਾਂਧੀ ਨਗਰ ਕਰੀਬ 20 ਸਾਲ ਪਹਿਲਾਂ ਹੋਂਦ ਵਿੱਚ ਆਇਆ ਸੀ, ਜਿਸ ਦੀ ਅੱਜ ਤੱਕ ਕੋਈ ਗਲੀ ਨਹੀਂ ਬਣੀ ਹੈ। ਮੁਹੱਲੇ ਦੀਆਂ ਗਲੀਆਂ ਦੀ ਹਾਲਤ ਇੰਨੀ ਖਸਤਾ ਹੈ ਕਿ ਮੇਨ ਸੜਕ ਵਿਚਕਾਰ ਇੰਨਾ ਚਿੱਕੜ ਤੇ ਗੰਦਾ ਪਾਣੀ ਖੜ੍ਹਾ ਹੋ ਜਾਂਦਾ ਹੈ ਕਿ ਬਰਸਾਤੀ ਮੌਸਮ ਦੌਰਾਨ ਜੇ ਕਿਸੇ ਮੁਹੱਲਾ ਵਾਸੀ ਨੇ ਆਪਣੇ ਘਰ ਤੋਂ ਸ਼ਹਿਰ ਤੱਕ ਤੇ ਸਕੂਲੀ ਬੱਚਿਆਂ ਨੂੰ ਸਕੂਲ ਤੱਕ ਜਾਣਾ ਹੋਵੇ ਤਾਂ ਫਿਰ ਮਜ਼ਬੂਰਨ ਗੱਡੀਆਂ ਵਿੱਚ ਆਉਣਾ ਜਾਣਾ ਪੈਂਦਾ ਹੈ ।ਉਨ੍ਹਾਂ ਕਿਹਾ ਹੈ ਸ਼ੁਰੂ ਤੋਂ ਹੀ ਗਾਂਧੀ ਨਗਰ ਮੁਹੱਲੇ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ। ਇਸ ਪੂਰੇ ਮਾਮਲੇ ਸਬੰਧੀ ਪੰਜਾਬ ਦੇ ਮੁੱਖ ਮੰਤਰੀ ਮੰਤਰੀ ਭਗਵੰਤ ਸਿੰਘ ਮਾਨ,ਹਲਕਾ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ, ਐਸ ਡੀ ਐਮ ਆਦਮਪੁਰ, ਨਗਰ ਕੌਂਸਲ ਦੇ ਪ੍ਰਧਾਨ ਦਰਸ਼ਨ ਸਿੰਘ ਕਰਵਲ ਨੂੰ ਕਈ ਵਾਰ ਲਿਖਤੀ ਪੱਤਰ ਰਾਹੀਂ ਗਲੀਆਂ ਬਣਾਉਣ ਦੀ ਅਪੀਲ ਕਰ ਚੁੱਕੇ ਹਾਂ। ਪਰ ਸਾਡੀ ਅੱਜ ਤੱਕ ਕੋਈ ਸੁਣਵਾਈ ਨਹੀਂ ਹੋਈ।ਮੁਹੱਲੇ



ਦੀ ਕੌਂਸਲਰ ਮੈਡਮ ਸੁਸ਼ਮਾ ਵੀ ਸਾਡੀ ਕੋਈ ਗੱਲ ਨਹੀਂ ਸੁਣਦੇ। ਕੁਝ ਸਮੇਂ ਪਹਿਲਾਂ ਨਗਰ ਕੌਂਸਲ ਆਦਮਪੁਰ ਵੱਲੋਂ ਸੜਕਾਂ ਦੁਬਾਰਾ ਪੁੱਟ ਕੇ ਵੀ ਤਿਆਰ ਕੀਤੀਆਂ ਜਾ ਚੁੱਕੀਆਂ । ਪਰ ਜਦੋਂ ਗਾਂਧੀ ਨਗਰ ਦੀਆਂ ਗਲੀਆਂ ਨਾਲੀਆਂ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਇਹ ਕਹਿ ਕੇ ਮੋੜ ਦਿੱਤਾ ਜਾਂਦਾ ਹੈ ਕਿ ਤੁਹਾਡੇ ਮੁਹੱਲੇ ਲਈ ਅਜੇ ਕੋਈ ਫੰਡ ਰਿਲੀਜ਼ ਨਹੀਂ ਹੋਇਆ। ਮੁਹੱਲੇ ਦੀਆਂ ਬੀਬੀਆਂ ਨੇ ਦੱਸਿਆ ਕਿ ਇਸ ਸੜਕ ਦੀ ਹਾਲਤ ਨੂੰ ਦੇਖਦਿਆਂ ਜੇਕਰ ਕੋਈ ਵਿਅਕਤੀ ਬਿਮਾਰ ਹੋ ਜਾਂਦਾ ਹੈ ਤਾਂ ਉਸ ਨੂੰ ਹਸਪਤਾਲ ਲੈ ਕੇ ਜਾਣਾ ਬਹੁਤ ਔਖਾ ਹੈ। ਸੜਕ ਨਾ ਬਣਨ ਕਰਕੇ ਘਰਾਂ ਵਿੱਚ ਖੁਸ਼ੀ ਤੇ ਗਮੀ ਦੇ ਪ੍ਰੋਗਰਾਮ ਕਰਵਾਉਣੇ ਵੀ ਬੰਦ ਹੋ ਗਏ ਹਨ ।ਮੁਹੱਲੇ ਦੇ ਕੰਮਾਂ ਸਬੰਧੀ ਕੌਂਸਲਰ ਮੈਡਮ ਸੁਸ਼ਮਾ ਨਾਲ ਫੋਨ 'ਤੇ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਫੰਡ ਦੀ ਕੋਈ ਕਮੀ ਨਹੀਂ ਮੁਹੱਲੇ ਦੀਆਂ ਕਰੀਬ 30 ਗਲੀਆਂ ਹਨ, ਜਿਨਾਂ ਵਿੱਚੋਂ ਕਰੀਬ 24 ਲੱਖ ਦੀ ਲਾਗਤ ਨਾਲ ਮੇਨ 2 ਗਲੀਆਂ ਦਾ ਕੰਮ ਸ਼ੁਰੂ ਕੀਤਾ ਗਿਆ ਹੈ ਤੇ ਰਹਿੰਦੀਆਂ ਗਲੀਆਂ ਦੇ ਬਣਾਉਣ ਸਬੰਧੀ ਮਤਾ ਪਾ ਦਿੱਤਾ ਗਿਆ ਹੈ। ਜਲਦੀ ਇਹ ਸਾਰਾ ਕੰਮ ਮੁਕੰਮਲ ਕੀਤਾ ਜਾਵੇਗਾ। ਇਸ ਮਾਮਲੇ ਸੰਬੰਧੀ ਨਗਰ ਕੌਂਸਲ ਦੇ ਪ੍ਰਧਾਨ ਦਰਸ਼ਨ ਸਿੰਘ ਕਰਵਲ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਇਸ ਮੁਹੱਲੇ ਵਿੱਚ ਸੀਵਰੇਜ ਪਾਉਣ ਦਾ ਕੰਮ ਸ਼ੁਰੂ ਕੀਤਾ ਹੋਇਆ ਪਰ ਬਰਸਾਤਾਂ ਦੇ ਮੌਸਮ ਵਿੱਚ ਕੰਮ ਬੰਦ ਹੋਣ ਕਾਰਨ ਮੁਹੱਲਾ ਵਾਸੀਆਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਲਦੀ ਹੀ ਸੀਵਰੇਜ ਦੇ ਪ੍ਰੋਜੈਕਟ ਦੇ ਕੰਮ ਪੂਰੀ ਤਰ੍ਹਾਂ ਨਾਲ ਮੁਕੰਮਲ ਹੋ ਜਾਵੇਗਾ ਉਸ ਤੋਂ ਬਾਅਦ ਸਾਰੀਆਂ ਬਣਾ ਦਿੱਤੀਆਂ ਜਾਣਗੀਆਂ। ਇਸ ਮੌਕੇ ਗੁਰਨਾਮ ਭਾਟੀਆ, ਪੁਸ਼ਪਿੰਦਰ ਪਿੰਕੀ, ਗੁਰਮੇਲ ਸਿੰਘ ਦੂੜਾ, ਲੀਲਾ ਵਿਰਦੀ, ਸੋਡੀ ਰਾਮ ਅਮਰਜੀਤ ਕੌਰ, ਨਿਰਮਲ ਕੌਰ, ਜੋਗਿੰਦਰ ਕੌਰ, ਲਵਪ੍ਰੀਤ ਸਮੇਤ ਮੁਹੱਲਾ ਵਾਸੀ ਹਾਜ਼ਰ ਸਨ।

# ਉਸਾਰੀ ਮਿਸਤਰੀ, ਮਜ਼ਦੂਰ ਯੂਨੀਅਨ (ਇਫਟੂ) ਵੱਲੋਂ ਧਰਨਾ ਭਲਕੇ

**ਨਵਾਂਸ਼ਹਿਰ (ਮਨੋਜ ਲਾਡੀ)** 4 ਮਾਰਚ ਨੂੰ ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ (ਇਫਟੂ ) ਵੱਲੋਂ ਕਿਰਤ ਕਮਿਸ਼ਨਰ ਪੰਜਾਬ ਦੇ ਦਫਤਰ ਮੁਹਾਲੀ ਅੱਗੇ ਦਿੱਤੇ ਜਾ ਰਹੇ ਧਰਨੇ ਦੀ ਤਿਆਰੀ ਵਜੋਂ ਪਿੰਡ ਮਾਈਦਿੱਤਾ ਵਿਖੇ ਉਸਾਰੀ ਮਜ਼ਦੂਰਾਂ ਦੀ ਮੀਟਿੰਗ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ



ਇਫਟੂ ਪੰਜਾਬ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ ਨੇ ਕਿਹਾ ਕਿ ਮਜ਼ਦੂਰ ਵਰਗ ਨੂੰ ਆਪਣੀਆਂ ਸਮੱਸਿਆਵਾਂ ਲਈ ਇਕੱਠੇ ਹੋ ਕੇ ਸੰਘਰਸ਼ ਕਰਨ ਦੀ ਲੋੜ ਹੈ। ਕੇਂਦਰ ਸਰਕਾਰ ਮਜ਼ਦੂਰਾਂ ਦੇ ਹਿੱਤੂ ਕਾਨੂੰਨਾਂ ਨੂੰ ਖਤਮ ਕਰਕੇ ਉਹਨਾਂ ਦੀ ਥਾਂ ਮਜ਼ਦੂਰ ਵਿਰੋਧੀ ਚਾਰ ਕਿਰਤ ਕੋਡ ਲੈ ਕੇ ਆਉਣ ਦੀ ਤਿਆਰੀ ਕਰ ਰਹੀ ਹੈ, ਜੋ ਕਿਰਤੀਆਂ ਦੇ ਹੱਕਾਂ ਨੂੰ ਖਤਮ ਕਰ ਦੇਣਗੇ।ਅਜਿਹੇ ਸਮੇਂ ਵਿੱਚ ਮਜ਼ਦੂਰ ਵਰਗ ਦੀਆਂ ਜ਼ਿੰਮੇਵਾਰੀਆਂ ਹੋਰ ਵੀ ਵੱਧ ਜਾਂਦੀਆਂ ਹਨ।ਉਹਨਾਂ ਉਸਾਰੀ ਮਜ਼ਦੂਰਾਂ ਨੂੰ ਬੇਨਤੀ ਕੀਤੀ ਕਿ ਉਹ 4 ਮਾਰਚ ਨੂੰ ਕਿਰਤ ਕਮਿਸ਼ਨਰ ਪੰਜਾਬ ਦੇ ਦਫਤਰ ਮੁਹਾਲੀ ਵਿਖੇ ਦਿੱਤੇ ਜਾ ਰਹੇ ਧਰਨੇ ਵਿੱਚ ਭਰਵੀਂ ਸ਼ਮੂਲੀਅਤ ਕਰਨ।ਉਸਾਰੀ ਕਾਮਿਆਂ ਨੇ ਕਿਹਾ ਕਿ ਉਹ ਇਸ ਧਰਨੇ ਵਿੱਚ ਭਰਵੀਂ ਹਾਜ਼ਰੀ ਭਰਨਗੇ।ਇਸ ਮੌਕੇ ਜੀਵਨ ਲਾਲ ਮਾਈਦਿੱਤਾ, ਸ਼ਮਸ਼ੇਰ ਸਿੰਘ ਮਹਿਮੂਦ ਪੁਰ, ਅਸ਼ਵਨੀ ਕੁਮਾਰ ਮਹਿਮੂਦ ਪੁਰ, ਕੇਸਰ ਰਾਮ ਮਹਿਮੂਦ ਪੁਰ, ਹਰਪ੍ਰੀਤ ਮਹਿਮੂਦ ਪੁਰ, ਰਮਨ ਕੁਮਾਰ ਮਹਿਮੂਦ ਪੁਰ,ਲਖਵੀਰ ਚੰਦ ਮਹਿਮੂਦ ਪੁਰ ਅਤੇ ਕਸ਼ਮੀਰ ਸਿੰਘ ਮਈ ਦਿੱਤਾ ਉਸਾਰੀ ਵਰਕਰ ਵੀ ਮੌਜੂਦ ਸਨ।

# ਨਵੀਂ ਮੰਡੀਕਰਨ ਨੀਤੀ ਦਾ ਖਰੜਾ ਰੱਦ ਕਰਨਾ ਸ਼ਲਾਘਾਯੋਗ : ਕਾਹਲੋਂ

**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)**- ਕੇਂਦਰ ਸਰਕਾਰ ਵੱਲੋਂ ਤਜਵੀਜਸ਼ੁਦਾ ਨਵੀ ਮੰਡੀਕਰਨ ਨੀਤੀ ਦਾ ਖਰੜਾ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਸਰਵਸੰਮਤੀ ਨਾਲ ਰੱਦ



ਕਰ ਦਿੱਤਾ ਗਿਆ ਹੈ, ਜੋ ਸ਼ਲਾਘਾਯੋਗ ਹੈ। ਇਸ ਤੋਂ ਪਹਿਲਾਂ ਵੀ ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਲੇ ਕਾਨੂੰਨਾਂ ਦਾ ਵੀ ਡੱਟ ਕੇ ਵਿਰੋਧ ਕੀਤਾ ਗਿਆ। ਇਹ ਪ੍ਰਗਟਾਵਾ ਕਰਦਿਆਂ ਉਘੇ ਕਿਸਾਨ ਆਗੂ ਸਮਾਜ ਸੇਵਕ ਮਲਕੀਤ ਸਿੰਘ ਕਾਹਲੋਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਬੀਜੇਪੀ ਸਰਕਾਰ ਵੱਲੋਂ ਹਮੇਸ਼ਾ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਗਿਆ। ਦਿੱਲੀ ਦੀ ਬੀ ਜੇ ਪੀ ਸਰਕਾਰ ਦੀ ਮੁੱਖ ਮੰਤਰੀ ਰੇਖਾ ਗੁਪਤਾ ਵਲੋਂ ਆਪਣੇ ਦਫਤਰ ਵਿੱਚ ਸ਼ਹੀਦੇ ਆਜ਼ਮ ਭਗਤ ਸਿੰਘ ਅਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾਕਟਰ ਬੀ ਆਰ ਅੰਬੇਡਕਰ ਸਾਹਿਬ ਦੀਆਂ ਫੋਟੋਆਂ ਹਟਾਉਣ ਦਾ ਸਖਤ ਸ਼ਬਦਾਂ ਵਿੱਚ ਵਿਰੋਧ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਹ ਫੋਟੋਆਂ ਦਫਤਰ ਵਿੱਚ ਪਹਿਲਾਂ ਵਾਲੀ ਥਾਂ 'ਤੇ ਲਾਈਆਂ ਜਾਣ। ਇਹਨਾਂ ਮਹਾਨ ਵਿਅਕਤੀਆਂ ਦੀਆਂ ਫੋਟੋਆਂ ਹਟਾਉਣੀਆਂ ਬੀਜੇਪੀ ਦੀ ਸਰਕਾਰ ਦਾ ਦਲਿਤ ਵਿਰੋਧੀ ਚਿਹਰਾ ਤੇ ਸ਼ਹੀਦਾਂ ਦਾ ਅਪਮਾਨ ਕਰਨ ਵਾਲੀ ਨੀਤੀ ਜਾਹਰ ਕਰਦਾ ਹੈ।

# ਸਤਵਿੰਦਰ ਧੜਾਕ ਦੀ 'ਸਪੈਸ਼ਲ' ਨਾਲ ਗਾਇਕੀ ਦੇ ਪਿੜ 'ਚ ਐਂਟਰੀ



**ਐਸ ਏ ਐਸ. ਨਗਰ (ਮੋਹਾਲੀ), (ਗੁਰਜੀਤ ਬਿੱਲਾ )** ਪੰਜਾਬ ਦੇ ਪ੍ਰਸਿੱਧ ਪੱਤਰਕਾਰ ਤੇ ਗਾਇਕ ਸਤਵਿੰਦਰ ਸਿੰਘ ਧੜਾਕ ਦਾ ਪਲੇਠਾ ਗਾਇਆ ਗੀਤ 'ਸਪੈਸ਼ਲ' (ਕੁਝ ਖ਼ਾਸ) ਇੱਥੇ ਪੀ ਵੀ ਆਰ-ਮੋਹਾਲੀ ਵਾਕ 'ਚ ਰਿਲੀਜ਼ ਕੀਤਾ ਗਿਆ।ਇਸ ਸਮੇਂ ਪ੍ਰਚਾਰ ਐਡਵਰਟਾਈਜ਼ਰਜ਼ ਪ੍ਰਾਈਵੇਟ ਲਿਮਿਟਡ ਦੇ ਐਮ ਡੀ ਸ੍ਰੀ ਮਹਿੰਦਰਪਾਲ ਸਿੰਘ, ਅਦਾਕਾਰ ਨਗਿੰਦਰ ਗਾਖੜ, ਅਦਾਕਾਰਾ ਸਤਵੰਤ ਕੌਰ, ਅਦਾਕਾਰਾ ਨਤਾਲਿਆ ਅਤੇ ਪ੍ਰੋਡਿਊਸਰ ਤੇ ਅਦਾਕਾਰ ਅੰਗਦ ਸਚਦੇਵਾ ਸਮੇਤ ਸਮੁੱਚੀ ਟੀਮ ਮੌਜੂਦ ਰਹੀ।ਜਦ ਤੋਂ ਇਸ ਗੀਤ ਦਾ ਟੀਜ਼ਰ ਰਿਲੀਜ਼ ਹੋਇਆ ਸੀ, ਤਦ ਤੋਂ ਹੀ ਇਸ ਧਾਰਮਿਕ ਤੇ ਪ੍ਰੇਰਨਾਦਾਇਕ ਗੀਤ ਦੀ ਆਮਦ ਦੀ ਉਡੀਕ ਕੀਤੀ ਜਾ ਰਹੀ ਸੀ। ਇਸ ਖ਼ੂਬਸੂਰਤ ਮਿਊਜ਼ਿਕ ਵੀਡੀਓ ਦਾ ਨਿਰਮਾਣ ਸਾਜ਼ ਸਿਨੇ ਪ੍ਰੋਡਕਸ਼ਨਜ਼ ਅਤੇ ਅੰਗਦ ਸਚਦੇਵਾ ਨੇ ਕੀਤਾ ਹੈ।ਸ੍ਰੀ ਅੰਗਦ ਸਚਦੇਵਾ ਨੇ ਮੀਡੀਆ ਨੂੰ ਮੁਖ਼ਾਤਬ ਹੁੰਦਿਆਂ ਦੱਸਿਆ ਕਿ ਇਹ ਗੀਤ ਸਤਵਿੰਦਰ ਸਿੰਘ ਨੇ ਖ਼ੁਦ ਲਿਖਿਆ ਹੈ ਤੇ ਸੰਗੀਤਕ ਕੰਪੋਜ਼ੀਸ਼ਨ ਵੀ ਉਸ ਨੇ ਆਪ ਹੀ ਸਜਾਈ ਹੈ। ਪ੍ਰਭਜੋਤ ਸਿੰਘ ਚੀਮਾ ਦੇ ਨਿਰਦੇਸ਼ਨ ਹੇਠ ਤਿਆਰ ਹੋਈ ਇਸ ਵੀਡੀਓ ਚ ਸੰਗੀਤ ਮਿਸਟਰ ਡੋਪ ਨੇ ਦਿੱਤਾ ਹੈ ਅਤੇ ਸੰਪਾਦਨ ਵੀਐਫ਼ਐਕਸ ਹੰਟਰਜ਼ ਨੇ ਕੀਤਾ ਹੈ। ਸਿਨੇਮਾਟੋਗ੍ਰਾਫ਼ੀ ਸਤਕਰਨ ਐੱਸਜੇਐੱਸ ਦੀ ਹੈ।ਸ੍ਰੀ ਅੰਗਦ ਸਚਦੇਵਾ ਤੇ ਸ੍ਰੀ ਮਹਿੰਦਰਪਾਲ ਸਿੰਘ ਨੇ ਇਸ ਮੌਕੇ ਇਹ ਵੀ ਦੱਸਿਆ ਕਿ ਸਤਵਿੰਦਰ ਸਿੰਘ ਧੜਾਕ ਦਾ ਇਹ ਗੀਤ ਸੱਚਮੁਚ ਦੁੱਖਾਂ ਦੇ ਝੰਬੇ ਦਿਲਾਂ ਨੂੰ ਠਾਰਨ ਵਾਲਾ ਹੈ। ਇਸ ਗੀਤ ਵਿੱਚ ਅੰਤਾਂ ਦੇ ਦੁੱਖੀ ਮਨੁੱਖ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਤੂੰ ਫ਼ਿਕਰ ਨਾ ਕਰ, ਤੇਰੇ ਲਈ ਬਾਬੇ ਨਾਨਕ ਨੇ ਕੁਝ ਖ਼ਾਸ ਸੋਚਿਆ ਹੋਇਆ ਹੈ।ਇਸ ਵੀਡੀਓ ਚ ਮੁੱਖ ਭੂਮਿਕਾ ਉੱਘੀ ਅਦਾਕਾਰਾ ਨਤਾਲਿਆ ਨੇ ਨਿਭਾਈ ਹੈ। ਇਸ ਗੀਤ ਨੂੰ ਇੱਕ ਨਿੱਕੀ ਜਿਹੀ ਸੰਘਰਸ਼ ਦੀ ਦਾਸਤਾਨ ਨਾਲ ਜੋੜਿਆ ਗਿਆ ਹੈ ਜਿਸ ਵਿੱਚ ਨਗਿੰਦਰ ਗਾਖੜ, ਸਤਵੰਤ ਕੌਰ, ਨਤਾਲਿਆ ਤੇ ਹੋਰਨਾਂ ਨੇ ਅਹਿਮ ਭੂਮਿਕਾਵਾਂ ਨਿਭਾਈਆਂ ਹਨ। ਇਸ ਤੋਂ ਇਲਾਵਾ ਲੱਕੀ ਦੋਸਾਂਝ, ਲੱਕੀ ਮਹਿਰਾ ਨੇ ਵੀ ਆਪੋ-ਆਪਣਾ ਬਣਦਾ ਯੋਗਦਾਨ ਪਾਇਆ ਹੈ।ਦੱਸ ਦੇਈਏ ਕਿ ਕੁਝ ਕੁ ਘੰਟੇ ਪਹਿਲਾਂ ਰੀਲੀਜ਼ ਹੋਇਆ ਗੀਤ 'ਸਪੈਸ਼ਲ' (ਕੁਝ ਖ਼ਾਸ) ਯੂਟਿਊਬ 'ਤੇ ਨਿਰੰਤਰ ਮਕਬੂਲ ਹੋ ਰਿਹਾ ਹੈ ਅਤੇ ਇਹ ਗੀਤ ਇੰਸਟਗ੍ਰਾਮ 'ਤੇ ਟ੍ਰੈਂਡਿੰਗ ਵਿੱਚ ਹੈ।



# ਕਬੱਡੀ ਟੂਰਨਾਮੈਂਟ ਦਾ ਪਹਿਲਾ ਇਨਾਮ ਆਨੰਦਪੁਰ ਸਾਹਿਬ ਕਬੱਡੀ ਕਲੱਬ ਨੇ ਜਿੱਤਿਆ

**ਬੰਗਾ (ਅਵਤਾਰ ਕਲੇਰ)** ਸ਼ਹੀਦ ਭਗਤ ਸਿੰਘ ਮੈਮੋਰੀਅਲ ਕਲੱਬ ਸਾਧਪੁਰ ਵਲੋਂ ਚੌਥਾ ਕਬੱਡੀ ਕੱਪ ਕਰਵਾਇਆ ਗਿਆ ।ਜਿਸ ਵਿੱਚ ਪਹਿਲਾ ਇਨਾਮ ਆਨੰਦਪੁਰ ਸਾਹਿਬ ਕਬੱਡੀ ਕਲੱਬ ਭੋਲੇਵਾਲ ਨੇ ਪਹਿਲਾ ਇਨਾਮ 1ਲੱਖ ਰੁਪਏ ਜਿੱਤਿਆ ਅਤੇ ਦੂਸਰਾ ਇਨਾਮ ਸ਼ਹੀਦ ਭਗਤ ਸਿੰਘ ਕਬੱਡੀ ਕਲੱਬ ਰੂੜਕੀ ਦੀ ਟੀਮ ਨੇ 75 ਹਜ਼ਾਰ ਰੁਪਏ ਜਿੱਤਿਆ। ਖਿਡਾਰੀਆਂ ਨੂੰ ਅਸ਼ੀਰਵਾਦ ਦੇਣ ਲਈ ਵਿਸ਼ੇਸ਼ ਤੌਰ 'ਤੇ ਹਰਜੋਤ ਕੌਰ ਲੋਹਟੀਆ ਜਨਰਲ ਸਕੱਤਰ ਪੰਜਾਬ ਆਮ ਆਦਮੀ ਪਾਰਟੀ (ਮਹਿਲਾ ਵਿੰਗ) ਅਤੇ ਕੁਲਜੀਤ ਸਿੰਘ ਸਰਹਾਲ ਹਲਕਾ ਇੰਚਾਰਜ ਪਹੁੰਚੇ। ਉਹਨਾਂ ਸਾਂਝੇ ਤੌਰ 'ਤੇ ਸੰਬੋਧਨ ਕਰਦਿਆਂ ਕਿਹਾ ਕਿ ਖੇਡਾਂ ਸਾਨੂੰ ਤੰਦਰੁਸਤੀ ਅਤੇ ਨਿਰੋਗ ਜੀਵਨ ਪ੍ਰਦਾਨ ਕਰਦੀਆਂ ਹਨ । ਇਸ ਲਈ ਬੱਚਿਆਂ ਨੂੰ ਖੇਡਾਂ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ । ਉਨ੍ਹਾ ਕਿਹਾ ਕਿ ਸ਼ਹੀਦ ਭਗਤ ਸਿੰਘ ਮੈਮੋਰੀਅਲ ਕਲੱਬ ਸਾਧਪੁਰ ਵਧਾਈ ਦੀ ਪਾਤਰ ਹੈ ਜਿਹੜੇ ਕਿ ਹਰ ਸਾਲ ਕਬੱਡੀ ਕੱਪ ਕਰਾਉਣ ਦਾ ਉਪਰਾਲਾ ਕਰਦੇ ਹਨ। ਪ੍ਰਬੰਧਕਾਂ ਵੱਲੋਂ ਮਹਿਮਾਨਾਂ, ਖਿਡਾਰੀਆਂ ਅਤੇ ਸਹਿਯੋਗੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੰਕਜ ਲੋਹਟੀਆ ਸਰਪੰਚ ਮੁਕੰਦਪੁਰ, ਕੁਲਵਿੰਦਰ ਯੂ.ਕੇ,ਗੁਰਖਾ ਯੂ.ਕੇ,ਕਰਨਜੀਤ ਕੈਨੇਡਾ, ਸੁਰਜੀਤ ਪ੍ਰਧਾਨ, ਨੰਬਰਦਾਰ ਪਾਲਾ,ਸੁਰਜੀਤ ਸਿੰਘ,ਸਬ-ਇੰਸਪੈਕਟਰ ਅਮਰਜੀਤ ਕੁਮਾਰ ਸਾਧਪੁਰ,ਦਲਜੀਤ ਜੀਤਾ ਪੰਚ,ਰਾਮ ਲੁਭਾਇਆ ਬਾਬਾ ,ਕੁਲਵੰਤ ਰਾਮ,ਲਾਡੀ ਆਦਿ ਹਾਜ਼ਰ ਸਨ ।

# ਸੰਤ ਗੁਰਬਖਸ਼ ਸਿੰਘ ਰੱਬ ਦੀ ਬਰਸੀ ਮਨਾਈ

**ਆਦਮਪੁਰ (ਪਰਮਜੀਤ ਸਿੰਘ)**:- ਬ੍ਰਹਮ ਗਿਆਨੀ ਸੰਤ ਬਾਬਾ ਗੁਰਬਖਸ਼ ਸਿੰਘ ਰੱਬ ਦੀ ਸਾਲਾਨਾ ਬਰਸੀ ਸੇਵਾਦਾਰ ਸੰਤ ਸੁਰਿੰਦਰ ਸਿੰਘ ਸੋਢੀ ਦੀ ਅਗਵਾਈ ਅਤੇ ਇਲਾਕੇ



ਦੀਆਂ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਗੁਰਦਿੱਤੀ ਫਲਾਹੀ ਪਿੰਡ ਕੰਦੋਲਾ ਆਦਮਪੁਰ ਵਿਖੇ ਸ਼ਰਧਾ ਭਾਵਨਾ ਨਾਲ ਮਨਾਈ ਗਈ।ਜਾਣਕਾਰੀ ਦਿੰਦੇ ਸੰਤ ਸੁਰਿੰਦਰ ਸਿੰਘ ਸੋਢੀ ਨੇ ਦੱਸਿਆ ਕਿ ਅਖੰਡ ਪਾਠ ਸਾਹਿਬ ਦੇ ਸੰਪੂਰਨ ਭੋਗ ਉਪਰੰਤ ਖੁੱਲੇ ਦੀਵਾਨ ਸਜਾਏ ਗਏ, ਜਿਸ ਵਿੱਚ ਢਾਡੀ, ਕਥਾਵਾਚਕ ਜਿਨ੍ਹਾਂ ਵਿੱਚ ਸੰਤ ਸਰਵਨ ਸਿੰਘ ਡੇਰਾ ਸੰਤਪੁਰਾ ਜੱਬੜ, ਭਾਈ ਸੁਰਿੰਦਰ ਸਿੰਘ ਆਦਮਪੁਰ, ਗਿਆਨੀ ਗਗਨਦੀਪ ਸਿੰਘ ਦਮਦਮੀ ਟਕਸਾਲ, ਭਾਈ ਜਗਦੀਪ ਸਿੰਘ ਜਲਪੋਤ, ਇੰਦਰਜੀਤ ਸਿੰਘ ਅਰਸ਼ੀ, ਭਾਈ ਅਵਤਾਰ ਸਿੰਘ ਰਾਗੀ ਜਥਿਆਂ ਵੱਲੋਂ ਸੰਗਤਾਂ ਨੂੰ ਗੁਰਬਾਣੀ ਕੀਰਤਨ, ਕਥਾ ਵਿਚਾਰਾਂ ਅਤੇ ਢਾਡੀ ਵਾਰਾਂ ਰਾਹੀਂ ਨਿਹਾਲ ਕੀਤਾ। ਬਰਸੀ ਸਮਾਗਮ ਦੌਰਾਨ ਸੰਤ ਨਰਿੰਦਰ ਸਿੰਘ ਅਨੰਦਪੁਰ ਸਾਹਿਬ, ਸੰਤ ਕਸ਼ਮੀਰ ਸਿੰਘ, ਸੰਤ ਗੁਰਬਚਨ ਸਿੰਘ ਬਡੋ, ਸੰਤ ਆਤਮ ਪ੍ਰਕਾਸ਼ ਸਿੰਘ ਧੂਤਾ, ਸੰਤ ਅਵਤਾਰ ਸਿੰਘ ਲੰਗੜੋਆ, ਸੰਤ ਇੰਦਰਦਾਸ ਸਿੰਘ ਮੇਗੋਵਾਲ, ਸੰਤ ਹਰਚਰਨ ਦਾਸ ਭੰਡਾਰੀ ਸ਼ਾਮ ਚੁਰਾਸੀ, ਗੁਰਨਾਮ ਸਿੰਘ ਡੇਰਾ ਉਦੇਸੀਆਂ, ਜਥੇਦਾਰ ਸੁਖਵਿੰਦਰ ਸਿੰਘ ਸਾਬਕਾ ਹੈਡ ਗ੍ਰੰਥੀ ਸ੍ਰੀ ਅਨੰਦਪੁਰ ਸਾਹਿਬ, ਹਰਮਨਜੀਤ ਸਿੰਘ ਸਿੰਘੜੀਵਾਲ ਵਾਲਿਆਂ ਨੇ ਸੰਤ ਗੁਰਬਖਸ਼ ਸਿੰਘ ਰੱਬ ਜੀ ਦੇ ਜੀਵਨ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਸੰਤ ਬਾਬਾ ਗੁਰਬਖਸ਼ ਸਿੰਘ ਰੱਬ ਜੀ ਵੱਲੋ ਆਪਣੀ ਸਾਰੀ ਜ਼ਿੰਦਗੀ ਅਕਾਲ ਪੁਰਖ ਦੇ ਚਰਨਾਂ ਵਿੱਚ ਬਤੀਤ ਕਰ ਕੇ ਆਪਣਾ ਜੀਵਨ ਸਫਲ ਕਰਦਿਆਂ ਅੱਜ ਵੀ ਇੱਕ ਪਵਿੱਤਰ ਜੋਤ ਦੀ ਤਰ੍ਹਾਂ ਇਲਾਕੇ ਦੇ ਲੋਕਾਂ ਦੇ ਮਨਾਂ ਵਿੱਚ ਵੱਸ ਰਹੇ ਹਨ ਤੇ ਇਲਾਕੇ ਦੀਆਂ ਸੰਗਤਾਂ ਉਨ੍ਹਾਂ ਦੀ ਮਿੱਠੀ ਮਿੱਠੀ ਯਾਦ ਨੂੰ ਤਾਜ਼ਾ ਰੱਖਦੇ ਹੋਏ ਉਨ੍ਹਾਂ ਦੀ ਯਾਦ ਬਰਸੀ ਦੇ ਰੂਪ 'ਚ ਮਨਾਉਂਦੇ ਹਨ ।

# ਸਰਪੰਚ ਹੈਪੀ ਖੱਦਰ ਹੁਣ ਜ਼ਿਲ੍ਹਾ ਪ੍ਰੀਸ਼ਦ ਚੋਣਾਂ 'ਚ ਕਿਸਮਤ ਅਜ਼ਮਾਉਣਗੇ



**ਕਾਲਾ ਸੰਘਿਆਂ (ਮਨਜੀਤ ਮਾਨ)** ਅਗਾਮੀ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਬਲਾਕ ਢਿਲਵਾਂ ਦੇ ਪਿੰਡ ਚਕੋਕੀ ਤੋ ਸਰਪੰਚ ਹੈਪੀ ਖੱਦਰ ਹੁਣ ਢਿਲਵਾ ਜ਼ੋਨ ਤੋਂ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਆਪਣੀ ਕਿਸਮਤ ਅਜਮਾਉਣਗੇ। ਇਥੇ ਦੱਸ ਦੇਈਏ ਕਿ ਹਾਲ ਹੀ ਵਿੱਚ ਹੋਈਆਂ ਪੰਚਾਇਤੀ ਚੋਣਾ ਦੋਰਾਨ ਹੈਪੀ ਖੱਦਰ ਪਿੰਡ ਚਕੋਕੀ ਦੇ ਸਰਪੰਚ ਬਣੇ ਹਨ ਤੇ ਉਨ੍ਹਾਂ ਵੱਲੋਂ ਪਿੰਡ 'ਚ ਸ਼ੁਰੂ ਕੀਤੀ ਸ਼ਗਨ ਸਕੀਮ ਅਤੇ ਹੋਰ ਕਈ ਸਮਾਜ ਸੇਵੀ ਕੰਮਾਂ ਕਰਕੇ ਹਮੇਸ਼ਾ ਚਰਚਾ 'ਚ ਰਹਿੰਦੇ ਹਨ ।

# ਫੈਡਰੇਸ਼ਨ ਏਟਕ ਦੇ ਜੀ ਐੱਸ ਸੁਰਿੰਦਰਪਾਲ ਲਹੌਰੀਆ ਸੇਵਾ-ਮੁਕਤੀ 'ਤੇ ਸਨਮਾਨਤ

**ਮੁਹਾਲੀ** : ਪਾਵਰਕਾਮ ਅਦਾਰੇ ਵਿੱਚ 32 ਸਾਲ ਇਮਾਨਦਾਰ ਰਹਿ ਕੇ ਬੇਦਾਗ ਸੇਵਾ ਕਰਨ ਉਪਰੰਤ ਮੁਹਾਲੀ ਸਰਕਲ ਦੀ ਸਬ ਡਵੀਜ਼ਨ ਟੈਕਨੀਕਲ 3 ਤੋਂ ਬਤੌਰ ਫੋਰਮੈਨ ਸੇਵਾ ਮੁਕਤ ਹੋਣ ਵਾਲੇ ਅਤੇ ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਰਜਿ. ਦੇ ਸੂਬਾ ਜਨਰਲ ਸਕੱਤਰ ਸੁਰਿੰਦਰਪਾਲ ਲਹੌਰੀਆਂ ਦੇ ਸਨਮਾਨ ਲਈ ਜਥੇਬੰਦੀ ਦੀ ਸਥਾਨਕ ਸਬ ਡਵੀਜ਼ਨ / ਡਵੀਜ਼ਨ ਅਤੇ ਸਰਕਲ ਕਮੇਟੀ ਦੀ ਲੀਡਰਸ਼ਿਪ ਨੇ ਸਰਕਲ ਪ੍ਰਧਾਨ ਮੋਹਨ ਸਿੰਘ ਗਿੱਲ ਦੀ ਅਗਵਾਈ ਹੇਠ ਪਾਵਰਕਾਮ ਦਫਤਰ ਵਿੱਚ ਬਹੁਤ ਹੀ ਸ਼ਾਨਦਾਰ ਸਮਾਗਮ ਦਾ ਆਯੋਜਨ ਕਰਕੇ ਸੁਰਿੰਦਰਪਾਲ ਲਹੌਰੀਆਂ ਨੂੰ ਏਟਕ ਜਥੇਬੰਦੀ ਨੂੰ ਬੁਲੰਦੀਆਂ 'ਤੇ ਚੁੱਕਣ ਲਈ ਘਾਲੀ ਲੰਮੀ ਘਾਲਣਾ ਬਦਲੇ ਅਤੇ ਪਰਵਾਰ ਵੱਲੋਂ ਲੰਮੇ ਸਫਰ ਵਿੱਚ ਦਿੱਤੇ ਸਹਿਯੋਗ ਲਈ ਉਹਨਾਂ ਦੀ ਪਤਨੀ ਕਵਲਜੀਤ ਕੌਰ , ਪਿਤਾ ਮਾਸਟਰ ਕਸ਼ਮੀਰ ਸਿੰਘ, ਬੇਟਾ ਇੰਜੀ: ਸੁਖਮਨਦੀਪ ਸਿੰਘ ਅਤੇ ਬੇਟੀ ਸ਼ੁਭਪ੍ਰੀਤ ਕੌਰ( ਡਾਕਟਰ) ਨੂੰ ਯਾਦਗਾਰੀ ਤੋਹਫੇ ਅਤੇ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ । ਇਸ ਸਨਮਾਨ ਸਮਾਰੋਹ ਵਿੱਚ ਵੱਡੀ ਗਿਣਤੀ ਵਿੱਚ ਇਕੱਤਰ ਹੋਏ ਸਮੂਹ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ



ਸਿੰਘ ਗੰਡੀਵਿੰਡ ਨੇ ਸੁਰਿੰਦਰਪਾਲ ਲਹੌਰੀਆਂ ਨਾਲ 38 ਸਾਲ ਪੁਰਾਣੀ ਸਾਂਝ ਦੀਆਂ ਯਾਦਾਂ ਨੂੰ ਤਾਜਾ ਕੀਤਾ। ਇਸ ਸਮਾਗਮ ਵਿੱਚ ਉਚੇਚੇ ਤੌਰ 'ਤੇ ਪਹੁੰਚੇ ਜਥੇਬੰਦੀ ਦੇ ਸਾਬਕਾ ਆਗੂ ਅਤੇ ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰ ਯੂਨੀਅਨ ਦੇ ਸੂਬਾ ਆਗੂ ਪੂਰਨ ਸਿੰਘ ਮਾੜੀਮੇਘਾ ਨੇ ਲਹੌਰੀਆ ਨਾਲ ਆਈ ਟੀ ਆਈ ਅਪ੍ਰੈਂਟਿਸ਼ਿਪ ਯੂਨੀਅਨ ਦੀ ਸਥਾਪਨਾ ਸਮੇਂ ਜਲੰਧਰ ਸਰਕਲ ਤੋਂ ਲੋਕਾਂ ਸੰਗ ਖੜਨ ਦੀ ਕੀਤੀ ਸ਼ੁਰੂਆਤ ਬਾਰੇ ਹਾਜ਼ਰੀਨ ਨੂੰ ਜਾਣੂ ਕਰਵਾਇਆ ।ਇਸ ਮੌਕੇ ਪੈਨਸ਼ਨ ਯੂਨੀਅਨ ਦੇ ਆਗੂ ਬਰਿਜ ਮੋਹਨ ਸਰਮਾਂ , ਜਥੇਬੰਦੀ ਦੇ ਸਾਬਕਾ ਸੂਬਾ ਜਨਰਲ ਸਕੱਤਰ ਅਤੇ ਪੈਨਸ਼ਨ ਯੂਨੀਅਨ ਦੇ ਆਗੂ ਜਗਦੀਸ਼ ਸਰਮਾਂ , ਬਲਵਿੰਦਰ ਕੁਮਾਰ , ਮੋਹਨ ਰਾਣਾ, ਸਤਪਾਲ , ਰਣਜੀਤ ਸਿੰਘ ਖਰੜ , ਜਗਮੋਹਨ ਸਿੰਘ ਹੰਡੇਸਰਾ, ਤਜਿੰਦਰ ਸਿੰਘ ਤੋਕੀ , ਟੀ ਐਸ ਯੂ ਦੇ ਡਵੀਜ਼ਨ ਪ੍ਰਧਾਨ ਸ਼ਿਵ ਮੂਰਤੀ , ਪੈਨਸ਼ਨਰ ਐਸੋਸੀਏਸ਼ਨ ਦੇ ਡਵੀਜ਼ਨ ਪ੍ਰਧਾਨ ਅਮਰੀਕ ਸਿੰਘ ਡੱਡੂ ਮਾਜਰਾ , ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ ਦੇ ਡਵੀਜ਼ਨ ਪ੍ਰਧਾਨ ਇੰਜੀ : ਬਲਪ੍ਰੀਤ ਸਿੰਘ ਦੇ ਇਲਾਵਾ ਵਧੀਕ ਨਿਗਰਾਨ ਇੰਜੀਨੀਅਰ ਤਰਨਜੀਤ ਸਿੰਘ , ਉਪ ਮੰਡਲ ਅਫਸਰਾਂ ਸ੍ਰੀਮਤੀ ਯਾਮਨੀ , ਅਮਨਪ੍ਰੀਤ ਮਾਵੀ , ਸਰਬਜੀਤ ਸਿੰਘ ਧੀਮਾਨ ਅਤੇ ਗੌਰਵ ਕੰਬੋਜ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।ਜਥੇਬੰਦੀ ਦੇ ਆਗੂਆਂ ਨੇ ਲਹੌਰੀਆ ਨੂੰ ਸੇਵਾ ਮੁਕਤੀ ਸਮੇਂ ਮਿਲਣ ਵਾਲੇ ਸਾਰੇ ਲਾਭਾਂ ਦੇ ਪੱਤਰ ਵੀ ਦਿੱਤੇ । ਸਮਾਗਮ ਦੇ ਅਖੀਰ ਵਿੱਚ ਸੁਰਿੰਦਰਪਾਲ ਲਹੌਰੀਆ ਨੇ ਜਥੇਬੰਦੀ ਦੀ ਸਮੁੱਚੀ ਆਗੂ ਟੀਮ ਅਤੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ।

# ਮਾਸਟਰ ਸ਼ਾਮ ਕੁਮਾਰ ਨੂੰ ਸੇਵਾ-ਮੁਕਤੀ 'ਤੇ ਵਿਦਾਇਗੀ ਪਾਰਟੀ

**ਕਾਲਾ ਸੰਘਿਆਂ (ਮਨਜੀਤ ਮਾਨ)** ਕਸਬਾ ਕਾਲ਼ਾ ਸੰਘਿਆਂ ਦੇ ਨਾਮੀ ਪਰਿਵਾਰ ਪੰਡਿਤ ਵਿਸ਼ਵਾਨਾਥ ਦੇ ਸਪੁੱਤਰ ਮਾਸਟਰ ਸ਼ਾਮ ਕੁਮਾਰ ਦੇ ਪਿੰਡ ਤੋਂਗਾਵਾਲਾ ਜ਼ਿਲ੍ਹਾ ਕਪੂਰਥਲਾ ਦੇ ਸਰਕਾਰੀ ਹਾਈ ਸਕੂਲ ਤੋਂ ਬਤੌਰ ਇੰਚਾਰਜ਼ ਸੇਵਾ ਮੁਕਤ ਹੋਣ ਤੇ ਸਕੂਲ ਸਟਾਫ਼, ਨਗਰ ਪੰਚਾਇਤ ਨਿਵਾਸੀਆਂ ਵੱਲੋਂ ਕਰਵਾਏ ਵਿਸ਼ੇਸ਼ ਸਮਾਗਮ ਦੌਰਾਨ ਵੱਖ ਵੱਖ ਸਕੂਲਾਂ ਦੇ ਅਧਿਆਪਕ ਅਤੇ ਮਾਸਟਰ ਸ਼ਾਮ ਕੁਮਾਰ ਦੇ ਪੁਰਾਣੇ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ। ਵੱਖ ਵੱਖ ਅਧਿਆਪਕਾਂ ਅਤੇ ਪਿੰਡ ਦੇ ਪਤਵੰਤੇ ਸੱਜਣਾਂ ਨੇ ਸੰਬੋਧਨ ਕਰਦਿਆਂ ਮਾਸਟਰ ਸ਼ਾਮ



ਕੁਮਾਰ ਵੱਲੋਂ ਨਿਭਾਈਆਂ ਲਾਮਿਸਾਲ ਸੇਵਾਵਾਂ ਅਤੇ ਬੱਚਿਆਂ ਨੂੰ ਕਿਤਾਬੀ ਸਿੱਖਿਆ ਦੇ ਨਾਲ਼ ਨਾਲ਼ ਨੈਤਿਕ ਕਦਰਾਂ ਕੀਮਤਾਂ ਦੀ ਬਾਰੇ ਦਿੱਤੀ ਸਿੱਖਿਆ ਦੀ ਸ਼ਲਾਘਾ ਕੀਤੀ। ਇਸ ਮੌਕੇ ਮਾਸਟਰ ਜੀ ਨੇ ਕਿਹਾ ਕਿ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਮੈਂ ਆਪਣੀ ਨੌਕਰੀ ਇਸੇ ਸਕੂਲ ਤੋਂ ਸ਼ੁਰੂ ਕੀਤੀ ਅਤੇ ਪਿੰਡ ਵਾਲਿਆਂ ਵੱਲੋਂ ਇੰਨਾ ਮਾਣ ਸਤਿਕਾਰ ਦਿੱਤਾ ਕਿ ਲਗਾਤਾਰ 27 ਸਾਲ 5 ਮਹੀਨੇ ਇਸੇ ਸਕੂਲ ਵਿੱਚ ਸੇਵਾ ਨਿਭਾ ਕੇ ਸੇਵਾ ਮੁਕਤ ਹੋ ਰਿਹਾ ਹਾਂ ਅਤੇ ਮੈਂ ਖ਼ੁਦ ਇਹ ਸਕੂਲ ਘਰ ਤੋਂ ਕਾਫ਼ੀ ਦੂਰ ਹੋਣ ਕਰਕੇ ਬਦਲੀ ਕਰਵਾਈ ਜਾਂ ਵਿਭਾਗ ਵੱਲੋਂ ਜਦੋਂ ਕਿਤੇ ਮੇਰੀ ਬਦਲੀ ਵੀ ਕੀਤੀ ਤਾਂ ਪਿੰਡ ਵਾਲਿਆਂ ਨੇ ਇਕੱਠੇ ਹੋ ਕੇ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਤੱਕ ਪਹੁੰਚ ਕਰਕੇ ਬੇਨਤੀ ਕੀਤੀ ਅਤੇ ਮੇਰੀ ਬਦਲੀ ਵੀ ਨਹੀਂ ਹੋਣ ਦਿੱਤੀ। ਮਾਸਟਰ ਸ਼ਾਮ ਕੁਮਾਰ ਨੇ ਸਮੂਹ ਸਟਾਫ਼ ਅਤੇ ਨਗਰ ਨਿਵਾਸੀਆਂ ਦਾ ਮਾਣ ਸਤਿਕਾਰ ਦੇਣ ਲਈ ਧੰਨਵਾਦ ਕੀਤਾ।ਮੰਚ ਸੰਚਾਲਕ ਦੀ ਭੂਮਿਕਾ ਸੰਦੀਪ ਕੁਮਾਰ ਪ੍ਰੈਸ ਸਕੱਤਰ ਮਾਸਟਰ ਕੇਡਰ ਯੂਨੀਅਨ ਅਤੇ ਲੈਕਚਰਾਰ ਵਿਨੋਦ ਅਰੋੜਾ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਰਾਕੇਸ਼ ਕੁਮਾਰ ਭਾਰਗਵ, ਪੰਡਿਤ ਰਾਜੇਸ਼ ਕੁਮਾਰ, ਚੰਦਰ ਸ਼ੇਖਰ, ਅਨੁਰਾਧਾ ਸ਼ਰਮਾ,ਪਲਕ ਸ਼ਰਮਾ, ਸਰਪੰਚ ਤਰਸੇਮ ਸਿੰਘ ਤੋਂਗਾਵਾਲਾ, ਸਾਬਕਾ ਸਰਪੰਚ ਇੰਦਰ ਸਿੰਘ, ਪ੍ਰਧਾਨ ਬਲਕਾਰ ਸਿੰਘ, ਗੁਲਜ਼ਾਰ ਸਿੰਘ, ਪਿਆਰਾ ਸਿੰਘ, ਕੁਲਦੀਪ ਸਿੰਘ, ਸਰਵਿੰਦਰ ਸਿੰਘ ਪੰਚ, ਸਮਾਜ ਸੇਵਕ ਮਨਜੀਤ ਸਿੰਘ ਸੋਹਲ, ਗੁਰਮੀਤ ਸਿੰਘ,ਜੋਗਾ ਸਿੰਘ, ਨੰਬਰਦਾਰ ਮਹਿੰਦਰ ਸਿੰਘ, ਦੇਬਾ ਸਿੰਘ, ਮਾਸਟਰ ਅਮਰਜੀਤ, ਜ਼ਿਲ੍ਹਾ ਪ੍ਰਧਾਨ ਅਧਿਆਪਕ ਦਲ ਸੁਖਦਿਆਲ ਸਿੰਘ ਝੰਡ, ਗੁਰਵਿੰਦਰ ਸਿੰਘ, ਸੰਤੋਖ ਸਿੰਘ ਮੱਲ੍ਹੀ, , ਕੰਵਲਜੀਤ ਕੌਰ ਨਿੱਝਰ, ਵਿਪਨ ਕੁਮਾਰ, ਮੁੱਖ ਅਧਿਆਪਕ ਬਲਜਿੰਦਰ ਸਿੰਘ, ਅਮਰਜੀਤ ਸਿੰਘ ਨਿੱਝਰ, ਮਨਜੀਤ ਸਿੰਘ, ਅਜੀਤਪਾਲ ਸਿੰਘ ਪੀ ਟੀ ਆਈ, ਮੈਡਮ ਪ੍ਰੀਤੀ, ਇੰਚਾਰਜ਼ ਮੀਨੂ ਅਰੋੜਾ, ਨਮਰਤਾ, ਕੁਸੁਮ ਲਤਾ, ਨਵਜੀਤ ਕੌਰ, ਦਿਲਬਾਗ ਸਿੰਘ, ਬੰਦਨਾ ਜੋਸ਼ੀ, ਵਿੱਕੀ ਆਦਿ ਹਾਜ਼ਰ ਸਨ।

# ਅਕਾਲ ਤਖ਼ਤ ਤੋਂ ਹੋਏ ਹੁਕਮਾਂ ਨੂੰ ਹਰ ਹਾਲਤ 'ਚ ਪੂਰਾ ਕੀਤਾ ਜਾਵੇਗਾ : ਭਰਤੀ ਕਮੇਟੀ

**ਨੂਰਮਹਿਲ, ਕਾਲਾ ਸੰਘਿਆਂ (ਬਾਲ ਕ੍ਰਿਸ਼ਨ ਬਾਲੀ , ਮਨਜੀਤ ਮਾਨ)** ਭਰਤੀ ਕਮੇਟੀ ਦੇ ਸਾਰੇ ਮੈਂਬਰਾਂ ਵੱਲੋਂ ਸਾਂਝੇ ਤੌਰ 'ਤੇ ਸਤਿਕਾਰਯੋਗ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਦਾ ਦਿੱਤੀ ਸੇਵਾ ਲਈ ਧੰਨਵਾਦ ਕੀਤਾ ਅਤੇ ਭਰੋਸਾ ਦਿਵਾਇਆ ਕਿ ਸਿੰਘ ਸਾਹਿਬ ਗਿਆਨੀ ਰਘੁਬੀਰ ਸਿੰਘ ਜੀ ਪਾਸੋਂ ਮਿਲੀ ਸੰਗਤੀ ਹੁਕਮਾਂ ਨੂੰ ਹਰ ਹੀਲੇ ਨੇਪਰੇ ਚਾੜ੍ਹਿਆ ਜਾਵੇਗਾ, ਦੋ ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਫ਼ਸੀਲ ਤੋਂ ਜਿਹੜੇ ਹੁਕਮ ਹੋਏ ਸਨ, ਜਿਨ੍ਹਾਂ ਤਹਿਤ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਹਿਤ ਨਵੀਂ ਭਰਤੀ ਕਰਨ ਲਈ ਸੱਤ ਮੈਂਬਰੀ ਭਰਤੀ ਕਮੇਟੀ ਨੂੰ ਬਣਾਇਆ ਗਿਆ ਸੀ, ਕਮੇਟੀ ਦੇ ਕਾਰਜਸ਼ੀਲ ਪੰਜ ਮੈਂਬਰਾਂ ਜਥੇ: ਸੰਤਾ ਸਿੰਘ ਉਮੈਦਪੁਰੀ, ਮਨਪ੍ਰੀਤ ਸਿੰਘ ਇਯਾਲੀ, ਇਕਬਾਲ ਸਿੰਘ ਝੂੰਦਾ, ਜਥੇ: ਗੁਰਪ੍ਰਤਾਪ ਸਿੰਘ ਵਡਾਲਾ ਅਤੇ ਬੀਬੀ ਸਤਵੰਤ ਕੌਰ ਵਲੋ ਜਾਰੀ ਬਿਆਨ ਵਿੱਚ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫ਼ਸੀਲ ਤੇ ਹੋਏ ਹਰ ਹੁਕਮ ਨੂੰ ਮੰਨਣਾ ਹਰ ਸਿੱਖ ਦਾ ਨਾ ਸਿਰਫ ਫਰਜ ਹੈ ਸਗੋ ਇਸ ਤੇ ਪਹਿਰਾ ਦੇਣਾ ਵੀ ਨੈਤਿਕ ਜ਼ਿੰਮੇਵਾਰੀ ਹੈ। ਕਮੇਟੀ ਦੇ ਮੈਂਬਰਾਂ ਨੇ ਕਿਹਾ ਕਿ ਇਸ ਤੋਂ ਪਹਿਲਾਂ ਭਰਤੀ ਕਮੇਟੀ ਦੀ ਭੂਮਿਕਾ ਅਤੇ ਕਾਰਜ ਨੂੰ ਲੈਕੇ ਮੀਟਿੰਗਾਂ ਦਾ ਦੌਰ ਵੀ ਚੱਲਿਆ ਜਿਸ ਤੇ ਆਮ ਅਤੇ ਸਾਂਝਾ ਰਾਇ ਬਣਾਉਣ ਦੀ ਕੋਸ਼ਿਸ਼ ਰਹੀ, ਜਿਸ ਦੀ ਪੂਰੀ ਰਿਪੋਰਟ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਭੇਜੀ ਗਈ ਸੀ। ਉਸੇ ਰਿਪੋਰਟ ਦੇ ਆਧਾਰ ਤੇ ਅੱਜ ਸਿੰਘ ਸਾਹਿਬ ਵਲੋ ਹੁਕਮ ਸੁਣਾਏ ਗਏ ਹਨ, ਜਿਹਨਾਂ ਵਿੱਚ ਮੁੱਖ ਤੌਰ ਤੇ ਭਰਤੀ ਕਰਨ ਦੇ ਹੁਕਮ ਹਨ, ਓਹਨਾ ਨੂੰ ਹਰ ਹਾਲਤ ਵਿੱਚ ਪੂਰਾ ਕੀਤਾ ਜਾਵੇਗਾ।ਜਾਰੀ ਬਿਆਨ ਵਿੱਚ ਮੈਬਰਾਂ ਨੇ



ਕਿਹਾ ਕਿ ਭਰਤੀ ਕਮੇਟੀ ਪੂਰਨ ਇਮਾਨਦਾਰੀ, ਸਮਰਪਿਤ ਭਾਵਨਾ ਅਤੇ ਸਮੁੱਚੀਆਂ ਪੰਥਕ ਧਿਰਾਂ ਨੂੰ ਇਕੱਠਾ ਕਰਕੇ ਅਕਾਲੀ ਵਰਕਰਾਂ ਦੀ ਇੱਛਾ ਦੀ ਤਰਜਮਾਨੀ ਕਰੇਗੀ ਅਤੇ ਹਰ ਪਿੰਡ ਹਰ ਕਸਬੇ ਤੱਕ ਪਹੁੰਚ ਕਰਕੇ ਵੱਡੀ ਪੱਧਰ ਤੇ ਭਰਤੀ ਕਰੇਗੀ।ਜਾਰੀ ਬਿਆਨ ਵਿੱਚ ਭਰਤੀ ਕਮੇਟੀ ਮੈਬਰਾਂ ਨੇ ਕਿਹਾ ਕਿ ਭਰਤੀ ਦੀ ਅਗਲੀ ਰੂਪ ਰੇਖਾ ਉਲੀਕਣ ਲਈ ਮੰਗਲਵਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਉਪਰੰਤ ਅਹਿਮ ਮੀਟਿੰਗ ਸ੍ਰੀ ਅਮ੍ਰਿਤਸਰ ਸਾਹਿਬ ਰੱਖੀ ਗਈ ਹੈ, ਜਿਸ ਵਿੱਚ ਪੂਰਾ ਖਾਕਾ ਤਿਆਰ ਕਰਨ ਦੀ ਪਹਿਲਕਦਮੀ ਹੋਏਗੀ।

# ਜੱਪਜੋਤ ਕੌਰ ਸੂਰੀ ਨੇ ਸੋਨੇ ਦਾ ਮੈਡਲ ਜਿੱਤਿਆ

**ਬਲਾਚੌਰ (ਜਸਵਿੰਦਰ ਬੈਂਸ)** —ਨਗਰ ਲੋਹਟ ਦੀ ਹੋਣਹਾਰ ਬੱਚੀ ਜੱਪਜੌਤ ਕੌਰ ਸੂਰੀ ਨੇ ਐਥਲੈਟਿਕਸ ਐਸੋਸੀਏਸ਼ਨ ਆਫ ਪੰਜਾਬ ਵਲੋਂ ਗੁਰੂ ਨਾਨਕ ਦੇਵ ਸਟੇਡੀਅਮ ਲੁਧਿਆਣਾ



ਵਿਖੇ ਕਰਵਾਈ ਰਾਜ ਪੱਧਰੀ 20ਵੀਂ ਓਪਨ ਪੰਜਾਬ 18 ਵਰਗ ਯੂਥ ਐਥਲੈਟਿਕਸ ਚੈਪੀਅਨਸ਼ਿਪ ਵਿੱਚ ਉੱਚੀ ਛਾਲ ਐਥਲੈਟਿਕਸ ਮੁਕਾਬਲਿਆਂ ਵਿੱਚ ਸੋਨੇ ਦਾ ਮੈਡਲ ਜਿੱਤ ਕੇ ਤਹਿਸੀਲ ਬਲਾਚੌਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਮਾਨ ਵਧਾਇਆ ਹੈ। ਇਸ ਤੋਂ ਪਹਿਲਾਂ ਵੀ ਜੱਪਜੌਤ ਕੌਰ ਸੂਰੀ ਨੇ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਵੀ ਸੋਨੇ ਦੇ ਮੈਡਲ ਜਿੱਤ ਕੇ ਆਪਣਾ ਤੇ ਆਪਣੇ ਮਾਂ-ਬਾਪ ਦਾ ਨਾਂਅ ਰੋਸ਼ਨ ਕੀਤਾ ਹੈ।

# ਚੌਕੀਆਂ ਦਾ ਤਿੰਨ ਰੋਜ਼ਾ ਵਾਲੀਬਾਲ ਤੇ ਕਬੱਡੀ ਟੂਰਨਾਮੈਂਟ ਸ਼ੁਰੂ

**ਤਲਵੰਡੀ ਚੌਧਰੀਆਂ ( ਨਵ ਕਿਰਨ/ ਭੋਲਾ )** ਸਖੀ ਸਰਵਰ ਲਾਲਾਂ ਵਾਲਾ ਪੀਰ ਦੀ ਯਾਦ ਨੂੰ ਸਮਰਪਿਤ ਚੌਕੀਆਂ ਦੇ ਜੋੜ ਮੇਲੇ 'ਤੇ ਕਰਵਾਏ ਜਾ ਰਹੇ ਤਿੰਨ ਰੋਜ਼ਾ ਵਾਲੀਬਾਲ ਅਤੇ ਕਬੱਡੀ ਟੂਰਨਾਮੈਂਟ ਦੀ ਆਰੰਭਤਾ ਅੱਜ ਜੂਨੀਅਰ ਵਾਲੀਬਾਲ ਦੇ ਮੈਚਾਂ ਨਾਲ ਹੋਈ।ਟੂਰਨਾਮੈਂਟ ਦਾ ਉਦਘਾਟਨ ਲਾਲਾਂ ਵਾਲਾ ਪੀਰ ਟੂਰਨਾਮੈਂਟ ਪ੍ਰਬੰਧਕ ਕਮੇਟੀ ਤਲਵੰਡੀ ਚੌਧਰੀਆਂ ਦੇ ਚੇਅਰਮੈਨ ਸਰਪੰਚ ਬਲਵਿੰਦਰ ਸਿੰਘ ਲੱਡੂ ਪ੍ਰਧਾਨ, ਗ੍ਰਾਮ ਪੰਚਾਇਤ, ਟੂਰਨਾਮੈਂਟ ਪ੍ਰਬੰਧਕ ਕਮੇਟੀ ਮੈਂਬਰ



ਅਤੇ ਐਨਆਰਆਈ ਵੀਰਾਂ ਨੇ ਸਾਂਝੇ ਤੌਰ 'ਤੇ ਕੀਤਾ। ਅੱਜ ਦੇ ਹੋਏ ਮੁਕਾਬਲਿਆਂ ਵਿੱਚ ਲੁਧਿਆਣਾ, ਤਲਵੰਡੀ ਚੌਧਰੀਆਂ, ਰੌਲੀ, ਵੇਈ ਪੂਈ, ਡੌਲਾ ਅਤੇ ਭੰਡਾਲ ਬੇਟ ਨੇ ਆਪਣੇ ਪਹਿਲੇ ਰਾਊਂਡ ਦੇ ਮੈਚਾਂ ਵਿੱਚ ਆਪਣੇ ਵਿਰੋਧੀਆਂ ਨੂੰ ਹਰਾਇਆ। ਵਾਲੀਬਾਲ ਦੇ ਖਿਡਾਰੀਆਂ ਦੀ ਖੇਡ ਤੋਂ ਖੁਸ਼ ਹੋ ਕੇ ਐਨ ਆਰ ਆਈ ਵੀਰ ਜਸਜੀਤ ਸਿੰਘ ਸ਼ਹਿਰੀਆ ਅਤੇ ਰਾਜਨ ਤਲਵੰਡੀ ਨੇ ਖਿਡਾਰੀਆਂ ਦੀ ਹੌਂਸਲਾ ਅਫਜਾਈ ਕੀਤੀ ਇਸ ਮੌਕੇ ਤੇ ਚੇਅਰਮੈਨ ਸਰਪੰਚ ਬਲਵਿੰਦਰ ਸਿੰਘ ਲੱਡੂ ਪ੍ਰਧਾਨ, ਮਨਜੀਤ ਸਿੰਘ ਲਾਲੀ, ਹਰਪ੍ਰੀਤ ਸਿੰਘ ਰੀਡਰ, ਵਿਕਾਸ ਲਵ ਰਾਇਲ ਜਿਮ, ਜੀਤ ਸਿੰਘ ਚਲੱਧੀਆ, ਜਸਵਿੰਦਰ ਸਿੰਘ ਸੋਨੂ ਤੁੜ, ਕੁਲਦੀਪ ਸਿੰਘ ਚੰਦੀ, ਜਸਜੀਤ ਸਿੰਘ ਸ਼ਹਿਰੀਆਂ ਸਪੇਨ, ਕੁਲਦੀਪ ਸਿੰਘ ਚੰਦੀ ਯੂਐਸਏ, ਸਰਵਣ ਸਿੰਘ ਬਾਵਾ ਜੋਸਨ, ਯਾਦਵਿੰਦਰ ਸਿੰਘ ਓਠੀ, ਵੀਰਪਾਲ ਕੋਚ, ਬਲਦੇਵ ਸਿੰਘ ਦੇਬੂ, ਸਤਨਾਮ ਸਿੰਘ ਸੁਆਮੀ, ਰੇਸ਼ਮ ਸਿੰਘ ਰੌਣਕੀ, ਜੋਗਾ ਸਿੰਘ, ਜਤਿੰਦਰ ਸਿੰਘ ਡਿਪਟੀ, ਚਮਨ ਸਿੰਘ, ਸਰਬਜੀਤ ਸਿੰਘ ਸ਼ਬਾ ਆਦਿ ਨੇ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ।

# ਲੋਹੀਆਂ ਪੱਤਰਕਾਰ ਭਾਈਚਾਰੇ ਨੂੰ ਸਦਮਾ, ਮਨਜੀਤ ਸਿੰਘ ਪੱਤਰਕਾਰ ਤੇ ਕੌਂਸਲਰ ਦੀ ਹਾਰਟ ਅਟੈਕ ਨਾਲ ਮੌਤ

**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)** : ਲੋਹੀਆਂ ਪੱਤਰਕਾਰ ਭਾਈਚਾਰੇ ਨੂੰ ਉਸ ਸਮੇਂ ਸਦਮਾ ਲੱਗਾ ਜਦੋਂ ਸੀਨੀਅਰ ਪੱਤਰਕਾਰ ਤੇ ਕੌਂਸਲਰ ਮਨਜੀਤ ਸਿੰਘ (42) ਦੀ ਹਾਰਟ ਅਟੈਕ ਆਉਣ ਨਾਲ ਮੌਤ ਹੋ ਗਏ,। ਜਿਸ ਕਾਰਨ ਲੋਹੀਆਂ ਖਾਸ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ। ਉਹ ਆਪਣੇ ਪਿੱਛੇ ਪਤਨੀ ਰਾਜਵੰਤ ਕੌਰ ਨੂੰ ਛੱਡ ਗਏ ਹਨ। ਜਾਣਕਾਰੀ ਅਨੁਸਾਰ ਮਨਜੀਤ ਸਿੰਘ ਆਪਣੇ ਘਰ ਦੇ ਉੱਪਰ ਬਣੇ ਕਮਰੇ 'ਚ ਜਿਮ ਕਰ ਰਹੇ ਸਨ। ਜਦੋਂ ਕਾਫ਼ੀ ਲੰਮਾਂ ਸਮਾਂ ਵਾਪਸ ਨਾ ਆਏ ਤਾਂ ਪਤਨੀ ਰਾਜਵੰਤ ਕੌਰ ਨੇ ਆਵਾਜਾਂ ਮਾਰੀਆਂ, ਪਰ ਕੋਈ ਜਵਾਬ ਨਾ ਮਿਲਣ 'ਤੇ ਉਨ੍ਹਾਂ ਨੇ ਆਪਣੀ ਭਤੀਜੀ ਨੂੰ ਮਨਜੀਤ ਸਿੰਘ ਨੂੰ ਲੈ ਕੇ ਆਉਣ ਲਈ ਕਿਹਾ। ਜਦੋਂ ਭਤੀਜੀ ਕਮਰੇ 'ਚ ਪੁੱਜੀ ਤਾਂ ਉਸ ਨੇ ਮਨਜੀਤ ਸਿੰਘ ਨੂੰ ਡਿੱਗਿਆ ਦੇਖਿਆ। ਫੌਰਨ ਡਾਕਟਰ ਨੂੰ ਸੱਦਿਆ ਗਿਆ। ਡਾਕਟਰ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੱਤਰਕਾਰ ਮਨਜੀਤ ਸਿੰਘ ਬਹੁਤ ਹੀ ਪਿਆਰਾ ਤੇ ਹਸਮੁੱਖ ਤੇ ਮਿਲਣਸਾਰ ਵਿਅਕਤੀ ਸੀ। ਮਨਜੀਤ ਸਿੰਘ ਦਾ ਅੰਤਿਮ ਸੰਸਕਾਰ ਲੋਹੀਆਂ ਖਾਸ ਦੇ ਸ਼ਿਵਪੁਰੀ ਸ਼ਮਸ਼ਾਨਘਾਟ ਵਿੱਚ ਕਰ ਦਿੱਤਾ ਗਿਆ ਹੈ। ਪੱਤਰਕਾਰ ਮਨਜੀਤ ਸਿੰਘ ਦੇ



ਸੰਸਕਾਰ ਮੌਕੇ ਸਭ ਦੀਆਂ ਅੱਖਾਂ ਨਮ ਸੀ। ਪੱਤਰਕਾਰ ਮਨਜੀਤ ਸਿੰਘ ਇਨ੍ਹਾਂ ਚੰਗਾ ਵਿਅਕਤੀ ਸੀ। ਜਿਸ ਦੇ ਅੰਤਿਮ ਸੰਸਕਾਰ ਤੇ ਪੂਰਾ ਸ਼ਮਸ਼ਾਨਘਾਟ ਦੁੱਖ ਸਾਂਝਾ ਕਰਨ ਵਾਲੇ ਵਿਅਕਤੀਆਂ ਤੇ ਔਰਤਾਂ ਨਾਲ ਭਰਿਆ ਹੋਇਆ ਸੀ। ਪੱਤਰਕਾਰ ਮਨਜੀਤ ਸਿੰਘ ਨਮਿਤ ਅੰਤਿਮ ਅਰਦਾਸ 10 ਮਾਰਚ ਦਿਨ ਸੋਮਵਾਰ ਨੂੰ 12:00 ਤੋਂ 01:00 ਤੱਕ ਗੁਰਦੁਆਰਾ ਸਿੰਘ ਸਭਾ ਲੋਹੀਆਂ ਖਾਸ ਵਿਖੇ ਹੋਵੇਗੀ। ਇਸ ਮੌਕੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਆਏ ਡੀ ਐਸ ਪੀ ਸ਼ਾਹਕੋਟ ਓਂਕਾਰ ਸਿੰਘ ਬਰਾੜ, ਪਿੰਡ ਪੰਡੋਰੀ ਹਲਕਾ ਇੰਚਾਰਜ ਸ਼ਾਹਕੋਟ (ਆਪ) ਤੇ ਬਚਿੱਤਰ ਸਿੰਘ ਕੋਹਾੜ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਵੱਲੋਂ ਭਰਾ ਪਰਮਜੀਤ ਸਿੰਘ ਪੰਮਾ, ਤੇ ਚਰਨਜੀਤ ਸਿੰਘ ਨਾਲ ਦੁੱਖ ਸਾਂਝਾ ਕੀਤਾ। ਅੰਤਿਮ ਸੰਸਕਾਰ ਮੌਕੇ ਉਨ੍ਹਾਂ ਦੀ ਪਤਨੀ ਰਜਵੰਤ ਕੌਰ ਅਤੇ ਭਰਾ ਚਰਨਜੀਤ ਸਿੰਘ, ਭਰਾ ਪਰਮਜੀਤ ਸਿੰਘ ਪੰਮਾ ਨਾਲ ਦੁੱਖ ਦਾ ਪ੍ਰਗਟਾਵਾ ਕਰਨ ਵਾਲਿਆਂ 'ਚ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ, ਬਾਬਾ ਸੁਰਜੀਤ ਸਿੰਘ ਸ਼ੰਟੀ ਸੀਚੇਵਾਲ, ਸ਼ਾਹਕੋਟ ਦੇ ਡੀ.ਐਸ. ਓਂਕਾਰ ਸਿੰਘ ਬਰਾੜ, ਲੋਹੀਆਂ ਦੇ ਥਾਣਾ ਮੁਖੀ ਇੰਸਪੈਕਟਰ ਲਾਭ ਸਿੰਘ, ਆਮ ਆਦਮੀ ਪਾਰਟੀ ਦੇ ਇੰਚਾਰਜ ਪਰਮਿੰਦਰ ਸਿੰਘ ਪਿੰਦਰ ਪੰਡੋਰੀ, ਅਕਾਲੀ ਦਲ ਦੇ ਇੰਚਾਰਜ ਐਡਵੋਕੇਟ ਬਚਿੱਤਰ ਸਿੰਘ ਕੋਹਾੜ, ਲੋਹੀਆਂ ਦੇ ਚੇਅਰਮੈਨ ਸਰਬਜੀਤ ਸਿੰਘ ਸਾਬ, ਬਲਾਕ ਕਾਂਗਰਸ ਪ੍ਰਧਾਨ ਗੁਰਪਾਲ ਸਿੰਘ ਜੱਕੋਪੁਰ, ਐਡਵੋਕੇਟ ਗੁਰਪ੍ਰੀਤ ਸਿੰਘ ਜੱਕੋਪੁਰ, ਮਾਤਾ ਕਮਲੇਸ਼ ਜੀ, ਨਗਰ ਪੰਚਾਇਤ ਦੇ ਈ.ਓ. ਬਲਜੀਤ ਸਿੰਘ ਬਿਲਗਾ, ਸਾ. ਪ੍ਰਧਾਨ ਸ਼ਬਾਜ਼ ਸਿੰਘ ਥਿੰਦ, ਸਾ. ਪ੍ਰਧਾਨ ਸਾਹਿਬ ਸਿੰਘ, ਨੰਬਰਦਾਰ ਅਵਤਾਰ ਸਿੰਘ, ਸਰਪੰਚ ਜਸਬੀਰ ਸਿੰਘ ਛਾਬੜਾ, ਜਥੇਦਾਰ ਗੁਰਨਾਮ ਸਿੰਘ ਖਾਲਸਾ, ਸਾ. ਚੇਅਰਮੈਨ ਸੁਰਜੀਤ ਸਿੰਘ ਨਿਹਾਲੂਵਾਲ, ਜਸਵਿੰਦਰ ਸਿੰਘ ਲੋਹੀਆਂ, ਭਾਜਪਾ ਆਗੂ ਸ਼ੰਮੀ ਖੈੜਾ, ਮਾ. ਧਰਮਪਾਲ, ਆਪ ਆਗੂ ਡਾ. ਹਰਜੀਤ ਸਿੰਘ ਭੰਗੂ, ਸਲਿੰਦਰਪਾਲ ਸਿੰਘ, ਪੀ.ਏ. ਪਰਮਿੰਦਰ ਸਿੰਘ, ਅਜਾਦਵੀਰ ਸਿੰਘ ਜੰਮੂ, ਨਦਰਿ ਕਰਮਿ ਸੇਵਾ ਦਲ ਦੇ ਸਤਿੰਦਰ ਸਿੰਘ ਖਾਲਸਾ, ਦਵਿੰਦਰ ਸਿੰਘ ਬਿੱਲਾ, ਦਰਸ਼ਨ ਸਿੰਘ ਅਲਮਾਰੀਆਂ ਵਾਲੇ, ਕੁਲਦੀਪ ਸਿੰਘ ਮਰੋਕ, ਮਾ. ਕਰਮ ਚੰਦ ਸ਼ਰਮਾ, ਮਾ. ਪਰਮਿੰਦਰ ਸਿੰਘ, ਮਾ. ਨਿਰਮਲ ਸਿੰਘ, ਮਾ. ਰਵੀ ਸ਼ੰਕਰ ਸ਼ਰਮਾ, ਪੰਚਾਇਤ ਅਫਸਰ ਰੁਪੇਸ਼ ਸੱਦੀ, ਮੋਨੂੰ ਸ਼ਾਹ, ਰੋਟਰੀ ਪ੍ਰਧਾਨ ਜਗੀਰ ਸਿੰਘ ਥਿੰਦ, ਬਲਜੀਤ ਸਿੰਘ ਥਿੰਦ, ਫੁਲਵਾੜੀ ਮੈਨੇਜਰ ਜਗੀਰ ਜੋਸਨ, ਜੇ.ਪੀ.ਐੱਸ. ਪ੍ਰਿੰਸੀਪਲ ਤਿਲਕ ਰਾਜ, ਐੱਮ.ਡੀ. ਕੁਲਵਿੰਦਰ ਕੌਰ, ਜਰਨੈਲ ਸਿੰਘ ਜੰਮੂ, ਸੰਤੋਖ ਸਿੰਘ ਸਮੇਤ ਹੋਰ ਕੌਂਸਲਰ ਤੇ ਸ਼ਹਿਰ ਵਾਸੀ ਤੇ ਲੋਹੀਆਂ ਪੱਤਰਕਾਰ ਭਾਈਚਾਰਾ ਹਜ਼ਾਰ ਸੀ।

# ਮਾਘੀ ਫੁੱਟਬਾਲ ਟੂਰਨਾਮੈਂਟ ਪਲਾਹੀ ਵਿਖੇ ਆਰੰਭ



**ਫਗਵਾੜਾ, ( ਡਾ. ਰਮਨ, ਢੱਡਾ )** ਸ੍ਰੀ ਗੁਰੂ ਹਰਿ ਰਾਇ ਫੁੱਟਬਾਲ ਅਕੈਡਮੀ ਅਤੇ ਗ੍ਰਾਮ ਪੰਚਾਇਤ ਵੱਲੋਂ ਕਰਵਾਏ ਜਾ ਰਹੇ ਮਾਘੀ ਟੂਰਨਾਮੈਂਟ ਦਾ ਉਦਘਾਟਨ ਸੁਮਨ ਸਿੰਘ ਸੱਲ, ਰਜਿੰਦਰ ਸਿੰਘ ਬਸਰਾ ਅਤੇ ਦਰਬਾਰਾ ਸਿੰਘ ਸਾਬਕਾ ਸਰਪੰਚ ਪਲਾਹੀ ਵੱਲੋਂ ਕੀਤਾ ਗਿਆ। ਤਿੰਨ ਦਿਨਾ ਚੱਲ ਰਹੇ ਇਸ ਟੂਰਨਾਮੈਂਟ ਵਿੱਚ ਮਹੇੜੂ, ਪਲਾਹੀ, ਅਕਾਲਗੜ੍ਹ, ਹਦੀਆਬਾਦ, ਮਲਕਪੁਰ, ਖੁਰਮਪੁਰ, ਸੀਕਰੀ, ਬਾਘਾਣਾ, ਦਾਦੂਵਾਲ, ਭੁੱਲਾਰਾਈ, ਮਾਣਕਾ, ਸਲੇਮਪੁਰ, ਮੇਹਟੀਆਣਾ ਆਦਿ ਪਿੰਡਾਂ ਦੀਆਂ 16 ਟੀਮਾਂ ਹਿੱਸਾ ਲੈਣਗੀਆਂ ਅਤੇ ਟੂਰਨਾਮੈਂਟ ਦਾ ਫਾਈਨਲ ਮੈਚ ਤਿੰਨ ਮਾਰਚ ਨੂੰ ਸ਼ਾਮ 4 ਵਜੇ ਹੋਏਗਾ। ਟੂਰਨਾਮੈਂਟ ਦੇ ਮੁੱਖ ਪ੍ਰਬੰਧਕ ਬਲਵਿੰਦਰ ਸਿੰਘ ਫੋਰਮੈਨ ਨੇ ਦੱਸਿਆ ਕਿ ਉਦਘਾਟਨੀ ਮੈਚ ਸਮੇਂ ਰਵੀਪਾਲ ਪ੍ਰਧਾਨ, ਰਵੀ ਸੱਗੂ ਮੀਤ ਪ੍ਰਧਾਨ, ਪੀਟਰ ਕੁਮਾਰ ਮੀਤ ਪ੍ਰਧਾਨ, ਸੁਰਜਨ ਸਿੰਘ ਨੰਬਰਦਾਰ, ਸੁਖਵਿੰਦਰ ਸਿੰਘ ਸੱਲ ਮੁੱਖ ਸਲਾਹਕਾਰ, ਗੁਰਮੁੱਖ ਸਿੰਘ ਡੋਲ, ਹਰਮੇਲ ਸਿੰਘ ਸੱਲ, ਗੁਰਚਰਨ ਸਿੰਘ ਪੰਚ, ਮਦਨ ਲਾਲ ਸਾਬਕਾ ਪੰਚ, ਕੁਲਵਿੰਦਰ ਸਿੰਘ ਸੱਲ, ਮੰਗਲ ਹੁਸੈਨ ਰਜਿੰਦਰ ਗੌਤਮ, ਸੋਮ ਪ੍ਰਕਾਸ਼ ਹਾਜ਼ਰ ਹੋਏ।

# ਸਾਂਝ ਕੇਂਦਰ ਨੇ ਲਗਾਇਆ ਨਸ਼ਿਆਂ ਵਿਰੁੱਧ ਵਿਸ਼ੇਸ਼ ਸੈਮੀਨਾਰ



**ਬਲਾਚੌਰ ( ਜਸਵਿੰਦਰ ਬੈਂਸ)**- ਮੁਕੇਸ਼ ਕੁਮਾਰ ਏ ਐਸ ਆਈ, ਮਨੋਹਰ ਲਾਲ ਇੰਚਾਰਜ ਸਾਂਝ ਕੇਂਦਰ ਬਲਾਚੌਰ ਵੱਲੋਂ ਸਮੁੱਚੀ ਟੀਮ ਸਮੇਤ ਨਸ਼ਿਆਂ ਦੀ ਰੋਕਥਾਮ ਸਬੰਧੀ ਵਿਸ਼ੇਸ਼ ਸੈਮੀਨਾਰ ਲਗਾਇਆ ਗਿਆ। ਇਸ ਦੌਰਾਨ ਜਿਥੇ ਆਮ ਪਬਲਿਕ ਨੂੰ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਗਈ ਉਥੇ ਪੰਜਾਬ ਪੁਲਸ ਵਲੋਂ ਪਬਲਿਕ ਲਈ ਜਾਰੀ ਕੀਤੇ ਪੁਲਸ ਹੈਲਪ-ਲਾਈਨ ਨੰਬਰਾਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਐਮਰਜੈਂਸੀ ਸਮੇਂ ਪੁਲਸ ਦੀ ਮਦਦ ਲੈਣ ਬਾਰੇ ਜਾਣਕਾਰੀ ਦਿੱਤੀ ਗਈ।ਇਸ ਤੋਂ ਇਲਾਵਾ ਸਾਈਬਰ ਕ੍ਰਾਈਮ ਤੋਂ ਸੁਚੇਤ ਰਹਿਣ ਅਤੇ ਸ਼ੋਸ਼ਲ ਮੀਡੀਆ ਦੀ ਸਹੀ ਵਰਤੋਂ ਸਬੰਧੀ ਵੀ ਜਾਗਰੂਕ ਕੀਤਾ ਗਿਆ। ਇਸ ਮੌਕੇ ਐਚ ਸੀ ਰਾਹੁਲ ਕੁਮਾਰ, ਜਸਵਿੰਦਰ ਕੁਮਾਰ ਸਾਂਝ ਕੇਂਦਰ ਬਲਾਚੌਰ ਆਦਿ ਹਾਜ਼ਰ ਸਨ।

# ਸੰਗ ਦੀਆਂ ਸੰਗਤਾਂ ਲਈ ਲੰਗਰ



**ਅੱਡਾ ਸਰਾਂ (ਜਸਵੀਰ ਕਾਜਲ )**- ਡੇਰਾ ਬਾਬਾ ਨਾਨਕ ਪਾਵਨ ਚੋਲਾ ਸਾਹਿਬ ਨੂੰ ਪਿੰਡ ਖਡਿਆਲਾ ਸੈਣੀਆਂ ਤੋਂ ਆਰੰਭ ਹੋਈ ਜਥੇਦਾਰ ਰਣਧੀਰ ਸਿੰਘ ਦੀ ਅਗਵਾਈ ਵਿੱਚ ਪੈਦਲ ਸੰਗ ਯਾਤਰਾ ਦਾ ਅੱਡਾ ਸਰਾਂ ਵਿਖੇ ਪਹੁੰਚਣ ਤੇ ਫੁੱਲਾਂ ਦੀ ਵਰਖਾ ਕਰਦੇ ਹੋਏ ਭਰਮਾ ਸਵਾਗਤ ਕੀਤਾ ਗਿਆ। ਇਸ ਮੌਕੇ ਬਾਬਾ ਬਿਸ਼ਨ ਸਿੰਘ ਜੀ ਕੰਧਾਲਾ ਜੱਟਾਂ ਲੰਗਰ ਕਮੇਟੀ ਅੱਡਾ ਸਰਾਂ ਅਤੇ ਹੋਰ ਨਜ਼ਦੀਕੀ ਪਿੰਡਾਂ ਦੀਆਂ ਸੰਗਤਾਂ ਵੱਲੋਂ ਚਾ ਪਕੌੜੇ ਮਿਠਆਈਆਂ, ਫਲਾਂ, ਪੂੜੀਆਂ ਤੇ ਛੋਲੇ ਆਦਿ ਦੇ ਲੰਗਰ ਲਗਾਏ ਗਏ।

# ਮਲਕੀਤ ਸਿੰਘ ਪੁਰੇਵਾਲ ਯਾਦਗਾਰੀ ਖੇਡ ਮੇਲਾ ਸ਼ਾਨੋ-ਸ਼ੌਕਤ ਨਾਲ ਸੰਪੰਨ

**ਫਗਵਾੜਾ (ਇੰਦਰਜੀਤ ਸਿੰਘ ਮਠਾੜੂ )** ਸਵ. ਮਲਕੀਤ ਸਿੰਘ ਪੁਰੇਵਾਲ (ਅੰਤਰਰਾਸ਼ਟਰੀ ਕਬੱਡੀ ਖਿਡਾਰੀ ਅਤੇ ਪਹਿਲਵਾਨ) ਨੂੰ ਸਮਰਪਿਤ 28ਵਾਂ ਸਾਲਾਨਾ ਪੁਰੇਵਾਲ ਖੇਡ ਮੇਲਾ ਸਮੂਹ ਪੁਰੇਵਾਲ ਭਰਾਵਾਂ ਅਤੇ ਪੁਰੇਵਾਲ ਸਪੋਰਟਸ ਕਲੱਬ ਵੱਲੋਂ ਸਵ. ਹਰਬੰਸ ਸਿੰਘ ਪੁਰੇਵਾਲ ਦੀ ਯਾਦ ਵਿਚ ਨਿਰੰਜਨ ਸਿੰਘ ਮੈਮੋਰੀਅਲ ਖੇਡ ਸਟੇਡੀਅਮ ਪਿੰਡ ਜਗਤਪੁਰ ਵਿਖੇ ਕਰਵਾਇਆ ਗਿਆ। ਐਨ ਆਰ ਆਈ ਵੀਰਾਂ ਦੇ ਵਿਸ਼ੇਸ਼ ਸਹਿਯੋਗ ਨਾਲ ਕਰਵਾਏ ਗਏ ਇਸ ਦੋ ਰੋਜ਼ਾ ਖੇਡ ਮੇਲੇ ਦੀ ਆਰੰਭਤਾ ਅਰਦਾਸ ਉਪਰੰਤ ਸਵ. ਮਲਕੀਤ ਸਿੰਘ ਪੁਰੇਵਾਲ ਅਤੇ ਸਵ. ਹਰਬੰਸ ਸਿੰਘ ਪੁਰੇਵਾਲ ਨੂੰ ਸ਼ਰਧਾਂਜਲੀ ਭੇਟ ਕਰਕੇ ਕੀਤੀ ਗਈ।ਖੇਡ ਮੇਲੇ ਵਿਚ ਕੁਸ਼ਤੀ, ਰੱਸਾਕਸ਼ੀ ਤੋਂ ਇਲਾਵਾ 100 ਮੀਟਰ ਤੇ 400 ਮੀਟਰ ਦੌੜਾਂ ਵੀ ਕਰਵਾਈਆਂ ਗਈਆਂ। ਬਜ਼ੁਰਗਾਂ ਦੀਆਂ ਦੌੜਾਂ ਵਿਸ਼ੇਸ਼ ਖਿੱਚ ਦਾ ਕੇਂਦਰ ਬਣੀਆਂ।



ਟੈਕਨੀਕਲ ਆਫੀਸ਼ੀਅਲ ਕੋਚ ਪੀ ਆਰ ਸੋਧੀ, ਸਾਬਕਾ ਇੰਟਰਨੈਸ਼ਨਲ ਕੁਸ਼ਤੀ ਖਿਡਾਰੀ, ਦੀ ਅਗਵਾਈ ਹੇਠ ਹੋਏ ਕੁਸ਼ਤੀ ਮੁਕਾਬਲਿਆਂ ਵਿਚ ਮਿਰਜਾ ਇਰਾਨੀ ਨੂੰ ਮਹਾਭਾਰਤ ਕੇਸਰੀ ਟਾਈਟਲ ਦੇ ਨਾਲ 1.25 ਲੱਖ ਰੁਪਏ ਦਾ ਪਹਿਲਾ ਇਨਾਮ ਦਿੱਤਾ ਗਿਆ। ਇਸੇ ਤਰ੍ਹਾਂ ਸੋਨੀਪਤ ਦੀ ਕਾਜਲ ਨੂੰ ਮਹਿਲਾ ਮਹਾਭਾਰਤ ਕੇਸਰੀ ਟਾਈਟਲ ਦੇ ਨਾਲ 50 ਹਜ਼ਾਰ ਰੁਪਏ ਨਗਦ ਇਨਾਮ ਨਾਲ ਨਵਾਜਿਆ ਗਿਆ। 90 ਕਿਲੋ ਭਾਰ ਵਰਗ ਸ਼ੇਰ-ਏ-ਹਿੰਦ ਸਚਿਨ ਪਟਿਆਲਾ ਨੂੰ 50 ਹਜ਼ਾਰ ਰੁਪਏ, 80 ਕਿਲੋ ਭਾਰ ਵਰਗ ਆਫਤਾਬ-ਏ-ਹਿੰਦ ਜੈਦੀਪ ਰੋਹਤਕ ਨੂੰ 50 ਹਜ਼ਾਰ ਰੁਪਏ ਨਗਦ, 70 ਕਿਲੋ ਭਾਰ ਵਰਗ ਪੰਜਾਬ ਕੁਮਾਰ ਉਦੇ ਪ੍ਰਤਾਪ ਸਿੰਘ ਕਨੇਡਾ ਨੂੰ 15 ਹਜ਼ਾਰ ਰੁਪਏ ਨਗਦ, 65 ਕਿਲੋ ਭਾਰ ਵਰਗ ਸਿਤਾਰਾ-ਏ-ਹਿੰਦ ਜਸਕਰਨ ਸਿੰਘ ਪਟਿਆਲਾ ਨੂੰ 40 ਹਜ਼ਾਰ ਰੁਪਏ ਤੋਂ ਇਲਾਵਾ 60 ਕਿਲੋ ਭਾਰ ਵਰਗ ਵਿਚ ਮੀਨਾਕਸ਼ੀ ਜਲੰਧਰ ਨੂੰ ਭਾਰਤ ਕੁਮਾਰੀ ਦਾ ਖਿਤਾਬ ਅਤੇ 30 ਹਜ਼ਾਰ ਰੁਪਏ ਨਗਦ ਇਨਾਮ ਦੇ ਨਾਲ ਨਵਾਜਿਆ ਗਿਆ। ਖੇਡ ਮੇਲੇ ਦੇ ਮੁੱਖ ਪ੍ਰਬੰਧਕ ਗੁਰਜੀਤ ਸਿੰਘ ਪੁਰੇਵਾਲ ਕੈਨੇਡਾ ਨੇ ਸਮੂਹ ਐਨ ਆਰ ਆਈ ਵੀਰਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਸਲਾਨਾ ਪੇਂਡੂ ਖੇਡ ਮੇਲੇ ਦਾ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਖੇਡਾਂ ਪ੍ਰਤੀ ਉਤਸ਼ਾਹਤ ਕਰਨਾ ਹੈ। ਪ੍ਰਬੰਧਕਾਂ ਵਲੋਂ ਸਮੂਹ ਮਹਿਮਾਨਾਂ ਅਤੇ ਪਤਵੰਤਿਆਂ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਤ ਕੀਤਾ ਗਿਆ। ਐਨ.ਆਰ.ਆਈ. ਵੀਰਾਂ ਵਲੋਂ ਪਹਿਲਵਾਨਾਂ ਨੂੰ ਢਾਈ ਕੁਇੰਟਲ ਬਦਾਮ ਵੰਡੇ ਗਏ ਅਤੇ ਭਵਿੱਖ ਵਿਚ ਹੋਰ ਜ਼ਿਆਦਾ ਮੱਦਦ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਸਾਬਕਾ ਡੀਆਈਜੀ ਸੁਖਵੰਤ ਸਿੰਘ ਸਿੱਧੂ, ਬੁੱਧ ਸਿੰਘ ਭੁੱਟਾ ਏਸ਼ੀਆ ਚੈਂਪੀਅਨ, ਸਵਰਨ ਸਿੰਘ ਖੇਡ ਲੇਖਕ, ਇਕਬਾਲ ਸਿੰਘ ਜੱਬੋਵਾਲ ਖੇਡ ਲੇਖਕ, ਗੁਰਚਰਨ ਸਿੰਘ ਮੁਕੰਦਪੁਰ, ਰਣਜੀਤ ਸਿੰਘ ਟੁੱਟ ਬ੍ਰਦਰਜ, ਕੁਲਤਾਰ ਸਿੰਘ ਪੁਰੇਵਾਲ ਯੂ ਐਸ ਏ, ਕ੍ਰਿਪਾਲ ਸਿੰਘ ਬਿਲਣ, ਸੰਤੋਖ ਸਿੰਘ, ਜਰਨੈਲ ਬਿਲਣ, ਜਗਤਾਰ ਸਿੰਘ, ਸੁੱਖੀ ਘੁੰਮਣ ਯੂ ਐਸ ਏ, ਚਰਨਜੀਤ ਸਿੰਘ ਬਾਠ ਯੂ ਐਸ ਏ ਸੋਗੀ ਦੇ ਬਾਦਸ਼ਾਹ, ਅੰਤਰਰਾਸ਼ਟਰੀ ਪਹਿਲਵਾਨ ਅਮਰੀਕ ਸਿੰਘ, ਸੁਭਾਸ਼ ਮਲਿਕ, ਮਨਪ੍ਰੀਤ ਸਿੰਘ ਸੰਧੂ, ਅਵਤਾਰ ਸਿੰਘ ਸ਼ੇਰਗਿਲ, ਪ੍ਰੋਫੈਸਰ ਮੱਖਣ ਸਿੰਘ ਹਕੀਮਪੁਰ, ਬੁੱਧ ਸਿੰਘ ਧਲੇਤਾ, ਰਵਿੰਦਰ ਨਾਥ ਕੋਚ, ਸ਼ਿਵ ਪੀ.ਏ.ਪੀ. ਕੋਚ, ਸਾਰਜ ਭੁੱਲਰ ਕੋਚ ਪਟਿਆਲਾ, ਬਿਕਰਮ ਸ਼ਰਮਾ ਕੋਚ ਅੰਮ੍ਰਿਤਸਰ, ਕਰਨ ਸ਼ਰਮਾ ਕੋਚ ਅੰਮ੍ਰਿਤਸਰ, ਅਬਦੁਲ ਸੱਤਾਰ ਕੋਚ ਬਠਿੰਡਾ, ਆਕਾਸ਼ ਕੋਚ ਗੁਰਦਾਸਪੁਰ, ਬਲਬੀਰ ਕੁਮਾਰ ਬੀਰਾ ਕੋਚ, ਗੀਤ ਪ੍ਰੀਤ ਪਾਲ ਸਿੰਘ, ਪਰਮਜੀਤ ਸਿੰਘ ਬਸਰਾ ਆਦਿ ਹਾਜ਼ਰ ਸਨ।

# ਨਸ਼ਾ ਮੁਕਤੀ ਲਈ 360 ਡਿਗਰੀ ਐਕਸ਼ਨ ਪਲਾਨ ਤਿਆਰ : ਅਮਨ ਅਰੋੜਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**— ਪੰਜਾਬ ਦੇ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ (ਆਪ) ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਸਾਰੀਆਂ ਸਿਆਸੀ ਪਾਰਟੀਆਂ, ਸਮਾਜਿਕ, ਧਾਰਮਿਕ ਸੰਗਠਨਾਂ ਅਤੇ ਗੈਰ-ਸਰਕਾਰੀ ਸੰਗਠਨਾਂ ਨੂੰ ਨਸ਼ਿਆਂ ਖ਼ਿਲਾਫ਼ ਜੰਗ ਵਿੱਚ ਪੰਜਾਬ ਸਰਕਾਰ ਦਾ ਸਾਥ ਦੇ ਕੇ ਇੱਕ ਸਾਂਝਾ ਫਰੰਟ ਬਣਾਉਣ ਦਾ ਸੱਦਾ ਦਿੱਤਾ ਤਾਂ ਜੋ ਪੰਜਾਬ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਕੀਤਾ ਜਾ ਸਕੇ।ਉਹ ਇੱਥੇ ਨਸ਼ਿਆਂ ਦੇ ਖਾਤਮੇ ਲਈ ਬਣਾਈ ਗਈ 5 ਮੈਂਬਰੀ ਕੈਬਨਿਟ ਸਬ ਕਮੇਟੀ ਦੀ ਉੱਚ ਪੱਧਰੀ ਮੀਟਿੰਗ ਉਪਰੰਤ ਮੀਡੀਆ ਨੂੰ ਸੰਬੋਧਨ ਕਰ ਰਹੇ ਸਨ।ਅਰੋੜਾ ਨੇ ਕਿਹਾ, ਇਹ ਪੰਜਾਬ ਦੇ 3 ਕਰੋੜ ਨਾਗਰਿਕਾਂ ਦੀ ਸਮੂਹਿਕ ਜ਼ਿੰਮੇਵਾਰੀ ਹੈ। ਸਾਨੂੰ ਸਾਰਿਆਂ ਨੂੰ ਇੱਕਜੁੱਟ ਹੋ ਕੇ ਨਸ਼ਿਆਂ ਖ਼ਿਲਾਫ਼ ਪੂਰੀ ਤਾਕਤ ਨਾਲ ਲੜਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕਾਂ ਦੇ ਸਹਿਯੋਗ ਤੋਂ ਬਿਨਾਂ ਇਕੱਲੀ ਸੂਬਾ ਸਰਕਾਰ ਅਤੇ ਪੁਲਿਸ ਸੂਬੇ ਨੂੰ ਪਿਛਲੀਆਂ ਸਰਕਾਰਾਂ ਵੱਲੋਂ ਪੈਦਾ ਕੀਤੀ ਇਸ ਦਲਦਲ ਵਿੱਚੋਂ ਨਹੀਂ ਕੱਢ ਸਕਦੀ।ਅਰੋੜਾ ਨੇ ਆਸ ਪ੍ਰਗਟਾਈ ਕਿ ਇੱਕਜੁੱਟ ਹੋ ਕੇ ਅਸੀਂ ਪੰਜਾਬ ਨੂੰ ਇਸ ਦਲਦਲ ਵਿੱਚੋਂ ਕੱਢ ਸਕਦੇ ਹਾਂ ਅਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੋਚ ਅਨੁਸਾਰ ਸੂਬੇ ਨੂੰ ਇੱਕ ਸਿਹਤਮੰਦ ਅਤੇ ਰੰਗਲਾ ਪੰਜਾਬ ਬਣਾ ਸਕਦੇ ਹਾਂ।ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਵਿਆਪਕ 360-ਡਿਗਰੀ ਕਾਰਜ ਯੋਜਨਾ ਤਿਆਰ ਕੀਤੀ ਹੈ। ਇਸ ਯੋਜਨਾ ਵਿੱਚ ਨਸ਼ਾ ਪੀੜਤਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਵਾਪਸ ਆਉਣ ਵਿੱਚ ਮਦਦ ਕਰਨ ਲਈ ਰੋਕਥਾਮ, ਇਲਾਜ ਅਤੇ ਪੁਨਰਵਾਸ ਉਪਾਅ ਵੀ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਜਿੱਥੇ ਪੁਲਿਸ ਅਧਿਕਾਰੀ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕਰ ਰਹੇ ਹਨ, ਉੱਥੇ ਹੀ ਉਨ੍ਹਾਂ ਨੂੰ ਨਸ਼ਾ ਪੀੜਤਾਂ ਨੂੰ ਇਕ ਮਰੀਜ਼ ਦੇ ਰੂਪ ਵਿੱਚ ਦੇਖਦਿਆਂ ਉਨ੍ਹਾਂ ਨਾਲ ਹਮਦਰਦੀ ਨਾਲ ਪੇਸ਼ ਆਉਣ ਦੇ ਹੁਕਮ ਦਿੱਤੇ ਗਏ ਹਨ।

3 Mar Page-9.qxd 3/2/2025 10:31 PM Page 1



# ਹੁਸ਼ਿਆਰਪੁਰ ਇਨਕਲੇਵ ਦੀ ਮੇਨ ਸੜਕ ਦੇ ਨਿਰਮਾਣ ਲਈ 27 ਲੱਖ ਜਾਰੀ

**ਹੁਸ਼ਿਆਰਪੁਰ (ਓ ਪੀ ਰਾਣਾ, ਬੀ ਐਸ ਸੈਣੀ )**- ਹੁਸ਼ਿਆਰਪੁਰ ਇੰਕਲੇਵ ਵੈਲਫੇਅਰ ਐਸੋਸੀਏਸ਼ਨ ਅਤੇ ਪਿੰਡ ਕਕੋਂ ਦੀ ਪੰਚਾਇਤ ਦੀ ਬੇਨਤੀ ਨੂੰ ਪਰਵਾਨ ਕਰਦੇ ਹੋਏ, ਸ਼੍ਰੀਮਤੀ ਕਰਮਜੀਤ ਕੌਰ, ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਅਤੇ ਚੇਅਰਪਰਸਨ, ਜ਼ਿਲ੍ਹਾ ਯੋਜਨਾ ਬੋਰਡ, ਦੀ ਕੋਸ਼ਿਸ਼ਾਂ ਸਦਕਾ ਮੈਂਬਰ ਪਾਰਲੀਮੈਂਟ, ਡਾ. ਰਾਜ ਕੁਮਾਰ ਚੱਬੇਵਾਲ ਨੇ ਐਮ.ਪੀ. ਲੈਂਡ ਫੰਡ ਵਿੱਚੋਂ ਹੁਸ਼ਿਆਰਪੁਰ ਇੰਕਲੇਵ ਦੀ ਮੇਨ ਸੜਕ ਦੇ ਨਿਰਮਾਣ ਲਈ 27 ਲੱਖ ਰੁਪਏ ਜਾਰੀ ਕਰ ਦਿੱਤੇ ਹਨ।ਇਸ ਸੰਬੰਧ ਵਿੱਚ ਪੀ.ਡਬਲਯੂ.ਡੀ. ਵਿਭਾਗ ਨੂੰ ਹੁਕਮ ਦਿੱਤੇ ਗਏ ਹਨ ਕਿ ਕੰਮ ਜਲਦੀ ਤੋਂ ਜਲਦੀ ਸ਼ੁਰੂ ਕੀਤਾ ਜਾਵੇ ਤਾਂ ਕਿ ਇਲਾਕੇ ਦੇ ਵਸਨੀਕਾਂ ਨੂੰ ਆਉਣ-ਜਾਣ ਵਿੱਚ ਆ ਰਹੀਆਂ ਮੁਸ਼ਕਲਾਂ ਤੋਂ ਛੁਟਕਾਰਾ ਮਿਲ ਸਕੇ। ਉਨ੍ਹਾਂ ਕਿਹਾ, 'ਇਲਾਕੇ ਦੀਆਂ ਬੁਨਿਆਦੀ ਸੁਵਿਧਾਵਾਂ ਵਿੱਚ ਸੁਧਾਰ ਕਰਨਾ ਸਾਡੀ ਪਹਿਲੀ ਤਰਜੀਹ ਹੈ।ਇਹ ਸੜਕ ਸਿਰਫ਼ ਆਵਾਜਾਈ ਲਈ ਹੀ ਨਹੀਂ, ਸਗੋਂ ਹਰੀਕ ਵਸਨੀਕ ਦੀ ਬਿਹਤਰ ਜ਼ਿੰਦਗੀ ਲਈ ਵੀ ਮਹੱਤਵਪੂਰਨ ਹੈ'। ਕੈਬਿਨੇਟ ਮੰਤਰੀ ਡਾ. ਰਵਜੋਤ ਸਿੰਘ ਨੇ ਵੀ ਲੋਕਾਂ ਨੂੰ ਭਰੋਸਾ ਦਵਾਇਆ ਕਿ 'ਆਮ ਆਦਮੀ ਪਾਰਟੀ' ਦੀ ਸਰਕਾਰ ਇਲਾਕੇ ਦੇ ਹਰ ਕੋਨੇ ਵਿੱਚ ਵਿਕਾਸ ਕਾਰਜ ਲੈ ਕੇ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਨਵੀਂ ਸੜਕ ਇਲਾਕੇ ਦੀ ਆਵਾਜਾਈ ਵਿਵਸਥਾ ਵਿੱਚ ਆ ਰਹੀਆਂ ਦਿੱਕਤਾਂ ਨੂੰ ਦੂਰ ਕਰੇਗੀ ਅਤੇ ਆਸਪਾਸ ਦੇ ਵਸਨੀਕਾਂ ਲਈ ਆਸਾਨੀ ਪੈਦਾ ਕਰੇਗੀ।ਇਲਾਕਾ ਨਿਵਾਸੀਆਂ ਵੱਲੋਂ ਸਰਪੰਚ ਅਨੀਤਾ ਰਾਣੀ ਅਤੇ ਸੀਨੀਅਰ ਐਡਵੋਕੇਟ ਸ਼ਮਸ਼ੇਰ ਸਿੰਘ ਭਾਰਦਵਾਜ ਨੇ ਉਨ੍ਹਾਂ ਦਾ ਅਤੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਕੌਰ ਦਾ ਤਹਿ ਦਿਲੋਂ ਧੰਨਵਾਦ ਕੀਤਾ।ਪ੍ਰਧਾਨ ਜਸਵਿੰਦਰ ਸਿੰਘ, ਸਕੱਤਰ ਨਰਿੰਦਰ ਸਿੰਘ ਸੈਣੀ, ਰਜਨੀਸ਼ ਕੁਮਾਰ ਗੁਲਿਆਨੀ ਨੇ ਉਮੀਦ ਜਤਾਈ ਕਿ ਆਉਣ ਵਾਲੇ ਸਮੇਂ ਵਿੱਚ ਹੋਰ ਵਿਕਾਸ ਪ੍ਰੋਜੈਕਟ ਵੀ ਲਾਗੂ ਹੋਣਗੇ।

# ਜ਼ਿਲ੍ਹਾ ਪੁਲਸ ਨੇ ਏ.ਡੀ.ਜੀ.ਪੀ ਦੀ ਨਿਗਰਾਨੀ ਹੇਠ ਚਲਾਇਆ ਅਪਰੇਸ਼ਨ



**ਨਵਾਂਸ਼ਹਿਰ, (ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆ)**— ਡਾਇਰੈਕਟਰ ਜਨਰਲ ਪੁਲਸ ਪੰਜਾਬ ਦੇ ਦਿਸ਼ਾ- ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪੁਲਸ ਵੱਲੋਂ ਏ.ਡੀ.ਜੀ.ਪੀ ਟ੍ਰੈਫਿਕ ਪੰਜਾਬ ਏ.ਐਸ.ਰਾਏ ਦੀ ਨਿਗਰਾਨੀ ਹੇਠ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ/ਕਸਬਿਆਂ ਵਿਚ ਨਸ਼ਿਆਂ ਦਾ ਖ਼ਾਤਮਾ ਕਰਨ ਲਈ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਅਪਰੇਸ਼ਨ ਚਲਾਇਆ ਗਿਆ।ਸੀਨੀਅਰ ਪੁਲਸ ਕਪਤਾਨ ਡਾਕਟਰ ਮਹਿਤਾਬ ਸਿੰਘ ਨੇ ਦੱਸਿਆ ਕਿ ਇਸ ਅਪਰੇਸ਼ਨ ਵਿਚ 2 ਐਸ.ਪੀਜ਼, 5 ਡੀ.ਐਸ.ਪੀਜ਼ ਸਮੇਤ 169 ਪੁਲਸ ਕਰਮਚਾਰੀਆਂ ਦੀਆਂ ਵੱਖ-ਵੱਖ ਪੁਲਸ ਪਾਰਟੀਆਂ ਬਣਾ ਕੇ ਜ਼ਿਲ੍ਹੇ ਦੇ ਡਰੱਗ ਹੌਟਸਪੋਟ ਪਿੰਡਾਂ/ਵਾਰਡਾਂ ਦੇ ਸ਼ੱਕੀ ਵਿਅਕਤੀਆਂ ਦੇ ਘਰਾਂ ਨੂੰ ਘੇਰਾਬੰਦੀ ਅਤੇ ਨਾਕਾਬੰਦੀ ਕਰਕੇ ਸਰਚ ਕੀਤੀ ਗਈ ਅਤੇ ਵਿਸ਼ੇਸ਼ ਤੌਰ 'ਤੇ ਨਸ਼ਾ ਤਸਕਰੀ ਦੇ ਧੰਦੇ ਵਿਚ ਸ਼ਾਮਲ ਰਹੇ ਵਿਅਕਤੀਆਂ ਦੀ ਚੈਕਿੰਗ ਕੀਤੀ ਗਈ।ਉਨ੍ਹਾਂ ਦੱਸਿਆ ਕਿ ਇਸ ਦੌਰਾਨ ਸੱਤ ਮੁਕੱਦਮੇ ਦਰਜ ਕਰਕੇ ਸੱਤ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ 46 ਗ੍ਰਾਮ ਹੈਰੋਇਨ ਤੇ 80 ਨਸ਼ੀਲੀਆਂ ਗੋਲ਼ੀਆਂ ਬਰਾਮਦ ਕੀਤੀਆਂ ਗਈਆਂ ਹਨ।ਇਸ ਅਪਰੇਸ਼ਨ ਦਾ ਮੁੱਖ ਉਦੇਸ਼ ਜ਼ਿਲ੍ਹੇ ਵਿਚੋਂ ਨਸ਼ਾ ਤਸਕਰਾ ਨੂੰ ਕਾਬੂ ਕਰਨਾ, ਨਸ਼ਾ ਵੇਚਣ ਵਾਲੇ ਵਿਅਕਤੀਆਂ ਤੇ ਦਬਾਓ ਬਣਾਈ ਰੱਖਣਾ, ਉਨ੍ਹਾਂ ਦੀਆਂ ਮੌਜੂਦਾ ਗਤੀਵਿਧੀਆਂ 'ਤੇ ਨਿਗਰਾਨੀ ਰੱਖਣਾ, ਨਸ਼ੇ ਦੀ ਸਪਲਾਈ ਚੈਨ ਨੂੰ ਤੋੜਨਾ, ਨਸ਼ੇ ਦਾ ਸੇਵਨ ਕਰਨ ਵਾਲੇ ਵਿਅਕਤੀਆਂ ਬਾਰੇ ਪਤਾ ਲਗਾ ਕੇ ਉਨ੍ਹਾਂ ਦਾ ਮੁੜ-ਵਸੇਬਾ ਕਰਨਾ ਅਤੇ ਆਮ ਪਬਲਿਕ ਵਿਚ ਪੁਲਸ ਪ੍ਰਤੀ ਵਿਸ਼ਵਾਸ ਪੈਦਾ ਕਰਨਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੁਲਸ 'ਯੁੱਧ ਨਸ਼ਿਆ ਵਿਰੁੱਧ' ਤਹਿਤ ਨਸ਼ਿਆਂ ਦਾ ਖ਼ਾਤਮਾ ਕਰਨ ਲਈ ਤੱਤਪਰ ਹੈ। ਉਨ੍ਹਾਂ ਇਸ ਮੁਹਿਮ ਵਿਚ ਪਬਲਿਕ ਨੂੰ ਪੁਲਸ ਦਾ ਸਹਿਯੋਗ ਦੇਣ ਲਈ ਅਪੀਲ ਕੀਤੀ।




# ਬਾਬੂ ਕਾਂਸ਼ੀ ਰਾਮ ਦਾ ਜਨਮ ਦਿਨ 15 ਨੂੰ ਪੰਜਾਬ ਬਚਾਓ ਰੈਲੀ ਦੇ ਰੂਪ 'ਚ ਮਨਾਇਆ ਜਾਵੇਗਾ : ਕਰੀਮਪੁਰੀ

**ਬੰਗਾ (ਅਵਤਾਰ ਕਲੇਰ)** 15 ਮਾਰਚ ਨੂੰ ਸਾਹਿਬ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਫਗਵਾੜਾ ਵਿਖੇ ਪੰਜਾਬ ਬਚਾਓ ਰੈਲੀ ਦੇ ਰੂਪ ਵਿੱਚ ਮਨਾਇਆ ਜਾਵੇਗਾ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਸਾਬਕਾ ਐਮ ਪੀ ਅਤੇ ਜਨਰਲ ਸਕੱਤਰ ਪਰਵੀਨ ਬੰਗਾ ਨੇ ਪਿੰਡ ਖੋਥੜਾਂ ਵਿਖੇ ਵਰਲਡ ਵਾਈਡ ਸਪੋਰਟਰ ਦੇ ਆਗੂ ਹਰਜਿੰਦਰ ਖੋਥੜਾਂ ਦੇ ਘਰ ਵਿਖੇ ਕੀਤਾ। ਉਹਨਾਂ ਕਿਹਾ ਕਿ ਪੰਜਾਬ ਵਿੱਚ ਆਉਣ ਵਾਲੀਆਂ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਸਾਰੇ ਹੀ ਬਹੁਜਨ ਸਮਾਜ ਨੂੰ ਇਕੱਠਾ ਕਰਕੇ ਲੜਾਂਗੇ ਅਤੇ ਬਸਪਾ ਇੱਕ ਵੱਡੀ ਤਾਕਤ ਬਣ ਕੇ ਉਭਰੇਗੀ। ਬਸਪਾ ਹਰ ਇੱਕ ਵਰਗ ਨੂੰ ਬਰਾਬਰਤਾ ਦਾ ਬਣਦਾ ਸਨਮਾਨ ਦੇ ਕੇ 2027 ਵਿੱਚ ਪੰਜਾਬ ਵਿੱਚ ਬਹੁਜਨ ਸਮਾਜ ਦੀ ਸਰਕਾਰ ਬਣਾਵੇਗੀ। ਪ੍ਰਵੀਨ ਕੁਮਾਰ ਬੰਗਾ ਨੇ ਕਿਹਾ ਕਿ ਵਿਧਾਨ ਸਭਾ ਬੰਗਾ ਤੋਂ ਵੱਡੇ ਕਾਫਲੇ ਦੇ ਨਾਲ ਪੰਜਾਬ ਬਚਾਓ ਰੈਲੀ ਵਿੱਚ ਪਹੁੰਚਣਗੇ ਅਤੇ ਇੱਕ ਨਵਾਂ ਸਿਆਸੀ ਆਗਾਜ਼ ਸ਼ੁਰੂ ਕਰਨਗੇ ਜੋ ਪੰਜਾਬ ਅਤੇ ਪੰਜਾਬੀਅਤ ਦੀ ਹਿੱਤ ਵਿੱਚ ਹੋਵੇਗਾ।ਇਸ ਮੌਕੇ ਤੇ ਸਾਬਕਾ ਸਰਪੰਚ ਅਸ਼ੋਕ ਕੁਮਾਰ ,ਸਾਬਕਾ ਸਰਪੰਚ ਹਰਜਿੰਦਰ ਕੁਮਾਰ , ਸਾਬਕਾ ਸਰਪੰਚ ਜਸਵਿੰਦਰ ਕੌਰ, ਸਾਬਕਾ ਬਲਾਕ ਸੰਮਤੀ ਚੇਅਰਮੈਨ ਗੁਰਦੇਵ ਕੌਰ, ਸਤਪਾਲ ਬਸਰਾ, ਡਾ ਮੋਹਣ ਲਾਲ ਬੱਧਣ, ਚਾਂਦੀ ਰਾਮ ,ਰਾਜਵਿੰਦਰ ਰਾਜਾ, ਗੁਰਪ੍ਰੀਤ ਕੋਰ , ਪੰਕਜ ਬੰਗਾ,ਸਟੂਡੈਂਟ ਆਗੂ ਅਮਿਤ ਬੰਗਾ, ਸੰਦੀਪ ਵਿਰਦੀ, ਜਤਿੰਦਰ ਕੁਮਾਰ, ਬਲਵੀਰ ਕੌਰ ਤੇ ਬੀਰੂ ਰਾਮ ਆਦਿ ਹਾਜ਼ਰ ਸਨ।

# 150 ਵਿਦਿਆਰਥੀਆਂ ਨੂੰ ਵੰਡੇ 5 ਲੱਖ 47 ਹਜ਼ਾਰ ਰੁਪਏ ਤੋਂ ਵੱਧ ਦੇ ਵਜ਼ੀਫ਼ੇ

**ਜਲੰਧਰ -(ਇਕਬਾਲ ਸਿੰਘ ਉਭ)**- ਵਿਦਿਆਰਥੀਆਂ ਦੀ ਸਿੱਖਿਆ ਪ੍ਰਤੀ ਸਮਰਪਣ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ, ਸੇਂਟ ਸੋਲਜਰ ਲਾਅ ਕਾਲਜ ਦੇ 150 ਵਿਦਿਆਰਥੀਆਂ ਨੂੰ ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੁਆਰਾ ਸ਼ੁਰੂ ਕੀਤੀ ਗਈ 'ਮਾਸਟਰ ਰਾਜ ਕੰਵਰ ਚੋਪੜਾ' 3 ਕਰੋੜ ਸਕਾਲਰਸ਼ਿਪ ਸਕੀਮ ਦੇ ਤਹਿਤ 5 ਲੱਖ 47 ਹਜ਼ਾਰ ਰੁਪਏ ਦੇ ਵਜ਼ੀਫੇ ਦਿੱਤੇ ਗਏ। ਚੇਅਰਮੈਨ ਅਨਿਲ ਚੋਪੜਾ, ਵਾਈਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਦੱਸਿਆ ਕਿ ਐਲ.ਐਲ.ਬੀ., ਬੀ.ਏ., ਐਲ.ਐਲ.ਬੀ., ਬੀ.ਬੀ. ਐਲ.ਐਲ.ਬੀ., 150 ਐਲਐਲਬੀ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪੜ੍ਹਾਈ ਪ੍ਰਤੀ ਲਗਨ ਅਤੇ ਮਾੜੀ ਵਿੱਤੀ ਸਥਿਤੀ ਨੂੰ ਦੇਖਦੇ ਹੋਏ ਸਕਾਲਰਸ਼ਿਪ ਦੇ ਚੈੱਕ ਵੰਡੇ ਗਏ। ਇਸ ਮੌਕੇ 'ਤੇ ਸ਼੍ਰੀਮਤੀ ਚੋਪੜਾ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਸੇਂਟ ਸੋਲਜਰ ਹਰ ਉਸ ਵਿਦਿਆਰਥੀ ਦੇ ਨਾਲ ਖੜ੍ਹਾ ਹੈ ਜੋ ਪੜ੍ਹਾਈ ਕਰਕੇ ਕੁਝ ਬਣਨਾ ਚਾਹੁੰਦਾ ਹੈ। ਵਿਦਿਆਰਥੀਆਂ ਨੂੰ ਚੈੱਕ ਭੇਟ ਕਰਦੇ ਹੋਏ, ਲਾਅ ਕਾਲਜ ਦੇ ਡਾਇਰੈਕਟਰ ਡਾ. ਸੁਭਾਸ਼ ਸ਼ਰਮਾ ਨੇ ਉਨ੍ਹਾਂ ਨੂੰ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ। ਵਿਦਿਆਰਥੀਆਂ ਨੇ ਸੇਂਟ ਸੋਲਜਰ ਮੈਨੇਜਮੈਂਟ ਦਾ ਵੀ ਧੰਨਵਾਦ ਕੀਤਾ ਅਤੇ ਭਰੋਸਾ ਦਿੱਤਾ ਕਿ ਉਹ ਚੰਗੇ ਅੰਕ ਪ੍ਰਾਪਤ ਕਰਕੇ ਸੰਸਥਾ ਅਤੇ ਆਪਣੇ ਮਾਪਿਆਂ ਦਾ ਨਾਂਅ ਰੌਸ਼ਨ ਕਰਨਗੇ।

# ਐੱਨ ਸੀ ਡੀ ਪ੍ਰੋਗਰਾਮ ਸੰਬੰਧੀ ਰੀਵਿਊ ਮੀਟਿੰਗ



**ਕਾਲਾ ਸੰਘਿਆਂ (ਮਨਜੀਤ ਮਾਨ)** ਸਿਵਲ ਸਰਜਨ ਕਪੂਰਥਲਾ ਡਾ. ਰੀਚਾ ਭਾਟੀਆ ਦੇ ਦਿਸ਼ਾ ਨਿਰਦੇਸ਼ਾ ਤਹਿਤ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਪ੍ਰੇਮ ਕੁਮਾਰ ਦੀ ਯੋਗ ਅਗਵਾਈ ਹੇਠ ਮੁੱਢਲਾ ਸਿਹਤ ਕੇਂਦਰ ਢਿੱਲਵਾਂ ਵਿਖੇ ਸਮੂਹ ਐਲ.ਐਚ.ਵੀ, ਸੀ.ਐਚ.ਓ ਅਤੇ ਏ.ਐਨ.ਐਮਜ਼ ਨਾਲ ਐਨ.ਸੀ.ਡੀ ਪ੍ਰੋਗਰਾਮ ਦੇ ਸੰਬੰਧ ਵਿੱਚ ਰੀਵਿਊ ਮੀਟਿੰਗ ਕੀਤੀ ਗਈ।ਇਸ ਦੌਰਾਨ ਮੀਟਿੰਗ ਵਿੱਚ ਵਿਸ਼ਵ ਸਿਹਤ ਸੰਗਠਨ ਤੋਂ ਐਨ ਸੀ ਡੀ ਪ੍ਰੋਗਰਾਮ ਦੇ ਸੁਪਰਵਾਈਜ਼ਰ ਨਰਿੰਦਰ ਸਿੰਘ ਅਤੇ ਬੀ.ਈ.ਈ ਮੋਨਿਕਾ ਵੀ ਹਾਜ਼ਰ ਸਨ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਪ੍ਰੇਮ ਕੁਮਾਰ ਨੇ ਮੀਟਿੰਗ ਵਿੱਚ ਸ਼ਾਮਲ ਸਮੂਹ ਮੈਂਬਰਾਂ ਨੂੰ ਜਲਦ ਤੋਂ ਜਲਦ ਰਹਿੰਦੇ ਸੀ-ਬੀ ਏ ਸੀ ਫਰਾਮ ਆਸ਼ਾ ਵਰਕਰਾਂ ਰਾਹੀਂ ਭਰਨ ਲਈ ਕਿਹਾ ਤਾਂ ਜੋ ਸੀ ਐਚ ਓ ਅਤੇ ਏ ਐਨ ਐਮ ਜਲਦ ਤੋਂ ਜਲਦ ਐਨ ਸੀ ਡੀ ਸਕ੍ਰਿਨਿੰਗ ਕੀਤੀ ਜਾਵੇ। ਇਸ ਦੌਰਾਨ ਵਿਸ਼ਵ ਸਿਹਤ ਸੰਗਠਨ ਤੋਂ ਐਨ ਸੀ ਡੀ ਪ੍ਰੋਗਰਾਮ ਦੇ ਸੁਪਰਵਾਈਜ਼ਰ ਨਰਿੰਦਰ ਸਿੰਘ ਵੱਲੋਂ ਐਨ ਸੀ ਡੀ ਪ੍ਰੋਗਰਾਮ ਸਬੰਧੀ ਵਿਸਥਾਰ ਨਾਲ ਟ੍ਰੇਨਿੰਗ ਵੀ ਦਿੱਤੀ ਗਈ। ਉਨ੍ਹਾਂ ਹਾਈਪਰਟੇਂਸ਼ਨ ਕੀ ਹੁੰਦਾ ਹੈ ਅਤੇ ਇਸ ਤੋਂ ਕਿਵੇਂ ਬਚਿਆ ਜਾ ਸਕਦਾ ਹੈ ਇਸ ਸਬੰਧੀ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਇਸ ਦੌਰਾਨ ਐਨ.ਸੀ.ਡੀ ਪੋਰਟਲ 'ਤੇ ਕਿਵੇਂ ਕੰਮ ਕਰਨਾ ਹੈ ਸੰਬੰਧੀ ਵੀ ਜਾਣਕਾਰੀ ਦਿੱਤੀ।ਇਸ ਮੌਕੇ ਐਸ ਐਮ ਓ ਨੇ ਮੀਟਿੰਗ ਵਿੱਚ ਹਾਜ਼ਰ ਸਮੂਹ ਸਟਾਫ ਨੂੰ ਗਰਭਵਤੀ ਮਹਿਲਾਵਾਂ ਦੀ ਸਮੇਂ ਸਿਰ ਏ ਐਨ ਸੀ ਜਾਂਚ, ਬਲੱਡ ਟੈਸਟ, ਮੈਡੀਕਲ ਜਾਂਚ ਕਰਵਾਉਣ ਆਦਿ ਲਈ ਹਦਾਇਤ ਕੀਤੀ

# ਕਮਲਾ ਨਹਿਰੂ ਕਾਲਜ ਫਾਰ ਵੂਮੈਨ ਵਿਖੇ ਸਾਲਾਨਾ ਫੇਟ ਕਰਵਾਈ

**ਫਗਵਾੜਾ ( ਜਸਵਿੰਦਰ ਢੱਡਾ, ਡਾ. ਰਮਨ)** ਸਥਾਨਕ ਕਮਲਾ ਨਹਿਰੂ ਕਾਲਜ ਫਾਰ ਵੂਮੈਨ ਦੇ ਮਨੋਵਿਗਿਆਨ, ਇਤਿਹਾਸ, ਹਿੰਦੀ, ਅੰਗਰੇਜ਼ੀ ਅਤੇ ਸੰਗੀਤ ਵਿਭਾਗ ਵੱਲੋਂ ਸਾਂਝੇ ਤੌਰ 'ਤੇ ਪ੍ਰਿੰਸੀਪਲ ਡਾ. ਸਵਿੰਦਰ ਪਾਲ ਦੀ ਯੋਗ ਅਗਵਾਈ ਹੇਠ ਸਾਲਾਨਾ ਫੇਟ ਦਾ ਆਯੋਜਨ ਕੀਤਾ ਗਿਆ। ਸ੍ਰੀਮਤੀ ਮੰਜੂ ਸਰਦਾਨਾ, ਐਗਜੈਕਟਿਵ ਚੇਅਰਪਰਸਨ ਸੁਖਜੀਤ ਸਟਾਰਚ ਐਂਡ ਕੈਮੀਕਲ ਲਿਮ. ਮੇਲੇ ਦੇ ਮੁੱਖ ਮਹਿਮਾਨ ਸਨ, ਨੇ ਸ਼ੁਰੂਆਤ ਰਿਬਨ ਕੱਟ ਕੇ ਅਤੇ ਕਾਲਜ ਦੇ 60 ਸਾਲਾਂ ਦੇ ਸ਼ਾਨਦਾਰ ਇਤਿਹਾਸ ਨੂੰ ਦਰਸਾਉਂਦੇ ਰੰਗ ਬਿਰੰਗੇ ਗੁਬਾਰਿਆਂ ਨੂੰ ਉਡਾ ਕੇ ਕੀਤੀ। ਉਪਰੰਤ ਸਾਰਿਆਂ ਨੇ ਮੇਲੇ ਦੀ ਆਯੋਜਕ ਟੀਮ ਨਾਲ ਗੇਮਾਂ ਅਤੇ ਖਾਣ-ਪੀਣ ਦੇ ਤਰ੍ਹਾਂ-ਤਰ੍ਹਾਂ ਦੇ ਸਟਾਲਾਂ ਦਾ ਦੌਰਾ ਕੀਤਾ।



ਮਿਊਜ਼ਕ ਸਟਾਲ ਸਭ ਤੋਂ ਜਿਆਦਾ ਖਿੱਚ ਭਰਪੂਰ ਸੀ ਜਿੱਥੇ ਬੱਚੇ ਆਪਣੇ ਮਨਪਸੰਦ ਗੀਤਾਂ ਨਾਲ ਨੱਚ ਰਹੇ ਸਨ। ਮੇਲੇ ਵਿੱਚ 700 ਤੋਂ ਉੱਪਰ ਹਾਜ਼ਰੀ ਸੀ। ਖਾਣ ਪੀਣ ਦੇ ਸਟਾਲਾਂ ਵਿੱਚ ਗੋਲ੍ਹ-ਗੱਪੇ, ਛੋਲੇ ਭਟੂਰੇ, ਟਿੱਕੀ, ਨੂਡਲਜ਼, ਬਰਗਰ, ਗੁਲਾਬ ਜਾਮੁਨ ਆਦਿ ਦਾ ਸਾਰਿਆਂ ਨੇ ਆਨੰਦ ਮਾਣਿਆ। ਰੰਗ-ਬਿਰੰਗੀਆਂ ਪੁਸ਼ਾਕਾਂ ਨਾਲ਼ ਸਜੇ ਵਿਦਿਆਰਥੀਆਂ ਵਿੱਚ ਮੇਲੇ ਪ੍ਰਤੀ ਬਹੁਤ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਮੌਕੇ ਇੱਕ ਸਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਵੀ ਕੀਤਾ ਗਿਆ ਜਿਸਦਾ ਸਾਰਿਆਂ ਨੇ ਬਹੁਤ ਆਨੰਦ ਮਾਣਿਆ। ਮੇਲੇ ਦੇ ਅੰਤ ਵਿੱਚ ਪ੍ਰਿੰਸੀਪਲ ਡਾ. ਸਵਿੰਦਰ ਪਾਲ ਅਤੇ ਵੱਖ ਵੱਖ ਸਕੂਲਾਂ ਤੋਂ ਆਏ ਪ੍ਰਿੰਸੀਪਲਾਂ (ਗੀਟਾ ਥਾਪਰ, ਰਣਜੀਤ ਗੋਗਨਾ, ਜੱਗਪਾਲ ਸਿੰਘ, ਕੁਸਮ ਰਾਜਪੂਤ) ਵੱਲੋਂ ਲੱਕੀ ਡਰਾਅ ਵੀ ਕੱਢੇ ਗਏ ਜਿਸ ਵਿੱਚ ਕੁਲ ਦਸ ਇਨਾਮ ਜਿਨ੍ਹਾਂ ਵਿੱਚ ਲੈਂਡ ਟੀਵੀ, ਸਮਾਰਟ ਫੋਨ, ਮਾਈਕ੍ਰੋਵੇਵ, ਜੂਸਰ ਮਿਕਸਰ ਗਰਾਈਂਡਰ, ਹੇਅਰ ਸਟਰੇਟਨਰ, ਸਮਾਰਟ ਵਾਚ, ਡਬਲ ਬੈੱਡ ਰਜਾਈ, ਡਿਨਰ ਸੈੱਟ, ਹੇਅਰ ਡਰਾਇਰ ਅਤੇ ਗਰਿੱਲ ਸੈਂਡਵਿਚ ਮੇਕਰ ਸ਼ਾਮਲ ਸਨ। ਇਨ੍ਹਾਂ ਵਿੱਚੋਂ ਇਨਾਮਾਂ ਦੇ ਹਾਜ਼ਰ ਜੇਤੂਆਂ ਨੂੰ ਮੌਕੇ 'ਤੇ ਹੀ ਇਨਾਮ ਦਿੱਤੇ ਗਏ। ਚੱਲਦੇ ਮੇਲੇ ਦੀ ਕੁਮੈਂਟਰੀ ਪ੍ਰੋ.ਹਰਜਿੰਦਰ ਸਿੰਘ ਅਤੇ ਕਮਲ ਕੌਸ਼ਲ ਵੱਲੋਂ ਅਤੇ ਆਡੀਟੋਰੀਅਮ ਵਿੱਚ ਮੰਚ ਸੰਚਾਲਨ ਦੀ ਭੂਮਿਕਾ ਮੈਡਮ ਜੋਤੀ ਬਜਾਜ ਅਤੇ ਮੈਡਮ ਪ੍ਰੀਤੀ ਮਾਰਕੰਡਾ ਵੱਲੋਂ ਬਾਖੂਬੀ ਨਿਭਾਈ ਗਈ।

# ਆਸ਼ਾ ਵਰਕਰਾਂ ਨੇ ਆਨ-ਲਾਈਨ ਸੀ ਬੈਕ ਫਾਰਮ ਭਰਨ ਦਾ ਕੀਤਾ ਵਿਰੋਧ



**ਹੁਸ਼ਿਆਰਪੁਰ, (ਬਲਵੀਰ ਸੈਣੀ)** ਜ਼ਿਲ੍ਹਾ ਆਸ਼ਾ ਵਰਕਰਜ਼ ਅਤੇ ਫੈਸਿਲੀਟੇਟਰ ਯੂਨੀਅਨ ਨੇ ਆਪਣੀਆਂ ਮੰਗਾਂ ਸਬੰਧੀ ਸਿਵਲ ਸਰਜਨ ਡਾ. ਪਵਨ ਕੁਮਾਰ ਨਾਲ ਮੀਟਿੰਗ ਕੀਤੀ ਗਈ। ਜੱਥੇਬੰਦੀ ਦੀ ਜ਼ਿਲ੍ਹਾ ਪ੍ਰਧਾਨ ਹਰਨਿੰਦਰ ਕੌਰ ਦੀ ਅਗਵਾਈ ਹੇਠ ਕੀਤੀ ਗਈ ਮੀਟਿੰਗ ਮੌਕੇ ਜੱਥੇਬੰਦੀ ਵਲੋਂ ਸਿਵਲ ਸਰਜਨ ਤੋਂ ਮੰਗ ਕੀਤੀ ਗਈ ਕਿ ਆਸ਼ਾ ਵਰਕਰਾਂ ਨੂੰ ਆਨ-ਲਾਈਨ ਸੀ ਬੈਕ ਫਾਰਮ ਭਰਨ ਲਈ ਮਜਬੂਰ ਨਾ ਕੀਤਾ ਜਾਵੇ, ਕਿਉਂਕਿ ਬਹੁਤ ਸਾਰੀਆਂ ਆਸ਼ਾ ਵਰਕਰਾਂ ਕੋਲ ਸਮਾਰਟ ਫੋਨ ਨਹੀਂ ਹਨ ਅਤੇ ਉਹਨਾਂ ਨੂੰ ਇਹ ਕੰਮ ਕਰਨ ਵਿੱਚ ਮੁਸ਼ਕਿਲ ਪੇਸ਼ ਆ ਰਹੀ ਹੈ। ਆਗੂਆਂ ਨੇ ਸਪੱਸ਼ਟ ਕੀਤਾ ਕਿ ਆਸ਼ਾ ਵਰਕਰਾਂ ਵਲੋਂ ਪਹਿਲਾਂ ਦੀ ਤਰ੍ਹਾਂ ਹੀ ਹੱਥ ਨਾਲ ਫਾਰਮ ਭਰ ਕੇ ਸਬ ਸੈਂਟਰ ਤੇ ਸਬੰਧਤ ਕਰਮਚਾਰੀ ਨੂੰ ਦਿੱਤਾ ਜਾਵੇਗਾ। ਵਫਦ ਵਲੋਂ ਦੱਸਿਆ ਗਿਆ ਕਿ ਆਸ਼ਾ ਵਰਕਰਾਂ ਦਾ ਕੰਮ ਫੀਲਡ ਵਿੱਚ ਜਾ ਕੇ ਸਿਹਤ ਸਹੂਲਤਾਂ, ਸਕੀਮਾਂ ਆਦਿ ਦੀ ਜਾਣਕਾਰੀ ਪ੍ਰਦਾਨ ਕਰਨਾ ਅਤੇ ਪਿੰਡਾਂ ਅੰਦਰ ਮਰੀਜ਼ਾਂ ਨਾਲ ਨਿੱਜੀ ਤੌਰ 'ਤੇ ਸੰਪਰਕ ਕਰਨਾ ਹੈ। ਇਸ ਲਈ ਕਿਸੇ ਵੀ ਆਸ਼ਾ ਵਰਕਰ ਨੂੰ 9-3 ਵਜੇ ਤੱਕ ਸਬ-ਸੈਂਟਰ 'ਤੇ ਬੈਠਣ ਲਈ ਮਜਬੂਰ ਨਾ ਕੀਤਾ ਜਾਵੇ। ਜਿਹਨਾਂ ਸਥਾਨਾਂ 'ਤੇ ਆਸ਼ਾ ਵਰਕਰਾਂ ਨੂੰ ਸਬ-ਸੈਂਟਰ 'ਤੇ ਬੈਠਣ ਲਈ ਲਿਖਤੀ ਜਾਂ ਜ਼ੁਬਾਨੀ ਹੁਕਮ ਜਾਰੀ ਕੀਤੇ ਗਏ ਹਨ, ਉਹਨਾਂ ਨੂੰ ਤੁਰੰਤ ਰੱਦ ਕੀਤਾ ਜਾਵੇ। ਵਫਦ ਵਲੋਂ ਮੰਗ ਕੀਤੀ ਗਈ ਕਿ ਆਸ਼ਾ ਵਰਕਰਾਂ/ ਫੈਸਿਲੀਟੇਟਾਂ ਨੂੰ ਹਰ ਮਹੀਨੇ 7 ਤਰੀਕ ਤੱਕ ਮਾਣ ਭੱਤੇ ਦੀ ਅਦਾਇਗੀ ਯਕੀਨੀ ਬਣਾਈ ਜਾਵੇ। ਸਿਵਲ ਸਰਜਨ ਵਲੋਂ ਸਮੂਹ ਮੰਗਾਂ ਨੂੰ ਤੁਰੰਤ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਉਪ੍ਰੰਤ ਵਫਦ ਵਲੋਂ ਜ਼ਿਲ੍ਹਾ ਟੀਕਾਕਰਣ ਅਫਸਰ ਡਾ. ਸੀਮਾ ਗਰਗ ਨਾਲ ਮੁਲਾਕਾਤ ਕੀਤੀ ਗਈ ਅਤੇ ਮੰਗ ਪੱਤਰ ਸੌਂਪਿਆ ਗਿਆ। ਇਸ ਵਫਦ ਵਿੱਚ ਰਾਜ ਕੁਮਾਰੀ, ਨਸੀਬ ਕੌਰ, ਮਨਿੰਦਰਜੀਤ ਕੌਰ, ਊਸ਼ਾ ਕੁਮਾਰੀ, ਪਰਮਜੀਤ ਕੌਰ, ਸੰਦੇਸ਼ ਰਾਣੀ, ਜਸਪ੍ਰੀਤ ਕੌਰ ਤੋਂ ਇਲਾਵਾ ਜੱਥੇਬੰਦੀ ਦੇ ਮੁੱਖ ਸਲਾਹਕਾਰ ਮਨਜੀਤ ਬਾਜਵਾ ਅਤੇ ਪ.ਸ.ਸ.ਫ਼. ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ ਵੀ ਹਾਜਰ ਸਨ।

# ਨਸ਼ੀਲੀਆਂ ਗੋਲੀਆਂ ਸਮੇਤ ਔਰਤ ਕਾਬੂ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**— ਇੰਸਪੈਕਟਰ ਬਲਜੀਤ ਸਿੰਘ ਹੁੰਦਲ ਮੁੱਖ ਅਫਸਰ ਥਾਣਾ ਮੇਹਟੀਆਣਾ ਨੇ ਦੱਸਿਆ ਕਿ ਏ ਐਸ ਆਈ ਗੁਲਸ਼ਨ ਕੁਮਾਰ ਸਮੇਤ ਏ ਐਸ ਆਈ ਸਤਨਾਮ ਸਿੰਘ, ਸਿਪਾਹੀ ਰਵੀ ਕੁਮਾਰ ਲੇਡੀ ਸਿਪਾਹੀ ਪਰਮਿੰਦਰ ਕੌਰ,ਹੋਮਗਾਰਡ ਮਹੇਸ਼ ਪਾਲ ਸਰਕਾਰੀ ਗੱਡੀ ਰਾਹੀਂ ਗਸ਼ਤ ਦੇ ਸਬੰਧ ਵਿਚ ਪਿੰਡ ਫੁਗਲਾਣਾ ਤੋਂ ਭੂੰਗਰਨੀ, ਮੁਖਲੀਆਣਾ ਸਾਇਡ ਨੂੰ ਜਾ ਰਹੇ ਸੀ, ਜਦੋਂ ਪੁਲਸ ਪਾਰਟੀ ਪਿੰਡ ਭੂੰਗਰਨੀ ਤੋਂ ਪੰਡੋਰੀ ਕੱਦ ਵੱਲ ਨੂੰ ਮੁੜਨ ਲੱਗੀ ਤਾਂ ਸਾਹਮਣੇ ਤੋਂ ਇਕ ਔਰਤ ਪੈਦਲ ਆਉਂਦੀ ਦਿਖਾਈ ਦਿੱਤੀ ਜੋ ਪੁਲਸ ਪਾਰਟੀ ਨੂੰ ਦੇਖ ਕੇ ਯਕਦਮ ਘਬਰਾ ਗਈ ਜਿਸ ਨੂੰ ਏ ਐਸ ਆਈ ਗੁਲਸ਼ਨ ਕੁਮਾਰ ਨੇ ਲੇਡੀ ਸਿਪਾਹੀ ਪਰਮਿੰਦਰ ਕੌਰ ਦੀ ਮਦਦ ਨਾਲ ਕਾਬੂ ਕਰਕੇ ਨਾਂਅ ਤੇ ਪਤਾ ਪੁੱਛਿਆ ਜਿਸ ਨੇ ਆਪਣਾ ਨਾਂਅ ਰਮਨ ਕੌਰ ਉਰਫ ਰਮਨਾ ਪਤਨੀ ਬਲਵੀਰ ਵਾਸੀ ਸਰਹਾਲਾ ਕਲਾਂ ਥਾਣਾ ਚੱਬੇਵਾਲ ਹਾਲ ਵਾਸੀ ਭੂੰਗਰਨੀ ਥਾਣਾ ਮੇਹਟੀਆਣਾ ਦੱਸਿਆ।ਉਸ ਕੋਲ ਇਕ ਮੋਮੀ ਲਿਫਾਫਾ ਜਿਸ ਨੂੰ ਚੈਕ ਕਰਨ 'ਤੇ ਉਸ ਵਿਚੋਂ 102 ਨਸ਼ੀਲੀਆਂ ਬ੍ਰਾਮਦ ਹੋਣ 'ਤੇ ਉਸਦੇ ਖਿਲਾਫ ਮੁਕੱਦਮਾ ਨੰਬਰ 14 ਮਿਤੀ 27-02-2025 ਨੂੰ ਅ.ਧ. 22-61-85 ਐਨ ਡੀ ਪੀ ਐਸ Act ਥਾਣਾ ਮੇਹਟੀਆਣਾ ਦਰਜ ਰਜਿਸਟਰ ਕੀਤਾ ਗਿਆ। ਉਸ ਦੇ ਖਿਲਾਫ ਪਹਿਲਾਂ ਵੀ ਐਨ ਡੀ ਪੀ ਐਸ ਤਹਿਤ ਪਰਚੇ ਦਰਜ ਹਨ ।

# ਪਰਮਾਰ ਨੇ ਜ਼ਿਲ੍ਹੇ 'ਚ ਕੀਤੀ ਕਾਸੋ ਅਪ੍ਰੇਸ਼ਨ ਦੀ ਅਗਵਾਈ

**ਭਲਾਣ (ਹਰਭਜਨ ਢਿੱਲੋਂ)**- ਨੰਗਲ ਵਿਚ ਏ. ਡੀ. ਜੀ. ਪੀ ਐਸ. ਪੀ. ਐਸ ਪਰਮਾਰ ਨੇ ਜ਼ਿਲ੍ਹੇ ਵਿਚ ਕਾਸੋ ਅਪ੍ਰੇਸ਼ਨ ਦੀ ਅਗਵਾਈ ਕੀਤੀ। ਨੰਗਲ ਦੇ ਰਾਜ ਨਗਰ ਝੁੰਗੀਆਂ, ਰੇਲਵੇ ਸਟੇਸ਼ਨ ਤੇ ਬੱਸ ਸਟੈਂਡ ਤੇ ਵੱਖ- ਵੱਖ ਥਾਵਾਂ 'ਤੇ ਸਪੈਸ਼ਲ ਚੈਕਿੰਗ ਕੀਤੀ ਗਈ। ਇਸ ਤੋਂ ਇਲਾਵਾ ਹੋਰ ਮਾੜੇ ਅਨਸਰਾਂ ਦੀ ਵੀ CASO ਤਹਿਤ ਸਪੈਸ਼ਲ ਚੈਕਿੰਗ ਕੀਤੀ ਗਈ।ਇਸ ਦੌਰਾਨ ਕੁਲਵੀਰ ਸਿੰਘ ਡੀ.ਐਸ.ਪੀ ਨੰਗਲ ਵਲੋਂ ਪਬਲਿਕ ਨੂੰ ਜਰੂਰੀ ਅਪੀਲ ਕੀਤੀ ਗਈ ਕਿ ਜੇਕਰ ਉਹਨਾਂ ਦੇ ਆਸ-ਪਾਸ ਕੋਈ ਵੀ ਵਿਅਕਤੀ ਨਸ਼ਾ ਵੇਚਦਾ ਜਾ ਨਸ਼ਾ ਕਰਦਾ ਹੈ ਤਾਂ ਉਸ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ ਜਾਵੇ, ਸੂਚਨਾ ਦੇਣ ਵਾਲੇ ਦਾ ਨਾਂਅ ਗੁਪਤ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਨਸ਼ਾ ਵੇਚਣ ਵਾਲੇ ਵਿਅਕਤੀਆਂ ਖਿਲਾਫ ਸਪੈਸ਼ਲ ਮੁਹਿਮ ਵਿੱਢੀ ਜਾਵੇਗੀ ਤੇ ਕਿਸੇ ਵੀ ਗੈਰ ਕਾਨੂੰਨੀ ਗਤੀਵਿਧੀ ਕਰਨ ਵਾਲੇ ਵਿਅਕਤੀ ਨੂੰ ਬਖਸ਼ਿਆ ਨਹੀ ਜਾਵੇਗਾ।ਉਨ੍ਹਾਂ ਨੇ ਦੱਸਿਆ ਕਿ ਅੰਤਰਰਾਜੀ ਨਾਕਿਆਂ ਨਾਲ ਸਲੱਮ ਏਰੀਏ ਵਿਚ ਜ਼ਿਲ੍ਹੇ ਦੇ ਅਧਿਕਾਰੀ ਲਗਾਤਾਰ ਚੈਕਿੰਗ ਕਰ ਰਹੇ ਹਨ। ਕਾਸੋ ਤਹਿਤ ਵਾਹਨਾਂ ਦੀ ਚੈਕਿੰਗ ਕੀਤੀ ਗਈ ਅਤੇ ਸ਼ੱਕੀ ਥਾਵਾਂ 'ਤੇ ਪੁਲਸ ਨੇ ਦਬਿਸ਼ ਦਿੱਤੀ। ਇਸ ਮੌਕੇ ਸਮੁੱਚਾ ਪੁਲਸ ਪ੍ਰਸ਼ਾਸਨ ਹਰ ਖੇਤਰ ਵਿੱਚ ਪੂਰੀ ਤਰ੍ਹਾਂ ਚੌਕਸ ਨਜ਼ਰ ਆਇਆ।






# ਐੱਸ ਡੀ ਕਾਲਜ 'ਚ ਵਿਕਸਤ ਭਾਰਤ ਮੁਹਿੰਮ ਤਹਿਤ ਲੈਕਚਰ

**ਸੁਲਤਾਨਪੁਰ ਲੋਧੀ, ( ਹਨੀ )** ਐਸ. ਡੀ. ਕਾਲਜ ਫਾਰ ਵੂਮੈਨ ਸੁਲਤਾਨਪੁਰ ਲੋਧੀ ਵਿਖੇ ਭਾਰਤ ਤੇ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਚਲਾਏ ਜਾ ਰਹੇ 'ਵਿਕਸਿਤ ਭਾਰਤ ਪ੍ਰੋਗਰਾਮ' ਅਧੀਨ ਕਾਲਜ 'ਚ ਲੈਕਚਰ ਕਰਵਾਏ ਗਏ।ਪ੍ਰਿੰਸੀਪਲ ਡਾ.ਵੰਦਨਾ ਸ਼ੁਕਲਾ ਦੀ ਅਗਵਾਈ ਅਤੇ ਅੰਗਰੇਜ਼ੀ ਵਿਭਾਗ ਦੇ ਮੈਡਮ ਰਾਜਿੰਦਰ ਕੌਰ ਦੀ ਦੇਖ ਰੇਖ ਵਿੱਚ ਦੋ ਲੈਕਚਰ ਕਰਵਾਏ ਗਏ।ਪਹਿਲਾ ਲੈਕਚਰ 'ਸੋਸ਼ਲ ਮੀਡੀਆ ਦਾ ਨੌਜਵਾਨਾ ਉੱਤੇ ਪ੍ਰਭਾਵ' ਵਿਸ਼ੇ 'ਤੇ ਕਰਵਾਇਆ ਗਿਆ ਅਤੇ ਦੂਜਾ ਲੈਕਚਰ 'ਤਕਨੀਕੀ ਸਿੱਖਿਆ ਅਤੇ ਨੌਜਵਾਨ' ਵਿਸ਼ੇ 'ਤੇ ਕਰਵਾਇਆ ਗਿਆ । ਦੋਵਾਂ ਵਿਸ਼ਿਆਂ ਬਾਰੇ ਜਾਣਕਾਰੀ ਦਿੰਦੇ ਹੋਏ ਸੁਖਪ੍ਰੀਤ ਕੌਰ ਬੀ ਏ ਭਾਗ ਤੀਜਾ ਅਤੇ ਨਵਜੋਤ ਕੌਰ ਬੀ ਏ ਭਾਗ ਪਹਿਲਾ ਨੇ ਇਸ ਸੰਬੰਧੀ ਨੌਜਵਾਨਾਂ ਦੇ ਯੋਗਦਾਨ ਦੇ ਵਿਸ਼ੇਸ਼ ਮਹੱਤਵ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਸੋਸ਼ਲ ਮੀਡੀਆ ਅਤੇ ਤਕਨੀਕੀ ਸਿੱਖਿਆ ਦੋ ਅਜਿਹੇ ਥੰਮ ਹਨ ਜੋ 'ਵਿਕਸਿਤ ਭਾਰਤ ਪ੍ਰੋਗਰਾਮ' ਨੂੰ ਅੰਦਰੂਨੀ ਅਤੇ ਬਾਹਰੀ ਪੱਖਾਂ ਤੋਂ ਸਫਲ ਬਣਾ ਸਕਦੇ ਹਨ।ਦਿਨੋ ਦਿਨ ਵੱਧ ਰਹੇ ਸਾਈਬਰ ਅਪਰਾਧ ਅਤੇ ਤਕਨੀਕੀ ਸਿੱਖਿਆ ਦੇ ਗਲਤ ਇਸਤੇਮਾਲ ਤੋਂ ਬਚਣ ਲਈ ਸੁਚੇਤ ਰਹਿਣਾ ਜਰੂਰੀ ਹੈ। ਲੈਕਚਰ ਤੋਂ ਲਾਭ ਉਠਾਉਣ ਵਾਲੇ ਵਿਦਿਆਰਥੀਆਂ ਵੱਲੋਂ ਇਹਨਾਂ ਵਿਸ਼ਿਆਂ 'ਤੇ ਚਰਚਾ ਕਰਦੇ ਹੋਏ ਪ੍ਰਸ਼ਨ ਵੀ ਪੁੱਛੇ ਗਏ, ਜਿਨ੍ਹਾਂ ਦੇ ਯੋਗ ਤਰੀਕੇ ਨਾਲ ਉੱਤਰ ਵੀ ਦਿੱਤੇ ਗਏ।

# ਗੁ. ਸਿੰਘ ਸ਼ਹੀਦਾਂ ਸੋਹਾਣਾ ਵੱਲੋਂ ਸਰਬੱਤ ਦੇ ਭਲੇ ਲਈ ਗੁਰਮਤਿ ਸਮਾਗਮ

**ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)**- ਇਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁ. ਸਿੰਘ ਸ਼ਹੀਦਾਂ ਸੋਹਾਣਾ ਦੇ ਸਮੂਹ ਸੇਵਾਦਾਰਾਂ ਵਲੋਂ ਗੁ. ਪ੍ਰਬੰਧਕ ਕਮੇਟੀ ਅਤੇ ਸਮੂਹ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਸੈਕਟਰ 77 ਦੇ ਨੇੜੇ ਮਾਤਾ ਸੁੰਦਰੀ ਜੀ ਗੁਰਦੁਆਰਾ ਸਾਹਿਬ ਕੋਲ ਲਾਈਟਾਂ ਦੇ ਸਾਹਮਣੇ (ਨੇੜੇ ਏਅਰ ਪੋਰਟ ਰੋਡ) ਸਰਬੱਤ ਦੇ ਭਲੇ ਲਈ ਗੁਰਮਤਿ ਸਮਾਗਮ ਦਾ ਆਯੋਜਨ ਕਰਵਾਇਆ ਗਿਆ। ਇਸ ਸਮਾਗਮ ਵਿੱਚ ਚੌਕ ਨਾਲ ਲੱਗਦੀ ਖੁੱਲੀ ਜਗ੍ਹਾ ਤੇ ਪੰਡਾਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ, ਇਸ ਉਪਰੰਤ ਗੁਰਮਤਿ ਸਮਾਗਮ ਦਾ ਕਰਵਾਇਆ ਗਿਆ ।ਇਸ ਗੁਰਮਤਿ ਸਮਾਗਮ ਵਿੱਚ ਭਾਈ ਗੁਰਮੀਤ ਸਿੰਘ , ਭਾਈ ਸੁਰਿੰਦਰ ਸਿੰਘ , ਭਾਈ ਨੀਤਿਨ ਸਿੰਘ , ਭਾਈ ਸੁਖਵਿੰਦਰ ਸਿੰਘ ਦੇ ਜਥਿਆਂ ਨੇ ਆਪਣੇ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ।ਇਸ ਦੌਰਾਨ ਚਾਹ , ਬਿਸਕੁੱਟ, ਜਲੇਬੀਆਂ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਗੁ. ਸਾਹਿਬ ਮਾਤਾ ਸੁੰਦਰੀ ਜੀ ਦੇ ਨਾਲ ਲਗਦੇ ਏਅਰਪੋਰਟ ਰੋਡ ਵਿਖੇ ਬਹੁਤ ਦੁਰਘਟਨਾਵਾਂ ਹੁੰਦੀਆਂ ਸਨ, ਇੱਥੇ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲਿਆਂ ਦੇ ਬਚਨਾਂ ਸਦਕਾ ਸਰਬੱਤ ਦੇ ਭਲੇ ਲਈ ਹਰ ਸਾਲ ਗੁ. ਸਿੰਘ ਸ਼ਹੀਦਾਂ ਸੋਹਾਣਾ ਵਲੋਂ ਗੁਰਮਤਿ ਸਮਾਗਮ ਅਤੇ ਗੁਰੂ ਦੇ ਅਤੁੱਟ ਲੰਗਰ ਲਗਾਇਆ ਜਾਂਦਾ ਹੈ। ਜਿਸ ਵਿਚ ਸੰਗਤਾਂ ਭਾਰੀ ਗਿਣਤੀ ਵਿੱਚ ਸ਼ਾਮਲ ਹੋਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੀਆਂ ਹਨ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕਰਦੀਆਂ ਹਨ।



# ਬਸਪਾ 15 ਨੂੰ ਕਰੇਗੀ ਪੰਜਾਬ ਸੰਭਾਲੋ ਰੈਲੀ : ਕਰੀਮਪੁਰੀ



**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ )** ਸੱਤਾ ਸੰਭਾਲਣ ਦੇ ਤਿੰਨ ਮਹੀਨੇ ਅੰਦਰ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਐਲਾਨ ਕਰਨ ਵਾਲੀ ਸਰਕਾਰ ਨੇ ਤਿੰਨ ਸਾਲ ਬਾਅਦ ਨਸ਼ਾ ਸੌਦਾਗਰਾਂ ਖਿਲਾਫ ਮੁਹਿੰਮ ਛੇੜੀ ਹੈ।ਇਹ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਨੇ ਜਲੰਧਰ, ਬੰਗਾ, ਫਿਲੌਰ, ਨਕੋਦਰ, ਬਲਾਚੌਰ, ਚੰਡੀਗੜ੍ਹ ਸਟੇਟ ਯੂਟੀ ਵਿਖੇ ਭਾਰੀ ਇਕੱਠਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦਿੱਲੀ ਵਾਂਗ ਡੁੱਬਦੀ ਬੇੜੀ ਦੇਖ ਕੇ ਪੰਜਾਬ ਸਰਕਾਰ ਨੂੰ ਨਸ਼ਿਆਂ ਨਾਲ ਪੰਜਾਬ ਦੀ ਜਵਾਨੀ ਦੀ ਹੋ ਰਹੀ ਬਰਬਾਦੀ ਦਿਸਣ ਲੱਗੀ ਹੈ, ਪਰ ਤਿੰਨ ਸਾਲ ਅੰਦਰ ਪੰਜਾਬ ਦੇ ਨੌਜਵਾਨਾਂ ਦੀਆਂ ਨਸ਼ਿਆਂ ਕਾਰਨ ਹੋਈਆਂ ਅਨਗਿਣਤ ਮੌਤਾਂ ਦਾ ਹਿਸਾਬ ਸਰਕਾਰ ਨੂੰ 2027 ਵਿੱਚ ਪੰਜਾਬ ਦੀ ਜਨਤਾ ਨੂੰ ਦੇਣਾ ਪਵੇਗਾ। ਉਨਾਂ ਕਿਹਾ ਬਸਪਾ 15 ਮਾਰਚ ਨੂੰ ਫਗਵਾੜਾ ਵਿਖੇ ਪੰਜਾਬ ਸੰਭਾਲੋ ਵੱਡੀ ਰੈਲੀ ਕਰਕੇ ਨਸ਼ਿਆਂ ਤੋਂ ਮਾਵਾਂ ਦੇ ਪੁੱਤ ਬਚਾਉਣ ਲਈ , ਪੰਜਾਬ ਨੂੰ ਆਰਥਿਕ, ਸਿਹਤ ਤੇ ਵਿੱਦਿਅਕ ਤੌਰ 'ਤੇ ਮਜਬੂਤ ਬਣਾਉਣ ਲਈ ਪੰਜਾਬ ਦੇ ਲੋਕਾਂ ਨੂੰ ਲਾਮਬੰਦ ਕਰਕੇ ਵੱਡਾ ਅੰਦੋਲਨ ਆਰੰਭ ਕਰੇਗੀ। ਉਨਾਂ ਕਿਹਾ ਪੰਜਾਬ ਲਈ ਵਿਦੇਸ਼ਾਂ 'ਚ ਰੁਜ਼ਗਾਰ ਦੇ ਦਰਵਾਜੇ ਬੰਦ ਹੋ ਰਹੇ ਹਨ, ਛੇ ਛੇ ਮਹੀਨੇ ਜੰਗਲਾਂ ਵਿਚ ਭੁੱਖੇ ਥਿਹਾਏ ਰਹਿ ਕੇ ਜ਼ਮੀਨਾਂ, ਘਰ ਵੇਚ 50-50 ਲੱਖ ਖਰਚ ਕੇ ਰੁਜ਼ਗਾਰ ਲਈ ਵਿਦੇਸ਼ ਪਹੁੰਚੇ ਪੰਜਾਬੀਆਂ ਨੂੰ ਕੜੀਆਂ ਪੈਰਾਂ 'ਚ ਬੇੜੀਆਂ ਪਾ ਕੇ ਮੁਜਰਮਾਂ ਵਾਂਗ ਲਿਆ ਕੇ ਸੁੱਟਿਆ ਜਾ ਰਿਹਾ ਹੈ ਜਿਸ ਲਈ ਕੇਂਦਰ ਅਤੇ ਪੰਜਾਬ ਸਰਕਾਰ ਜਿੰਮੇਵਾਰ ਹਨ। ਉਨਾਂ ਕਿਹਾ ਆਪ ਪਾਰਟੀ, ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਇਹ ਸਾਰੀਆਂ ਸਾਮੰਤਵਾਦੀ, ਫਿਰਕਾਪ੍ਰਸਤ ਜਾਤੀਵਾਦੀ ਵਿਚਾਰਧਾਰਾ ਵਾਲੀਆਂ ਪਾਰਟੀਆਂ ਬਾਬਾ ਸਾਹਿਬ ਡਾ. ਅੰਬੇਡਕਰ ਦੀ ਵਿਚਾਰਧਾਰਾ ਦੇ ਉਲਟ ਦਲਿਤਾਂ, ਪੱਛੜਿਆਂ ਦੇ ਖਿਲਾਫ ਨੀਤੀਆਂ ਬਣਾਕੇ ਚਲਦੀਆਂ ਹਨ। ਜਿਸਦਾ ਸਬੂਤ ਸਰਕਾਰ ਵਲੋਂ ਲਗਾਏ ਕਾਰਪੋਰੇਸ਼ਨਾਂ ਦੇ ਮੇਅਰ, ਮੰਡੀ ਬੋਰਡ, ਜ਼ਿਲ੍ਹਾ ਪ੍ਰੀਸ਼ਦ ਚੇਅਰਮੈਨ ਲਈ ਦਲਿਤਾਂ, ਪੱਛੜਿਆਂ ਲਈ ਕੋਈ ਥਾਂ ਨਾ ਹੋਣਾ ਹੈ ।ਕਰੀਮਪੁਰੀ ਨੇ ਕਿਹਾ ਕਿ ਬਸਪਾ ਬਾਨੀ ਸਾਹਿਬ ਕਾਂਸ਼ੀ ਰਾਮ ਦੇ ਜਨਮ ਦਿਨ ਮੌਕੇ ਦਾਨਾ ਮੰਡੀ ਫਗਵਾੜਾ ਵਿਖੇ ਵਿਸ਼ਾਲ ਇਕੱਠ ਕਰਕੇ ਬਸਪਾ ਵਲੋਂ ਪੰਜਾਬ ਵਿੱਚ ਮਹਿੰਗਾਈ, ਬੇਰੁਜ਼ਗਾਰੀ, ਨਸ਼ਿਆਂ, ਸਰਕਾਰ ਅਨੁਸੂਚਿਤ ਜਾਤੀ, ਪਛੜਿਆਂ ਨਾਲ ਸਮਾਜਿਕ ਵਿਤਕਰੇ ਦੇ ਵਿਰੋਧ ਵਿਚ ਸ਼ੁਰੂ ਕੀਤੇ ਅੰਦੋਲਨ ਨੂੰ ਤੇਜ਼ ਕੀਤਾ ਜਾਵੇਗਾ।

# ਗੁਰੂ ਹਰਿ ਰਾਇ ਦੀ ਯਾਦ 'ਚ ਸਾਲਾਨਾ ਫੁੱਟਬਾਲ ਟੂਰਨਾਮੈਂਟ ਸਮਾਪਤ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਭੁੰਗਰਨੀ ਵਿਖੇ ਸਾਲਾਨਾ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ। ਆਰੰਭਤਾ ਤੋਂ ਪਹਿਲਾਂ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਫਾਈਨਲ ਮੈਚ 58 ਕਿਲੋ ਗ੍ਰਾਮ ਭਾਰ ਵਰਗ ਪਿੰਡ ਭੁੰਗਰਨੀ ਅਤੇ ਪਾਸ਼ਟਾਂ ਵਿਚਕਾਰ ਕਰਵਾਇਆ ਗਿਆ। ਜਿਸ ਵਿੱਚ ਪਿੰਡ ਪਾਸ਼ਟਾਂ ਦੀ ਟੀਮ ਇੱਕ ਗੋਲ ਨਾਲ ਜੇਤੂ ਰਹੀ। ਇਸੇ ਤਰ੍ਹਾਂ ਮੈਚ ਖੇੜਾ ਠੱਕਰਵਾਲ ਅਤੇ ਹਾਰਟਾ ਵਿਚਕਾਰ ਕਰਵਾਇਆ ਗਿਆ। ਜਿਸ ਵਿੱਚ ਪਿੰਡ ਖੇੜਾ ਠੱਕਰਵਾਲ ਦੀ ਟੀਮ ਜੇਤੂ ਰਹੀ।45 ਕਿਲੋ ਗ੍ਰਾਮ ਭਾਰ ਵਰਗ ਦਾ ਮੈਚ ਭੁੰਗਰਨੀ ਅਤੇ ਘੜਿਆਲਾ ਵਿਚਕਾਰ ਕਰਵਾਇਆ ਗਿਆ। ਜਿਸ ਵਿੱਚ ਪਿੰਡ ਭੁੰਗਰਨੀ ਦੀ ਟੀਮ ਜੇਤੂ ਰਹੀ। ਫੁੱਟਬਾਲ ਓਪਨ ਪਿੰਡ ਪੱਧਰ ਪਹਿਲਾ ਇਨਾਮ 28000 ਰੁਪਏ, ਦੂਜਾ ਇਨਾਮ 21000 ਰੁਪਏ, ਫੁੱਟਬਾਲ 58 ਕਿਲੋ ਗ੍ਰਾਮ ਪਹਿਲਾ ਇਨਾਮ 9100 ਰੁਪਏ ਦੂਜਾ 7100 ਰੁਪਏ ਅਤੇ ਟਰਾਫੀ ਦਿੱਤੀ ਗਈ।ਮੁੱਖ ਮਹਿਮਾਨ ਡਾਕਟਰ ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਹੁਸ਼ਿਆਰਪੁਰ ਵੱਲੋਂ ਜੇਤੂ ਅਤੇ ਉਪ ਜੇਤੂ ਟੀਮਾਂ ਇਨਾਮਾਂ ਦੀ ਵੰਡ ਕੀਤੀ ਗਈ। ਇਸ ਮੌਕੇ ਜਥੇਦਾਰ ਸੁਰਜੀਤ ਸਿੰਘ ਮਸੂਤਾ, ਜਗਤਾਰ ਸਿੰਘ ਭੁੰਗਰਨੀ ਸੀਨੀਅਰ ਪੱਤਰਕਾਰ, ਅਮਨਦੀਪ ਸਿੰਘ ਗਿਰਨ, ਜਸਕਰਨ ਸਿੰਘ, ਹਰਵਿੰਦਰ ਸਿੰਘ, ਡਾਕਟਰ ਗੁਰਦੇਵ ਸਿੰਘ ਤਨੂੰਲੀ, ਸੁਖਵਿੰਦਰ ਸਿੰਘ ਪੰਚ, ਕੁਲਦੀਪ ਸਿੰਘ, ਗੁਰਵਿੰਦਰ ਸਿੰਘ, ਗੁਰਮੀਤ ਸਿੰਘ ਬਾਬਾ, ਇੰਦਰ ਅਰੋੜਾ, ਗੁਰਮਿੰਦਰ ਸਿੰਘ ਸਹਿਗਲ, ਗੁਰਪ੍ਰੀਤ ਸਿੰਘ ਗੋਪੀ, ਗੁਰਦੀਪ ਸਿੰਘ ਦੌਲਤਪੁਰ, ਸਰਪੰਚ ਗੁਰਦੀਪ ਕੌਰ ਜੰਜੂਆ, ਧਰਮ ਸਿੰਘ ਜੰਜੂਆ, ਦਵਿੰਦਰ ਸਿੰਘ ਪੰਚ, ਜਸਵੰਤ ਸਿੰਘ ਪੰਚ, ਲਖਵਿੰਦਰ ਸਿੰਘ ਪੰਚ, ਸੁਖਵਿੰਦਰ ਸਿੰਘ ਸੁੱਖਾ ਪੰਚ, ਮਨਿੰਦਰ ਕੌਰ ਪੰਚ, ਦੀਪਾ ਬਾਬਾ, ਮਨਿੰਦਰ ਸਿੰਘ ਸਹਿਗਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਖੇਡ ਪ੍ਰੇਮੀ ਹਾਜ਼ਰ ਸਨ।



# 'ਆਪ' ਦੇ ਰਾਜ ਅਧੀਨ ਸਿਹਤ ਵਿਭਾਗ ਦੇ ਪ੍ਰੋਜੈਕਟਾਂ ਨੂੰ ਅਣਗੌਲਿਆ ਕੀਤਾ : ਸਿੱਧੂ



**ਚੰਡੀਗੜ੍ਹ, ( ਗੁਰਜੀਤ ਬਿੱਲਾ )**— ਪੰਜਾਬ ਦੇ ਸਾਬਕਾ ਸਿਹਤ ਮੰਤਰੀ ਅਤੇ ਸੀਨੀਅਰ ਕਾਂਗਰਸ ਆਗੂ ਬਲਬੀਰ ਸਿੰਘ ਸਿੱਧੂ ਨੇ ਸਿਹਤ ਵਿਭਾਗ ਪ੍ਰਤੀ ਆਮ ਆਦਮੀ ਪਾਰਟੀ ਦੀਆਂ ਗਲਤ ਨੀਤੀਆਂ ਦਾ ਪਰਦਾਫਾਸ਼ ਕੀਤਾ। ਉਨ੍ਹਾਂ ਕਿਹਾ, 'ਸੈਕਟਰ 69 ਵਿੱਚ ਡਿਸਪੈਂਸਰੀ, ਫੇਜ਼ 6 ਵਿੱਚ ਹਸਪਤਾਲ ਅਤੇ ਸੈਕਟਰ 79 ਵਿੱਚ ਡਿਸਪੈਂਸਰੀ ਸਮੇਤ ਕਈ ਪ੍ਰੋਜੈਕਟ, ਜੋ ਸਾਡੇ ਵੱਲੋਂ ਮੋਹਾਲੀ ਵਿੱਚ ਸ਼ੁਰੂ ਕੀਤੇ ਗਏ ਸਨ, ਅਜੇ ਵੀ ਲੰਬਿਤ ਹਨ ਅਤੇ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਪੂਰੇ ਨਹੀਂ ਕੀਤੇ ਗਏ ਹਨ।' ਉਨ੍ਹਾਂ ਸੈਕਟਰ 79 ਡਿਸਪੈਂਸਰੀ ਦੀ ਹਕੀਕਤ ਦੀ ਜਾਂਚ ਕਰਦੇ ਹੋਏ ਇਹ ਭਾਵਨਾਵਾਂ ਪ੍ਰਗਟ ਕੀਤੀਆਂ। ਉਨ੍ਹਾਂ ਕਿਹਾ ਕਿ ਮੋਹਾਲੀ ਵਿੱਚ ਸੈਕਟਰ 79 ਡਿਸਪੈਂਸਰੀ ਦੀ ਕੁੱਲ ਲਾਗਤ ਲਗਭਗ 1.05 ਕਰੋੜ ਰੁਪਏ ਸੀ, ਜਿਸ ਵਿੱਚੋਂ 45 ਲੱਖ ਰੁਪਏ ਦਾ ਕੰਮ ਕਾਂਗਰਸ ਪਾਰਟੀ ਵੱਲੋਂ ਪਹਿਲਾਂ ਹੀ ਪੂਰਾ ਕੀਤਾ ਜਾ ਚੁੱਕਾ ਹੈ।ਉਨ੍ਹਾਂ ਅੱਗੇ ਕਿਹਾ, ਆਮ ਆਦਮੀ ਪਾਰਟੀ ਸਰਕਾਰ ਦੇ ਰਾਜ ਵਿੱਚ ਮੋਹਾਲੀ ਦੇ ਸੈਕਟਰ 79 ਵਿੱਚ ਸਥਿਤ ਡਿਸਪੈਂਸਰੀ ਹੁਣ ਖੰਡਰ ਬਣਦੀ ਜਾ ਰਹੀ ਹੈ। ਵਿਸ਼ਵ ਪੱਧਰੀ ਸਿਹਤ ਮਾਡਲ ਦੇ ਨਾਂਅ 'ਤੇ ਵੋਟਾਂ ਮੰਗਣ ਵਾਲੀ ਸਰਕਾਰ ਇਸ ਵਿਭਾਗ ਨਾਲ ਸਬੰਧਤ ਕਿਸੇ ਵੀ ਪ੍ਰੋਜੈਕਟ ਵੱਲ ਧਿਆਨ ਨਹੀਂ ਦੇ ਰਹੀ ਹੈ।ਉਨ੍ਹਾਂ ਅੱਗੇ ਕਿਹਾ ਕਿ ਸੈਕਟਰ 69 ਅਤੇ ਸੈਕਟਰ 79 ਦੇ ਨਾਲ, ਮੋਹਾਲੀ ਦੇ ਫੇਜ਼ 6 ਵਿੱਚ ਸਥਿਤ ਹਸਪਤਾਲ ਵੀ ਲੋੜੀਂਦੇ ਪ੍ਰਬੰਧ ਕਰਨ ਅਤੇ ਜ਼ਰੂਰਤਾਂ ਪੂਰੀਆਂ ਕਰਨ ਲਈ ਵਾਰ-ਵਾਰ ਬੇਨਤੀਆਂ ਕਰਨ ਦੇ ਬਾਵਜੂਦ, ਬਿਨਾਂ ਕਿਸੇ ਸਟਾਫ ਦੇ ਚੱਲ ਰਿਹਾ ਹੈ।ਸਿੱਧੂ ਨੇ ਸਰਕਾਰ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਕਰੋੜਾਂ ਰੁਪਏ ਦੀ ਲਾਗਤ ਨਾਲ ਉਨ੍ਹਾਂ ਦੀ ਪਾਰਟੀ ਦੁਆਰਾ ਬਣਾਈ ਗਈ ਡਿਸਪੈਂਸਰੀ ਹੁਣ ਖੰਡਰ ਵਿੱਚ ਬਦਲ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕ ਹੁਣ ਸਰਕਾਰੀ ਸਿਹਤ ਸਹੂਲਤਾਂ ਪਾਉਣ ਲਈ ਸੰਘਰਸ਼ ਕਰ ਰਹੇ ਹਨ।'ਆਪ' ਸਰਕਾਰ 'ਤੇ ਨਿਸ਼ਾਨਾ ਸਾਧਦੇ ਹੋਏ ਉਨ੍ਹਾਂ ਕਿਹਾ ਕਿ ਆਪ ਸਰਕਾਰ ਨੇ ਲੋਕਾਂ ਨਾਲ ਝੂਠੇ ਵਾਅਦੇ ਕਰਨ ਤੋਂ ਇਲਾਵਾ ਕੁਝ ਨਹੀਂ ਕੀਤਾ। ਮੋਹਾਲੀ ਦੇ ਵਿਕਾਸ ਲਈ ਕੋਈ ਨਵਾਂ ਪ੍ਰੋਜੈਕਟ ਸ਼ੁਰੂ ਕਰਨ ਦੀ ਤਾਂ ਗੱਲ ਦੂਰ ਦੀ ਹੈ, ਵਿਧਾਇਕ ਪੁਰਾਣੇ, ਲੰਬਿਤ ਪ੍ਰੋਜੈਕਟਾਂ ਨੂੰ ਵੀ ਪੂਰਾ ਨਹੀਂ ਕਰ ਰਹੇ ਹਨ।

# ਸੀ ਪੀ ਐੱਫ ਕਰਮਚਾਰੀ ਯੂਨੀਅਨ ਦੀ ਹੋਈ ਮੀਟਿੰਗ




**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**— ਸੀ.ਪੀ.ਐਫ. ਕਰਮਚਾਰੀ ਯੂਨੀਅਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਵਿਸਥਾਰ ਕਰਨ ਹਿੱਤ ਇੱਕ ਜਰੂਰੀ ਮੀਟਿੰਗ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਮਨਜਿੰਦਰਜੀਤ ਸਿੰਘ ਦੀ ਪ੍ਰਧਾਨਗੀ ਹੇਠ ਵੱਖ-ਵੱਖ ਵਿਭਾਗਾਂ ਦੇ ਕਰਮਚਾਰੀਆਂ ਦੀ ਮੌਜੂਦਗੀ ਵਿੱਚ ਬੱਸ ਸਟੈਂਡ ਨਵਾਂਸ਼ਹਿਰ ਵਿਖੇ ਕੀਤੀ ਗਈ।ਮੀਟਿੰਗ ਵਿੱਚ ਹਾਜ਼ਰ ਵੱਖ-ਵੱਖ ਵਿਭਾਗਾਂ ਦੇ ਕਰਮਚਾਰੀਆਂ ਦੁਆਰਾ ਯੂਨੀਅਨ ਦੇ ਵਿਸਥਾਰ ਸਬੰਧੀ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ ਗਏ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਮਨਜਿੰਦਰਜੀਤ ਸਿੰਘ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਯੂਨੀਅਨਾਂ ਦੇ ਦਬਾਅ ਕਾਰਨ ਨਵੀਂ ਪੈਨਸ਼ਨ ਅਧੀਨ ਕਰਮਚਾਰੀਆਂ ਨੇ ਕਈ ਤਰ੍ਹਾਂ ਦੀਆਂ ਪ੍ਰਾਪਤੀਆਂ ਕੀਤੀਆਂ ਹਨ ਜਿਹਨਾਂ ਬਾਰੇ ਕਿਹਾ ਜਾਂਦਾ ਸੀ ਕਿ ਨਵੀਂ ਪੈਨਸ਼ਨ ਵਿੱਚ ਕੋਈ ਵੀ ਸੋਧ ਸੰਭਵ ਨਹੀਂ ਹੈ।ਯੂਨੀਅਨ ਦੇ ਬੁਲਾਰਿਆਂ ਨੇ ਯੂਨੀਅਨ ਦੇ ਵਿਸਥਾਰ ਅਤੇ ਯੂਨੀਅਨ ਦੇ ਆਉਣ ਵਾਲੇ ਸਮੇਂ ਦੇ ਐਕਸ਼ਨਾਂ ਸਬੰਧੀ ਚਾਨਣਾ ਪਾਇਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਿਕਰਮਜੀਤ ਸਿੰਘ, ਗੁਰਦੀਸ਼ ਸਿੰਘ, ਮਲਕੀਤ ਸਿੰਘ, ਸਤਪਾਲ ਸਿੰਘ, ਪਵਨ ਕੁਮਾਰ, ਗੁਰਪ੍ਰੀਤ ਸਿੰਘ, ਸ਼ਮਸ਼ੇਰ ਸਿੰਘ, ਸਿਮਰਨਜੀਤ ਸਿੰਘ, ਚਰਨਜੀਤ ਸਿੰਘ, ਹਰਸੇਵਕ ਸਿੰਘ, ਜੈਪਾਲ ਸਿੰਘ,ਬਲਵੀਰ ਵੀ ਹਾਜ਼ਰ ਸਨ।

# ਅਕੈਡਮੀ ਵਿਖੇ ਤਿੰਨ ਦਿਨਾ ਸਮਾਗਮ 7 ਤੋਂ

**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**: ਸੰਤ ਬਾਬਾ ਵਰਿਆਮ ਸਿੰਘ ਜੀ ਅਕੈਡਮੀ ਪਿੰਡ ਗਧਰਾਮ ਕਲਾਂ ਵਿਖੇ ਤਿੰਨ ਦਿਨਾਂ ਸੰਤ ਸਮਾਗਮ ਕਰਵਾਉਣ ਸੰਬੰਧੀ ਮੀਟਿੰਗ ਬਾਬਾ ਗੁਰਦੇਵ ਸਿੰਘ ਬਨੂੰੜ ਵਾਲਿਆਂ ਦੀ ਅਗਵਾਈ ਹੇਠ ਹੋਈ। ਸੇਵਾਦਾਰ ਆੜ੍ਹਤੀ ਮਨਜੀਤ ਸਿੰਘ ਕੰਗ ਨੇ ਦੱਸਿਆ ਕਿ ਮੀਟਿੰਗ ਦੌਰਾਨ ਸਮੂਹ ਹਾਜ਼ਰ ਸੇਵਾਦਾਰਾਂ ਵੱਲੋਂ ਮਤਾ ਪਾਸ ਕੀਤਾ ਗਿਆ ਕਿ ਅਕੈਡਮੀ ਵਿਖੇ ਤਿੰਨ ਦਿਨਾ ਸਮਾਗਮ 7, 8 ਅਤੇ 9 ਮਾਰਚ ਨੂੰ ਕਰਵਾਇਆ ਜਾਵੇਗਾ।ਉਨ੍ਹਾਂ ਦੱਸਿਆ ਕਿ ਇਸ ਤਿੰਨ ਦਿਨਾਂ ਸਮਾਗਮ ਦੌਰਾਨ ਸੰਤ ਮਹਾਂਪੁਰਸ਼ ਕਥਾ ਕੀਰਤਨ ਅਤੇ ਗੁਰਮਤਿ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਦਰਸ਼ਨ ਸਿੰਘ ਭੰਗੂ, ਮੋਹਨ ਸਿੰਘ, ਮਾਸਟਰ ਨਰਿੰਦਰ ਸਿੰਘ, ਬਿੱਲੂ ਪਿੱਪਲ ਮਾਜਰਾ ਅਤੇ ਜਸਵੰਤ ਸਿੰਘ ਸੰਧੂਆਂ ਸਮੇਤ ਹੋਰ ਵੀ ਸੇਵਾਦਾਰ ਹਾਜ਼ਰ ਸਨ।

# ਕਿਸਾਨ ਮੋਰਚੇ 'ਚ ਵੱਡੀ ਗਿਣਤੀ 'ਚ ਸ਼ਾਮਲ ਹੋਣਗੇ ਕੁੱਲ ਹਿੰਦ ਕਿਸਾਨ ਸਭਾ ਦੇ ਵਰਕਰ : ਭੰਗਲ

**ਸ੍ਰੀ ਆਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ )**- ਇੱਥੇ ਕੁੱਲ ਹਿੰਦ ਕਿਸਾਨ ਸਭਾ ਪਿੰਡ ਢੇਰ ਯੂਨਿਟ ਦੀ ਇੱਕ ਭਰਵੀਂ ਮੀਟਿੰਗ ਪ੍ਰਧਾਨ ਕੁਲਵਿੰਦਰ ਸਿੰਘ ਭੰਗਲ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਕਿਸਾਨਾਂ ਨੇ ਫੈਸਲਾ ਕੀਤਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਪੰਜ ਮਾਰਚ ਤੋਂ ਚੰਡੀਗੜ੍ਹ ਲਗਾਇਆ ਜਾ ਰਹੇ ਪੱਕੇ ਮੋਰਚੇ ਵਿੱਚ ਵੱਡੀ ਗਿਣਤੀ 'ਚ ਕਿਸਾਨ ਸ਼ਾਮਿਲ ਹੋਣਗੇ। ਮੀਟਿੰਗ ਨੂੰ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਕਿਸਾਨਾਂ 'ਤੇ ਲਗਾਤਾਰ ਹਮਲੇ ਕਰ ਰਹੀ ਹੈ। ਜੋ ਕਿਸਾਨਾਂ ਨੇ ਵੱਡੀਆਂ ਕੁਰਬਾਨੀਆਂ ਦੇ ਕੇ 2020- 21 ਦਾ ਕਿਸਾਨ ਅੰਦੋਲਨ 'ਚ ਜਿੱਤ ਪ੍ਰਾਪਤ ਕੀਤੀ ਸੀ ਉਹੀ ਮੋਦੀ ਸਰਕਾਰ ਤਿੰਨ ਖੇਤੀ ਵਿਰੋਧੀ ਕਾਲੇ ਕਾਨੂੰਨਾਂ ਨੂੰ ਵਾਪਸ ਲੈਣ ਤੋਂ ਬਾਅਦ ਨਵੀਂ ਕੌਮੀ ਖੇਤੀ ਮੰਡੀਕਰਨ ਨੀਤੀ ਲਾਗੂ ਕਰ ਰਹੀ ਹੈ। ਜਿਸ ਦੇ ਲਾਗੂ ਹੋਣ ਨਾਲ ਮੰਡੀਆਂ ਬਿਲਕੁਲ ਖਤਮ ਹੋ ਜਾਣਗੀਆਂ, ਖਰੀਦ ਸਿੱਧੀ ਕਾਰਪੋਰੇਟ ਘਰਾਣਿਆਂ ਦੇ ਹੱਥ ਚਲੇ ਜਾਵੇਗੀ। ਇਸ ਲਈ ਇਹ ਨੀਤੀ ਖੇਤੀ ਵਿਰੋਧੀ ਕਾਲੇ ਕਾਨੂੰਨਾਂ ਨਾਲੋਂ ਵੀ ਖਤਰਨਾਕ ਹੈ। ਉਹਨਾਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਮੰਗ ਕਰਦਾ ਕਿ ਦੇਸ਼ ਭਰ ਵਿੱਚ ਐਮਐਸਪੀ 'ਤੇ ਕਾਨੂੰਨ ਬਣਾਇਆ ਜਾਵੇ, ਮਜ਼ਦੂਰਾਂ ਕਿਸਾਨਾਂ ਦੇ ਸਿਰ ਚੜ੍ਹਿਆ ਕਰਜਾ ਮਾਫ ਕੀਤਾ ਜਾਵੇ, ਮਜ਼ਦੂਰਾਂ ਕਿਸਾਨਾਂ ਨੂੰ 60 ਸਾਲ ਦੀ ਉਮਰ ਤੋਂ ਬਾਅਦ 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਵੇ, ਬੀਮਾ ਯੋਜਨਾ ਨੂੰ ਲਾਗੂ ਕੀਤਾ ਜਾਵੇ, ਪ੍ਰਦੂਸ਼ਣ 'ਤੇ ਬਣਾਇਆ ਕਾਨੂੰਨ ਰੱਦ ਕੀਤਾ ਜਾਵੇ। ਉਹਨਾਂ ਨੇ ਕਿਹਾ ਕਿ ਪੰਜ ਮਾਰਚ ਤੋਂ ਚੰਡੀਗੜ੍ਹ ਅਣਮਿਥੇ ਸਮੇਂ ਦਾ ਮੋਰਚਾ ਲੱਗ ਰਿਹਾ ਹੈ। ਇਸ ਮੌਕੇ 'ਤੇ ਜਸਵਿੰਦਰ ਸਿੰਘ ਢੇਰ,ਹਰਜਾਪ ਸਿੰਘ ਵਡਿਆਲ , ਸੂਬੇਦਾਰ ਹਰਜਾਪ ਸਿੰਘ ਭੰਗਲ, ਕਸਤੂਰ ਸਿੰਘ ਸਾਧੜਾ, ਗੁਰਦਿਆਲ ਸਿੰਘ ਅਟਵਾਲ, ਪ੍ਰੇਮ ਸਿੰਘ ਅਟਵਾਲ, ਫੌਜੀ ਜੁਝਾਰ ਸਿੰਘ, ਇੰਦਰਜੀਤ ਸਿੰਘ ਫੌਜੀ, ਅਮਰੀਕ ਸਿੰਘ ਅਟਵਾਲ,ਬਿੱਕਰ ਸਿੰਘ ਭੰਗਲ, ਮਹਿੰਦਰ ਸਿੰਘ ਭੰਗਲ, ਗੁਰਦੇਵ ਸਿੰਘ ਭੰਗਲ, ਦੀਦਾਰ ਸਿੰਘ ਕੂਨਰ, ਚੰਨਣ ਸਿੰਘ ਤੋਂ ਇਲਾਵਾ ਹੋਰ ਕਿਸਾਨ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



# ਮਹਿੰਦਰ ਭਗਤ ਨੇ ਦੀਪ ਜਗਾ ਕੇ ਸ਼੍ਰੀਮਦ ਭਾਗਵਤ ਕਥਾ ਦਾ ਕੀਤਾ ਉਦਘਾਟਨ



**ਜਲੰਧਰ -(ਇਕਬਾਲ ਸਿੰਘ ਉਭੀ)**- ਸ਼੍ਰੀ ਕਸ਼ਟ ਨਿਵਾਰਨ ਬਾਲਾਜੀ ਸੇਵਾ ਪਰਵਾਰ ਵੱਲੋਂ ਸਾਈਂ ਦਾਸ ਸਕੂਲ ਪਟੇਲ ਚੌਕ ਦੇ ਮੈਦਾਨ ਵਿੱਚ ਆਯੋਜਿਤ ਹਫਤਾਵਾਰੀ ਸ਼੍ਰੀਮਦ ਭਾਗਵਤ ਕਥਾ ਦੇ ਪੰਜਵੇਂ ਦਿਨ ਦਾ ਉਦਘਾਟਨ ਪੰਜਾਬ ਦੇ ਬਾਗਬਾਨੀ ਮੰਤਰੀ ਮਹਿੰਦਰ ਭਗਤ ਨੇ ਦੀਪ ਜਗਾ ਕੇ ਕੀਤਾ।ਇਹ ਕਥਾ ਵਿਸ਼ਵ ਪ੍ਰਸਿੱਧ ਅਧਿਆਤਮਿਕ ਕਥਾਵਾਚਕ ਜਯਾ ਕਿਸ਼ੋਰੀ ਦੁਆਰਾ ਸੁਣਾਈ ਜਾ ਰਹੀ ਹੈ।ਇਸ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਗੁਰੂਆਂ ਅਤੇ ਪੀਰਾਂ ਦੀ ਧਰਤੀ ਹੈ, ਜਿੱਥੇ ਅਜਿਹੇ ਧਾਰਮਿਕ ਸਮਾਗਮ ਹੁੰਦੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਕਲਯੁੱਗ ਵਿੱਚ ਮੁਕਤੀ ਪ੍ਰਾਪਤ ਕਰਨ ਦਾ ਇੱਕੋ ਇੱਕ ਤਰੀਕਾ ਸ਼੍ਰੀਮਦ ਭਾਗਵਤ ਕਥਾ ਸੁਣਨਾ ਹੈ।ਉਨ੍ਹਾਂ ਨੇ ਜਲੰਧਰ ਸੈਂਟਰਲ ਦੇ ਵਿਧਾਇਕ ਰਮਨ ਅਰੋੜਾ ਦੀ ਪ੍ਰਸ਼ੰਸਾ ਕੀਤੀ ਕਿ ਉਨ੍ਹਾਂ ਨੇ ਵਿਸ਼ਵ ਪ੍ਰਸਿੱਧ ਅਧਿਆਤਮਿਕ ਕਥਾਵਾਚਕ ਵੱਲੋਂ ਇਸ ਇਕੱਠ ਨੂੰ ਤਿੰਨ ਵਾਰ ਆਯੋਜਿਤ ਕਰਨ ਲਈ ਕੀਤੇ ਗਏ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਜਲੰਧਰ ਦੇ ਲੋਕਾਂ ਨੂੰ ਇਸ ਪਵਿੱਤਰ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਹਿੱਸਾ ਲੈਣ ਅਤੇ ਭਗਵਾਨ ਸ਼੍ਰੀ ਕ੍ਰਿਸ਼ਨ ਦਾ ਅਸ਼ੀਰਵਾਦ ਪ੍ਰਾਪਤ ਕਰਨ ਦਾ ਸੱਦਾ ਦਿੱਤਾ।ਇਸ ਮੌਕੇ ਕੈਬਨਿਟ ਮੰਤਰੀ ਮਹਿੰਦਰ ਭਗਤ, ਵਿਧਾਇਕ ਰਮਨ ਅਰੋੜਾ, ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਦੇ ਉਪ ਪ੍ਰਧਾਨ ਦਿਨੇਸ਼ ਢੱਲ ਨੇ ਜਯਾ ਕਿਸ਼ੋਰ ਦਾ ਫੁੱਲਾਂ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ।

3-MAR-PAGE-1.qxd 3/2/2025 10:18 PM Page 2



## ਸਰਕਾਰੀ ਹਾਈ ਸਕੂਲ ਔਲਖ ਦੇ ਵਿਦਿਆਰਥੀਆਂ ਵੱਲੋਂ ਵਿੱਦਿਅਕ ਫੇਰੀ



**ਕੋਟਕਪੂਰਾ (ਰਛਪਾਲ ਭੁੱਲਰ)**-ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਗਿਆਨ ਭੰਡਾਰ ਵਿੱਚ ਵਾਧਾ ਕਰਨ ਲਈ ਸਿੱਖਿਆ ਵਿਭਾਗ ਪੰਜਾਬ ਵੱਲੋਂ ਸਮੇਂ ਸਮੇਂ 'ਤੇ ਵਿੱਦਿਅਕ ਟੂਰ ਲਈ ਗ੍ਰਾਂਟਾਂ ਜਾਰੀ ਕੀਤੀਆਂ ਜਾਂਦੀਆਂ ਹਨ।ਇਸ ਤਹਿਤ ਸਰਕਾਰੀ ਹਾਈ ਸਕੂਲ ਔਲਖ ਦੇ ਨੌਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਮੁੱਖ ਅਧਿਆਪਕ ਜਗਜੀਵਨ ਸਿੰਘ ਦੀ ਅਗਵਾਈ ਹੇਠ ਮਹਾਰਾਜਾ ਰਣਜੀਤ ਸਿੰਘ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਤੇ ਬੀੜ ਤਲਾਬ ਚਿੜੀਆ ਘਰ ਬਠਿੰਡਾ ਦੀ ਵਿੱਦਿਅਕ ਫੇਰੀ ਲਗਾਈ ਗਈ।ਇਸ ਵਿੱਦਿਅਕ ਫੇਰੀ ਦੌਰਾਨ ਵਿਦਿਆਰਥੀਆਂ ਨੂੰ ਵਿਸ਼ਾਲ ਲਾਇਬ੍ਰੇਰੀ, ਮਕੈਨੀਕਲ ਲੈਬ, ਮੈਥ ਵਿਭਾਗ, ਆਰਕੀਟੈਕਚਰ ਵਿਭਾਗ, ਰੋਬੌਟਿਕ ਲੇਜ਼ਰ ਪ੍ਰਿੰਟਿੰਗ, ਟੈਕਸਟਾਈਲ ਇੰਜੀਨੀਅਰਿੰਗ, ਕੱਪੜੇ ਬਣਾਉਣ, ਧਾਗੇ ਬਣਾਉਣ ਬਾਰੇ ਜਾਣੂ ਕਰਵਾਇਆ ਗਿਆ।ਇਸ ਤੋਂ ਇਲਾਵਾ ਵਿਦਿਆਰਥੀਆਂ ਨੇ ਫੈਸ਼ਨ ਡਿਜ਼ਾਇਨਿੰਗ ਦੇ ਵੱਖ-ਵੱਖ ਕੋਰਸਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ, ਇਲੈਕਟਰੀਕਲ ਮਕੈਨੀਕਲ ਵਰਕਸ਼ਾਪਾਂ ਦੀ ਵਿਜ਼ਟ ਕੀਤੀ ਗਈ ਅਤੇ ਵੱਖ-ਵੱਖ ਡਿਪਲੋਮਿਆਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ।ਇਸ ਉਪਰੰਤ ਵਿਦਿਆਰਥੀਆਂ ਨੂੰ ਬੀੜ ਤਲਾਬ ਚਿੜੀਆਘਰ ਦੀ ਸੈਰ ਕਰਵਾਈ ਗਈ, ਜਿਸ ਵਿੱਚ ਉਨ੍ਹਾਂ ਵੱਲੋਂ ਡੀਅਰ ਸਫਾਰੀ ਤੇ ਵੱਖ ਵੱਖ ਪ੍ਰਕਾਰ ਦੇ ਪੰਛੀ ਤੇ ਜਾਨਵਰ ਦੇਖੇ ਗਏ।ਸਮੁੱਚੇ ਟੂਰ ਦੌਰਾਨ ਬੱਚਿਆਂ ਦੀ ਅਗਵਾਈ ਸਕੂਲ ਅਧਿਆਪਕਾ ਮੈਡਮ ਗੁਰਚਰਨ ਕੌਰ, ਰਣਜੀਤ ਕੌਰ, ਨਰਿੰਦਰਜੀਤ ਕੌਰ, ਰਾਜੇਸ਼ ਕੁਮਾਰ ਤੇ ਸੱਜਣ ਕੁਮਾਰ ਵੱਲੋਂ ਕੀਤੀ ਗਈ।ਸਾਰੇ ਵਿਦਿਆਰਥੀਆਂ ਨੇ ਇਸ ਵਿੱਦਿਅਕ ਫੇਰੀ ਦਾ ਭਰਪੂਰ ਆਨੰਦ ਮਾਣਿਆ ਤੇ ਸਿੱਖਿਆ ਵਿਭਾਗ ਪੰਜਾਬ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

## 'ਆਪ' ਸਰਕਾਰ ਦੇ ਮੁਢਲੇ ਕਾਰਜਕਾਲ ਦੌਰਾਨ ਹੀ ਲੋਕਾਂ ਦਾ ਹੋਇਆ ਮੋਹ ਭੰਗ : ਗੁਰਦਿੱਤ ਢਿੱਲੋਂ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ਼੍ਰੋਮਣੀ ਅਕਾਲੀ ਦਲ ਦੇ ਯੂਥ ਆਗੂ ਤੇ ਐਸਓਆਈ ਦੇ ਪ੍ਰਧਾਨ ਗੁਰਦਿੱਤ ਸਿੰਘ ਢਿੱਲੋਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਹਰ ਫਰੰਟ ਤੋਂ ਫੇਲ੍ਹ ਸਾਬਿਤ ਹੋ ਚੁੱਕੀ ਹੈ ਤੇ ਲੋਕਾਂ ਦਾ ਝੁਕਾਅ ਹੁਣ ਸ਼੍ਰੋਮਣੀ ਅਕਾਲੀ ਦਲ ਪਾਰਟੀ ਵੱਲ ਵਧਦਾ ਜਾ ਰਿਹਾ ਹੈ, ਕਿਉਂਕਿ ਪੰਜਾਬ ਵਾਸੀਆਂ ਨੇ ਇਸ ਤੋਂ ਪਹਿਲਾਂ ਕਾਂਗਰਸ ਪਾਰਟੀ ਦੀ ਸਰਕਾਰ ਦੇ ਕਾਰਜਕਾਲ ਦਾ ਸਮਾਂ ਵੀ ਦੇਖ ਲਿਆ ਅਤੇ ਹੁਣ ਆਮ ਆਦਮੀ ਪਾਰਟੀ ਦੇ ਕਾਰਜਕਾਲ ਦਾ ਲਗਭਗ ਸਵਾ ਤਿੰਨ ਸਾਲ ਦਾ ਸਮਾਂ ਲੰਘ ਚੁੱਕਾ ਹੈ ਅਤੇ ਇਸ ਸਮੇਂ ਵਿੱਚ ਸੂਬਾ ਸਰਕਾਰ ਪੰਜਾਬ ਦੇ ਲੋਕਾਂ ਦੇ ਦਿਲਾਂ ਵਿੱਚ ਆਪਣੀ ਜਗ੍ਹਾ ਬਣਾਉਣ ਵਿਚ ਫੇਲ੍ਹ ਸਾਬਿਤ ਹੋਈ ਅਤੇ ਪੰਜਾਬ ਵਾਸੀ ਆਮ ਆਦਮੀ ਪਾਰਟੀ ਦਾ ਬਿਸਤਰਾ ਗੋਲ ਕਰਨ ਲਈ ਤਿਆਰ ਬਰ ਤਿਆਰ ਬੈਠੇ ਹਨ, ਕਿਉਂਕਿ ਜੋ ਸਬਜ਼ਬਾਗ਼ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਪਾਰਟੀ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪੰਜਾਬ ਵਾਸੀਆ ਨੂੰ ਦਿਖਾਏ ਸਨ, ਉਸ 'ਤੇ ਪੂਰਾ ਨਹੀਂ ਉੱਤਰ ਸਕੇ।ਢਿੱਲੋਂ ਨੇ ਅੱਗੇ ਦੱਸਿਆ ਕਿ ਜਿਸ ਤਰ੍ਹਾਂ ਦਿੱਲੀ ਵਾਸੀਆਂ ਨੇ ਆਮ ਆਦਮੀ ਪਾਰਟੀ ਨੂੰ ਬਾਹਰਲਾ ਰਸਤਾ ਦਿਖਾਇਆ ਹੈ, ਉਸੇ ਤਰ੍ਹਾਂ ਹੀ ਪੰਜਾਬ ਵਾਸੀ ਆਉਣ ਵਾਲੀਆਂ 2027 ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਬਾਹਰਲਾ ਰਸਤਾ ਦਿਖਾਉਣ ਲਈ ਕਾਹਲੇ ਪਏ ਹਨ।ਉਨ੍ਹਾ ਕਿਹਾ ਕਿ ਹੁਣ ਪੰਜਾਬ ਦੇ ਲੋਕਾਂ ਨੂੰ ਪਤਾ ਲੱਗ ਚੁੱਕਾ ਹੈ ਕਿ ਉਨ੍ਹਾਂ ਦਾ ਭਲਾ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਤੋਂ ਬਿਨਾਂ ਹੋਰ ਕੋਈ ਪਾਰਟੀ ਨਹੀਂ ਕਰ ਸਕਦੀ।ਇਸ ਲਈ ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਵੱਲੋਂ ਮੈਂਬਰਸ਼ਿਪ ਭਰਤੀ ਦੀ ਚਲਾਈ ਮੁਹਿੰਮ ਵਿੱਚ ਧੜਾਧੜ ਜੁੜ ਰਹੇ ਹਨ।ਉਨ੍ਹਾਂ ਕਿਹਾ ਕਿ ਵਿਰੋਧੀ ਜਿੰਨਾ ਮਰਜ਼ੀ ਸ਼੍ਰੋਮਣੀ ਅਕਾਲੀ ਦਲ ਪਾਰਟੀ ਪ੍ਰਤੀ ਗੁੰਮਰਾਹਕੁਨ ਪ੍ਰਚਾਰ ਕਰ ਲੈਣ, ਪਰ ਉਹ ਹੁਣ ਸਫਲ ਨਹੀਂ ਹੋਣਗੇ।ਅਖੀਰ ਵਿੱਚ ਉਨ੍ਹਾਂ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਸੂਬੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਲਿਆਉਣ ਲਈ ਹੁਣ ਤੋਂ ਕਮਰ ਕੱਸ ਲੈਣ।ਇਸ ਮੌਕੇ ਉਨ੍ਹਾਂ ਨਾਲ ਪਾਰਟੀ ਆਗੂ ਤੇ ਵਰਵਰ ਮੌਜੂਦ ਸਨ।

## ਜਨਔਸ਼ਧੀ ਦਿਵਸ ਮੌਕੇ ਪੀ ਜੀ ਆਈ 'ਚ ਪੈਦਲ ਯਾਤਰਾ



**ਸਮਰਾਲਾ (ਸੁਰਜੀਤ ਸਿੰਘ)**-ਪੂਰੇ ਭਾਰਤ ਵਿੱਚ 1 ਤੋਂ 7 ਮਾਰਚ ਤੱਕ ਸੱਤਵਾਂ ਜਨਔਸ਼ਧੀ ਦਿਵਸ ਸਮਾਗਮ ਮਨਾਇਆ ਜਾ ਰਿਹਾ ਹੈ।ਇਸ ਮੌਕੇ ਪੀਜੀਆਈ ਚੰਡੀਗੜ੍ਹ ਵਿੱਚ ਜਨਔਸ਼ਧੀ ਪੈਦਲ ਯਾਤਰਾ ਦਾ ਆਯੋਜਨ ਕੀਤਾ ਗਿਆ, ਜਿਸ ਦੀ ਸ਼ੁਰੂਆਤ ਮੁੱਖ ਮਹਿਮਾਨ ਡਾ. ਪੰਕਜ ਤੇ ਮਾਨਯੋਗ ਮਹਿਮਾਨ ਡਾ. ਰਵਿੰਦਰ ਕੌਰ, ਡਾ. ਜਸਲੀਨ ਕੌਰ ਤੇ ਡਾ. ਸਤਿੰਦਰ ਕੌਰ ਵੱਲੋਂ ਹਰੀ ਝੰਡੀ ਦਿਖਾ ਕੇ ਕੀਤੀ ਗਈ।ਇਸ ਦੌਰਾਨ ਈ-ਰਿਕਸ਼ਾ ਰਾਹੀਂ ਪੂਰੇ ਚੰਡੀਗੜ੍ਹ ਵਿੱਚ ਜਨਔਸ਼ਧੀ ਬਾਰੇ ਜਨਤਾ ਨੂੰ ਜਾਣਕਾਰੀ ਦਿੱਤੀ ਗਈ।ਇਸ ਯਾਤਰਾ ਵਿੱਚ ਅਮਿਤ ਸ਼ਰਮਾ ਤੇ ਅਰਫ਼ਾਤ ਅਲੀ (ਅਸਿਸਟੈਂਟ ਮੈਨੇਜਰ, ਜਨਔਸ਼ਧੀ), ਰਜਨੀ ਸ਼ਰਮਾ, ਲਲਿਤਾ ਪਰਲ, ਨਰਿੰਦਰ, ਹਾਮਿਦ (ਜਨਔਸ਼ਧੀ ਸਟਾਫ) ਤੇ ਆਮ ਜਨਤਾ ਨੇ ਹਿੱਸਾ ਲੈ ਕੇ ਇਸ ਨੂੰ ਸਫਲ ਬਣਾਇਆ।ਯਾਤਰਾ ਦੌਰਾਨ ਡਾ. ਪੰਕਜ ਤੇ ਡਾ. ਰਵਿੰਦਰ ਨੇ ਘੱਟ ਕੀਮਤਾਂ 'ਤੇ ਉੱਚ ਗੁਣਵੱਤਾ ਵਾਲੀਆਂ ਦਵਾਈਆਂ ਬਾਰੇ ਜਨਤਾ ਨੂੰ ਜਾਣਕਾਰੀ ਦਿੱਤੀ।ਡਾ. ਪੰਕਜ ਨੇ ਦੱਸਿਆ ਕਿ ਮਹਿੰਗੀਆਂ ਦਵਾਈਆਂ ਨਾਲ ਇਲਾਜ ਕਰਾਉਣਾ ਬਹੁਤ ਮੁਸ਼ਕਲ ਹੈ, ਲਿਹਾਜ਼ਾ ਜਨ ਔਸ਼ਧੀ ਦੀਆਂ ਸਸਤੀ ਤੇ ਉੱਚ-ਗੁਣਵੱਤਾ ਵਾਲੀਆਂ ਦਵਾਈਆਂ ਮਰੀਜ਼ ਤੇ ਉਸ ਦੇ ਪਰਿਵਾਰ ਲਈ ਫਾਇਦੇਮੰਦ ਹਨ।ਉਨ੍ਹਾਂ ਕਿਹਾ ਕਿ ਜਨਔਸ਼ਧੀ ਕੇਂਦਰ ਇਸੇ ਉਦੇਸ਼ ਨਾਲ ਕਈ ਸਾਲਾਂ ਤੋਂ ਜਨਤਾ ਨੂੰ ਘੱਟ ਕੀਮਤਾਂ 'ਤੇ ਉੱਚ ਗੁਣਵੱਤਾ ਵਾਲੀਆਂ ਦਵਾਈਆਂ ਉਪਲਬਧ ਕਰਵਾ ਰਹੇ ਹਨ।

## ਵਰਲਡ ਯੂਨੀਵਰਸਿਟੀ ਵਿਖੇ ਮਾਤ ਭਾਸ਼ਾ ਦਿਹਾੜੇ ਨੂੰ ਸਮਰਪਤ ਕਾਨਫਰੰਸ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਵਿਖੇ ਕੌਮਾਂਤਰੀ ਮਾਤ ਭਾਸ਼ਾ ਦਿਹਾੜੇ ਨੂੰ ਸਮਰਪਤ ਇਕ ਰੋਜ਼ਾ ਕਾਨਫਰੰਸ ਕਰਵਾਈ ਗਈ।ਕਾਨਫਰੰਸ ਦਾ ਵਿਸ਼ਾ 19ਵੀਂ ਸਦੀ ਦਾ ਪੰਜਾਬੀ ਤੇ ਸਿੱਖ ਸਾਹਿਤ ਉਲੀਕਿਆ ਗਿਆ।ਕਾਨਫਰੰਸ ਵਿੱਚ ਵੱਖ-ਵੱਖ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਬੁੱਧੀਜੀਵੀਆਂ ਨੇ ਭਾਗ ਲਿਆ। ਇਸ ਕਾਨਫਰੰਸ ਵਿੱਚ ਪ੍ਰਧਾਨਗੀ ਕਰ ਰਹੇ ਡਾ. ਧਰਮ ਸਿੰਘ ਸਾਬਕਾ ਪ੍ਰੋਫੈਸਰ ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਡਾ. ਗੁਰਪਾਲ ਸਿੰਘ ਸੰਧੂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਕਾਨਫਰੰਸ ਦੀ ਰੂਪ-ਰੇਖਾ ਵਿੱਚ ਤਿੰਨ ਸੈਸ਼ਨ ਉਲੀਕੇ ਗਏ।ਪਹਿਲੇ ਉਦਘਾਟਨੀ ਸੈਸ਼ਨ ਵਿੱਚ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਪ੍ਰਿਤਪਾਲ ਸਿੰਘ, ਡੀਨ ਅਕਾਦਮਿਕ ਮਾਮਲੇ ਪ੍ਰੋ. ਸੁਖਵਿੰਦਰ ਸਿੰਘ ਬਿਲਿੰਗ, ਡਾ. ਸਿਕੰਦਰ ਸਿੰਘ ਮੁਖੀ ਪੰਜਾਬੀ ਵਿਭਾਗ ਅਤੇ ਡਾ. ਸੁਮਿਤ ਕੁਮਾਰ ਡੀਨ ਅਲੂਮਨੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਦੂਜੇ ਤੇ ਤੀਜੇ ਸੈਸ਼ਨ ਵਿੱਚ ਵੱਖ-ਵੱਖ ਵਿਦਵਾਨਾਂ ਦੁਆਰਾ 19ਵੀਂ ਸਦੀ ਦੇ ਪੰਜਾਬੀ ਤੇ ਸਿੱਖ ਸਾਹਿਤ ਦੇ ਵਿਭਿੰਨ ਪਹਿਲੂਆਂ 'ਤੇ ਖੋਜ ਪੱਤਰ ਪੇਸ਼ ਕੀਤੇ ਗਏ।ਇਸ ਦੌਰਾਨ ਪੰਜਾਬੀ ਵਿਭਾਗ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਮੁਖੀ, ਅਧਿਆਪਕ ਸਾਹਿਬਾਨ ਤੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਕਾਵਿ ਉਚਾਰਣ ਮੁਕਾਬਲਾ ਕਰਵਾਇਆ ਗਿਆ।ਇਸ ਸਮਾਗਮ ਵਿੱਚ ਬੀ.ਏ, ਬੀ.ਐੱਡ ਦੇ ਵਿਦਿਆਰਥੀ ਸ਼ਾਮਲ ਹੋਏ।ਇਸ ਮੌਕੇ ਵਿਭਾਗ ਮੁਖੀ ਡਾ. ਹਰਨੀਤ ਕੌਰ ਬਿਲਿੰਗ ਨੇ ਮਾਤ ਭਾਸ਼ਾ ਦੀ ਲੋੜ ਤੇ ਮਹੱਤਤਾ ਸਬੰਧੀ ਵਿਦਿਆਰਥੀਆਂ ਨੂੰ ਸੰਬੋਧਤ ਕੀਤਾ।

## ਗਲੋਬਲ ਡਿਸਕਵਰੀ ਸਕੂਲ 'ਚ ਸਾਲਾਨਾ ਗ੍ਰੈਜੂਏਸ਼ਨ ਸਮਾਰੋਹ




**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀ.ਬੀ.ਐਸ.ਈ. ਤੋਂ ਮਾਨਤਾ ਪ੍ਰਾਪਤ ਸਰਾਫ਼ ਐਜੂਬੀਕਨ ਗਲੋਬਲ ਡਿਸਕਵਰੀ ਸਕੂਲ ਦੇ ਵਿਹੜੇ ਵਿੱਚ ਸਕੂਲ ਪ੍ਰਿੰਸੀਪਲ ਸ੍ਰੀਮਤੀ ਅੰਜੂ ਨਾਗਪਾਲ ਦੀ ਅਗਵਾਈ ਹੇਠ ਕੇ.ਜੀ.ਵਿੰਗ ਦੇ ਵਿਦਿਆਰਥੀਆਂ ਦਾ ਗ੍ਰੈਜੂਏਸ਼ਨ ਸਮਾਰੋਹ ਕਰਾਇਆ ਗਿਆ।ਪ੍ਰੋਗਰਾਮ ਵਿੱਚ ਛੋਟੇ ਬੱਚਿਆਂ ਨੇ ਉਤਸ਼ਾਹ ਨਾਲ ਭਾਗ ਲਿਆ।ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਦੇ ਚੇਅਰਮੈਨ ਇੰਜਨੀਅਰ ਸ਼੍ਰੀ ਕਮਲੇਸ਼ ਸਰਾਫ, ਵਾਇਸ-ਚੇਅਰਮੈਨ ਸ਼੍ਰੀ ਅਮਿਤ ਸਰਾਫ, ਬੋਰਡ ਮੈਂਬਰ ਸ਼੍ਰੀਮਤੀ ਚੰਦਨ ਸਰਾਫ, ਸ਼੍ਰੀਮਤੀ ਬਿੰਦੀਆ ਸਰਾਫ ਨੇ ਦੀਪ ਜਗਾ ਕੇ ਕੀਤੀ।ਬੱਚਿਆਂ ਨੇ ਨਾਟਕ, ਡਾਂਸ, ਕਵਿਤਾਵਾਂ ਤੇ ਵੱਖ-ਵੱਖ ਗਤੀਵਿਧੀਆਂ ਰਾਹੀਂ ਰੰਗਾ ਰੰਗ ਪ੍ਰੋਗਰਾਮ ਪੇਸ਼ ਕਰਕੇ ਮਾਪਿਆਂ ਨੂੰ ਆਕਰਸ਼ਤ ਕੀਤਾ।ਅਧਿਆਪਕਾਂ ਵੱਲੋਂ ਬੱਚਿਆਂ ਨਾਲ ਬਿਤਾਏ ਮਿੱਠੇ-ਮਿੱਠੇ ਪਲਾਂ ਨੂੰ ਦਰਸਾਉਂਦੀ ਵਿਸ਼ੇਸ਼ ਪੇਸ਼ਕਾਰੀ ਦਿੱਤੀ ਗਈ।ਸਕੂਲ ਪ੍ਰਬੰਧਕਾਂ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਡਿਗਰੀ ਸਰਟੀਫਿਕੇਟ ਦਿੱਤੇ।ਸਕੂਲ ਦੇ ਚੇਅਰਮੈਨ ਇੰਜਨੀਅਰ ਸ਼੍ਰੀ ਕਮਲੇਸ਼ ਸਰਾਫ ਤੇ ਵਾਇਸ-ਚੇਅਰਮੈਨ ਸ਼੍ਰੀ ਅਮਿਤ ਸਰਾਫ ਨੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਇਸ ਪ੍ਰੋਗਰਾਮ ਦੇ ਆਯੋਜਨ ਦਾ ਮੁੱਖ ਮੰਤਵ ਵਿਦਿਆਰਥੀਆਂ ਵਿੱਚ ਆਤਮ ਵਿਸ਼ਵਾਸ, ਅਭਿਆਸ, ਨੈਤਿਕਤਾ ਆਦਿ ਗੁਣ ਪੈਦਾ ਕਰਨਾ ਹੈ।ਉਨ੍ਹਾਂ ਬੱਚਿਆਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।ਪ੍ਰਿੰਸੀਪਲ ਸ੍ਰੀਮਤੀ ਅੰਜੂ ਨਾਗਪਾਲ ਨੇ ਕਿਹਾ ਕਿ ਜਦੋਂ ਵਿਦਿਆਰਥੀ ਪ੍ਰਾਇਮਰੀ ਪੱਧਰ 'ਤੇ ਦਾਖ਼ਲਾ ਲੈਂਦੇ ਹਨ ਤਾਂ ਉਨ੍ਹਾਂ ਅੰਦਰ ਨਵੇਂ, ਸ਼ਾਨਦਾਰ ਤੇ ਰਚਨਾਤਮਕ ਵਿਚਾਰਾਂ ਦਾ ਵਿਕਾਸ ਹੁੰਦਾ ਹੈ। ਉਨ੍ਹਾਂ ਦੇ ਵਿਚਾਰਾਂ ਨੂੰ ਸਹੀ ਦਿਸ਼ਾ ਦੇਣ ਵਿੱਚ ਅਧਿਆਪਕ ਅਹਿਮ ਭੂਮਿਕਾ ਨਿਭਾਉਂਦੇ ਹਨ।

## ਪੈਨਸ਼ਨਰਜ਼ ਨੂੰ ਬਕਾਇਆ ਦੇਣ ਸੰਬੰਧੀ ਜਾਰੀ ਪੱਤਰ ਪੈਨਸ਼ਨਰਜ਼ ਨਾਲ ਕੋਝਾ ਮਜ਼ਾਕ



**ਦੋਰਾਹਾ (ਹਰਮਿੰਦਰ ਸੇਠ)**

ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਪਵਨ ਕੁਮਾਰ ਕੌਸ਼ਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਸ਼ੁਰੂ ਵਿੱਚ ਐਸੋਸੀਏਸ਼ਨ ਦੇ ਵਰਿਸਟ ਪੈਨਸ਼ਨਰ ਸ੍ਰੀ ਦੀਦਾਰ ਸਿੰਘ ਦੇ ਚਲਾਣੇ ਤੇ ਮੋਨ ਧਾਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਸਰਕਾਰ ਦੀ ਬਦਇੰਤਜ਼ਾਮੀ ਕਾਰਨ ਮਹਾਂਕੁੰਭ ਮੌਕੇ ਨਵੀਂ ਦਿੱਲੀ ਰੇਲਵੇ ਸਟੇਸ਼ਨ ਉੱਪਰ ਮੱਚੀ ਭਗਦੜ ਸਮੇਂ ਸ਼ਰਧਾਲੂਆਂ ਹੋਈਆਂ ਮੌਤਾਂ ਉੱਪਰ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਸਰਕਾਰ ਦੀ ਨਿਖੇਧੀ ਕੀਤੀ ਗਈ। ਮੀਟਿੰਗ ਵਿੱਚ ਵੱਖ-ਵੱਖ ਬੁਲਾਰਿਆਂ ਨੇ ਪੈਨਸ਼ਨਰਜ਼ ਨੂੰ 1.1.2016 ਤੋਂ 30.6.2021 ਤੱਕ ਬਨਦੇ ਬਕਾਇਆਂ ਦੀ ਅਦਾਇਗੀ ਸਬੰਧੀ 18.2.2025 ਜਾਰੀ ਕੀਤੀ ਨੋਟੀਫਿਕੇਸ਼ਨ, ਜਿਸ ਵਿੱਚ 85 ਸਾਲ ਤੋਂ ਉੱਪਰ ਦੀ ਉਮਰ ਦੇ ਪੈਨਸ਼ਰਜ਼ ਨੂੰ ਬਕਾਏ ਦੀ ਅਦਾਇਗੀ ਤਿੰਨ ਮਹੀਨੇ ਵਿੱਚ ਕਰਨ, 75 ਸਾਲ ਤੋਂ 85 ਸਾਲ ਦੀ ਉਮਰ ਤੱਕ ਦੀ ਉਮਰ ਤੱਕ ਦੇ ਪੈਨਸ਼ਨਰਜ਼ ਨੂੰ 12 ਮਹੀਨੇ ਵਿੱਚ ਤੇ 75 ਸਾਲ ਤੋਂ ਹੇਠਾਂ ਉਮਰ ਤੱਕ ਦੇ ਪੈਨਸ਼ਨਰਜ਼ ਨੂੰ ਬਕਾਏ ਦੀ ਅਦਾਇਗੀ 42 ਮਹੀਨਿਆਂ ਵਿੱਚ ਕਰਨ ਨੂੰ ਪੈਨਸ਼ਨਰਜ਼ ਨਾਲ ਇੱਕ ਕੋਝਾ ਮਜ਼ਾਕ ਦੱਸਿਆ ਗਿਆ ਹੈ। ਯਾਦ ਰਹੇ ਕਿ ਕੋਈ 35000 ਤੋਂ ਉੱਪਰ ਬਜ਼ੁਰਗ ਪੈਨਸ਼ਨਰ ਬਕਾਇਆਂ ਨੂੰ ਉਡੀਕ ਦੇ ਹੋਏ ਇਸ ਫਾਨੀ ਸੰਸਾਰ ਤੋਂ ਚਲੇ ਗਏ। ਸਰਕਾਰ ਤੇ ਇਸਦੇ ਨੁਮਾਇੰਦੇ ਆਪਣੇ ਐਸ਼ੋ ਅਰਾਮ ਲਈ ਖਜ਼ਾਨੇ ਦੁਰਵਰਤੋਂ ਕਰ ਰਹੇ ਹਨ। ਪੈਨਸ਼ਨਰਜ਼ ਵਲੋਂ ਸੇਵਾਮੁਕਤੀ ਸਮੇਂ ਕਮਿਊਟ ਕਰਾਈ ਗਈ ਪੈਨਸ਼ਨ ਉੱਪਰ ਸਰਕਾਰ 18% ਦੀ ਦਰ ਨਾਲ ਪੈਨਸ਼ਨਰਜ਼ ਤੋਂ ਵਿਆਜ ਪ੍ਰਾਪਤ ਕਰ ਰਹੀ ਹੈ। ਪੈਨਸ਼ਨਰਜ਼ ਨੂੰ ਵੀ ਉਨ੍ਹਾਂ ਦੇ 1.1.2016 ਤੋਂ 30.6.2021 ਬਨਦੇ ਬਕਾਏ ਉੱਪਰ ਸਰਕਾਰ ਪੈਨਸ਼ਨਰਜ਼ ਨੂੰ 18% ਦੀ ਦਰ ਨਾਲ ਵਿਆਜ ਦੇਵੇ। ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਉਹ ਪੈਨਸ਼ਨਰਜ਼ ਦੇ ਹੱਕ ਵਿੱਚ ਹੋਏ ਫੈਸਲਿਆਂ ਨੂੰ ਜਨਰਲਾਈਜ਼ ਕਰਕੇ ਲਾਗੂ ਕਰੇ। ਵੇਖਣ 'ਚ ਆਇਆ ਹੈ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਲੁਧਿਆਣਾ ਵੱਲੋਂ ਰਿਟਾਇਰਮੈਂਟ ਤੋਂ ਬਾਅਦ ਕਾਲਪਨਿਕ ਸਾਲਾਨਾ ਵਾਧਾ ਦੇਣ ਸੰਬੰਧੀ ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ 9.4.2024 ਨੂੰ ਸਿਵਿਲ ਰਿਟ ਪਟੀਸ਼ਨ ਐਲ ਪੀ ਏ 696, 2022 ਦੇ ਪਾਸ ਕੀਤੇ ਗਏ ਫ਼ੈਸਲੇ ਨੂੰ ਲਾਗੂ ਕਰਨ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਮੀਟਿੰਗ 'ਚ ਪੈਨਸ਼ਨਰਜ਼ ਜਾਇੰਟ ਫਰੰਟ ਵਲੋਂ ਅਉਣ ਸਮੇਂ ਵਿੱਚ ਦਿੱਤੇ ਜਾਣ ਸੱਦੇ ਵਿੱਚ ਵੱਧ ਤੋਂ ਪੈਨਸ਼ਨਰ ਸਾਥੀ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ।

## ਡੇਰਾ ਬਾਬਾ ਨਾਨਕ 'ਚ 'ਆਪ' ਦੀ ਧਮਾਕੇਦਾਰ ਜਿੱਤ ਲਈ ਵਿਧਾਇਕ ਰੰਧਾਵਾ ਨੇ ਵੋਟਰਾਂ ਦਾ ਕੀਤਾ ਧੰਨਵਾਦ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਨਗਰ ਕੌਂਸਲ ਡੇਰਾ ਬਾਬਾ ਨਾਨਕ ਦੀਆਂ ਆਮ ਚੋਣਾਂ ਵਿੱਚ ਆਮ ਆਦਮੀ ਪਾਰਟੀ ਵੱਲੋਂ ਦਰਜ ਕੀਤੀ ਧਮਾਕੇਦਾਰ ਜਿੱਤ ਉੱਪਰ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਆਪ ਦੇ 9 ਜੇਤੂ ਉਮੀਦਵਾਰਾਂ ਸਮੇਤ ਡੇਰਾ ਬਾਬਾ ਨਾਨਕ ਦੇ ਸਮੂਹ ਵੋਟਰਾਂ ਨੂੰ ਵਧਾਈ ਦਿੱਤੀ ਹੈ। ਵਿਧਾਇਕ ਰੰਧਾਵਾ ਨੇ ਕਿਹਾ ਕਿ ਨਗਰ ਕੌਂਸਲ ਡੇਰਾ ਬਾਬਾ ਨਾਨਕ ਦੀਆਂ ਚੋਣਾਂ ਦੌਰਾਨ ਹਰ ਪਾਰਟੀ ਨੂੰ ਚੋਣ ਲੜਨ ਦਾ ਬਰਾਬਰ ਮੌਕਾ ਮਿਲਿਆ ਪਰ ਵੋਟਰਾਂ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਵੱਡਾ ਫ਼ਤਵਾ ਦੇ ਕੇ ਪਾਰਟੀ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਵਿੱਚ ਆਪਣਾ ਭਰੋਸਾ ਪ੍ਰਗਟ ਕੀਤਾ। ਰੰਧਾਵਾ ਨੇ ਕਿਹਾ ਕਿ ਹਾਲਾਂਕਿ ਨਗਰ ਕੌਂਸਲ ਡੇਰਾ ਬਾਬਾ ਨਾਨਕ ਦੀਆਂ ਚੋਣਾਂ ਕਾਂਗਰਸ ਅਤੇ ਭਾਜਪਾ ਵੱਲੋਂ ਅੰਦਰਖਾਤੇ ਰਲ ਕੇ ਲੜੀਆਂ ਗਈਆਂ ਸਨ ਪਰ ਡੇਰਾ ਬਾਬਾ ਨਾਨਕ ਦੇ ਵੋਟਰਾਂ ਨੇ ਇਨ੍ਹਾਂ ਦੋਵਾਂ ਰਵਾਇਤੀ ਪਾਰਟੀਆਂ ਨੂੰ ਬੁਰੀ ਤਰ੍ਹਾਂ ਨਕਾਰ ਦਿੱਤਾ । ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਹਾਰ ਇਸ ਹਲਕੇ ਨਾਲ ਸਬੰਧਤ ਵੱਡੇ ਕਾਂਗਰਸੀ ਆਗੂ ਦੀ ਹਾਰ ਹੈ ਅਤੇ ਲੋਕਾਂ ਨੇ ਇੱਕ ਵਾਰ ਫਿਰ ਹੰਕਾਰ ਦੀ ਬਜਾਏ ਵਿਕਾਸ ਨੂੰ ਚੁਣਿਆ ਹੈ।ਉਨ੍ਹਾਂ ਕਿਹਾ ਕਿ ਵੋਟਰਾਂ ਨੇ ਜਿਸ ਵਿਸ਼ਵਾਸ ਤੇ ਉਮੀਦ ਨਾਲ ਆਪ ਉਮੀਦਵਾਰਾਂ ਨੂੰ ਜਿਤਾਇਆ ਹੈ ਪਾਰਟੀ ਉਨ੍ਹਾਂ ਉਮੀਦਾਂ 'ਤੇ ਖਰੀ ਉੱਤਰੇਗੀ।ਇਸ ਮੌਕੇ ਵਿਧਾਇਕ ਰੰਧਾਵਾ ਨੇ ਆਮ ਪਾਰਟੀ ਦੇ ਜੇਤੂ ਉਮੀਦਵਾਰਾਂ ਨੂੰ ਵਧਾਈ ਦਿੱਤੀ ਅਤੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ। ਇਸ ਮੌਕੇ ਉਨ੍ਹਾਂ ਨਾਲ ਹਰਜੀਤ ਸਿੰਘ ਠੇਠਰਕੇ, ਬਿੱਟਾ ਮਹਾਜਨ, ਸ਼ਿਖਾ ਮਹਾਜਨ, ਕੁਲਵਿੰਦਰ ਸਿੰਘ ਬੇਦੀ, ਸੱਤਪਾਲ ਸ਼ੌਂਕੀ, ਗਗਨਦੀਪ ਸਿੰਘ, ਸੁਖਵਿੰਦਰ ਸਿੰਘ, ਰਜਤ ਮਰਵਾਹਾ, ਬਲਦੇਵ ਰਾਜ ਡਾਇਮੰਡ, ਰਿੰਕੂ ਮਰਵਾਹਾ ਅਤੇ ਹੋਰ ਸੀਨੀਅਰ ਆਪ ਆਗੂ ਵੀ ਹਾਜ਼ਰ ਸਨ।

## ਸਵ. ਸੁੰਦਰ ਸਿੰਘ ਤੇ ਸਵ. ਮਾਨਸ ਕੌਰ ਦੀ ਯਾਦ 'ਚ ਅੱਖਾਂ ਦੀ ਜਾਂਚ ਤੇ ਅਪ੍ਰੇਸ਼ਨ ਕੈਂਪ

**ਨਾਭਾ (ਵਰਿੰਦਰ ਵਰਮਾ)**-ਰੋਟਰੀ ਕਲੱਬ ਨਾਭਾ ਪ੍ਰਧਾਨ ਚਰਨ ਸਿੰਘ, ਪ੍ਰੋਜੈਕਟ ਚੇਅਰਮੈਨ ਦਲਜੀਤ ਸੰਧੂ ਤੇ ਜਨਰਲ ਸਕੱਤਰ ਜੇ ਪੀ ਗੁਪਤਾ ਦੀ ਅਗਵਾਈ ਹੇਠ ਸਵ. ਸੁੰਦਰ ਸਿੰਘ ਤੇ ਸਵ. ਮਾਨਸ ਕੌਰ ਦੀ ਨਿੱਘੀ ਯਾਦ ਵਿੱਚ ਅੱਖਾਂ ਦੀ ਜਾਂਚ ਅਤੇ ਆਪਰੇਸ਼ਨ ਕੈਂਪ ਰੋਟਰੀ ਭਵਨ ਪਟਿਆਲਾ ਗੇਟ ਵਿਖੇ ਲਾਇਆ ਗਿਆ।ਕੈਂਪ ਵਿੱਚ ਮੁੱਖ ਮਹਿਮਾਨ ਸਿਹਤ ਵਿਭਾਗ ਦੇ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਤੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਸਾਂਝੇ ਤੌਰ 'ਤੇ ਕਿਹਾ ਕਿ ਰੋਟਰੀ ਕਲੱਬ ਵੱਲੋਂ ਹਮੇਸ਼ਾ ਹੀ ਸਮਾਜ ਭਲਾਈ ਦੇ ਕਾਰਜ ਕੀਤੇ ਜਾਂਦੇ ਹਨ, ਜੋ ਬਹੁਤ ਹੀ ਵਧੀਆ ਉਪਰਾਲਾ ਹੈ।ਉਨ੍ਹਾਂ ਕਿਹਾ ਕਿ ਜਿੱਥੇ ਸੂਬਾ ਸਰਕਾਰ ਵੱਲੋਂ ਪੰਜਾਬ ਦੀ ਜਨਤਾ ਦੀ ਸਿਹਤ ਨੂੰ ਲੈ ਕੇ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ, ਉਥੇ ਹੀ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨੂੰ ਬੇਨਤੀ ਕੀਤੀ ਕਿ ਲੋੜਵੰਦਾਂ ਦੀ ਮਦਦ ਲਈ ਅੱਗੇ ਆਉਣ।

ਇਸ ਮੌਕੇ ਪ੍ਰਧਾਨ ਚਰਨ ਸਿੰਘ, ਪ੍ਰੋਜੈਕਟ ਚੇਅਰਮੈਨ ਦਲਜੀਤ ਸਿੰਘ ਸੰਧੂ, ਵੇਦ ਪ੍ਰਕਾਸ਼ ਡੱਲਾ, ਸਹਾਇਕ ਚੇਅਰਮੈਨ ਜੀਵਨ ਪ੍ਰਕਾਸ਼ ਬਾਂਸਲ ਤੇ ਸਮੂਹ ਮੈਂਬਰਾਂ ਵੱਲੋਂ ਮੁੱਖ ਮਹਿਮਾਨ ਨੂੰ ਜੀ ਆਇਆ ਆਖਿਆ ਅਤੇ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।

## ਮਨਮੋਹਣ ਐੱਨ ਜੀ ਓ ਨੇ ਖੂਨਦਾਨ ਕੈਂਪ ਤੇ ਦਸਤਾਰ ਮੁਕਾਬਲੇ ਕਰਵਾਏ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਰਾਹੋਂ ਰੋਡ 'ਤੇ ਮਨਮੋਹਨ ਐਨਜੀਓ ਵੱਲੋਂ ਸਵ. ਮਨਮੋਹਨ ਸਿੰਘ ਗੁਲਿਆਣੀ, ਕੁਲਵੀਰ ਕੌਰ ਗੁਲਿਆਣੀ ਤੇ ਮਨਜਿੰਦਰਪਾਲ ਸਿੰਘ ਗੁਲਿਆਣੀ ਦੀ ਯਾਦ ਵਿੱਚ ਮੈਡੀਕਲ ਤੇ ਖੂਨਦਾਨ ਕੈਂਪ ਅਤੇ ਵਿਦਿਆਰਥੀਆਂ ਦੇ ਦਸਤਾਰ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਵੱਡੀ ਗਿਣਤੀ 'ਚ ਲੋਕਾਂ ਨੇ ਭਾਗ ਲਿਆ। ਸਮਾਗਮ ਦੇ ਸ਼ੁਰੂ ਵਿੱਚ ਮੁੱਖ ਪ੍ਰਬੰਧਕ ਪਰਮਿੰਦਰ ਸਿੰਘ ਗੁਲਿਆਣੀ ਨੇ ਸਾਰਿਆਂ ਨੂੰ 'ਜੀ ਆਇਆਂ' ਆਖਿਆ। ਦਸਤਾਰ ਮੁਕਾਬਲਿਆਂ 'ਚ 150 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲੈ ਕੇ ਸੁੰਦਰ ਦਸਤਾਰਾਂ ਸਜਾ ਕੇ ਲੋਕਾਂ ਦਾ ਮਨ ਜਿੱਤ ਲਿਆ। ਬਾਬਾ ਏਕਨਾਮ ਸਿੰਘ, ਸਿਮਰਦੀਪ ਸਿੰਘ ਲਾਲੀ, ਅੰਤਰਜੋਤ ਸਿੰਘ ਸਮਰਾਲਾ, ਦਲਵੀਰ ਸਿੰਘ, ਹਰਪ੍ਰੀਤ ਸਿੰਘ ਸਹਿਜੋ ਮਾਜਰਾ ਤੇ ਬੇਅੰਤ ਸਿੰਘ ਵੱਲੋਂ ਦਿੱਤੇ ਫੈਸਲਿਆਂ ਅਨੁਸਾਰ 5 ਤੋਂ 21 ਸਾਲ ਉਮਰ ਦੇ ਮੁਕਾਬਲਿਆਂ 'ਚ ਕ੍ਰਮਵਾਰ ਸਾਹਿਲਪ੍ਰੀਤ ਸਿੰਘ ਮਲੇਰਕੋਟਲਾ ਨੇ ਪਹਿਲਾ, ਸਹਿਜ ਸਿੰਘ ਮਾਛੀਵਾੜਾ ਨੇ ਦੂਜਾ ਤੇ ਪਰਮਵੀਰ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ, ਜਦਕਿ 16 ਤੋਂ 22 ਸਾਲ ਉਮਰ ਦੇ ਮੁਕਾਬਲਿਆਂ 'ਚ ਮਨਪ੍ਰੀਤ ਸਿੰਘ ਘਲੋਟੀ ਨੇ ਪਹਿਲਾ, ਗੁਰਸਿਮਰਨ ਸਿੰਘ ਉੱਪਲਾਂ ਨੇ ਦੂਜਾ ਤੇ ਚਮਕੌਰ ਸਾਹਿਬ ਪਾਇਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਜੇਤੂ ਵਿਦਿਆਰਥੀਆਂ ਨੂੰ ਨਕਦ ਰਾਸ਼ੀ, ਦਸਤਾਰ, ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਕਰਨ ਹਸਪਤਾਲ ਸਮਰਾਲਾ ਵਲੋਂ ਲਗਾਏ ਖੂਨਦਾਨ ਕੈਂਪ 'ਚ 50 ਤੋਂ ਵੱਧ ਲੋਕਾਂ ਨੇ ਖੂਨਦਾਨ ਕੀਤਾ, ਜਦਕਿ ਐੱਸ.ਪੀ.ਐੱਸ. ਹਸਪਤਾਲ ਲੁਧਿਆਣਾ ਵੱਲੋਂ ਡਾ. ਇੰਦਰਜੀਤ ਥਾਪਰ ਦੀ ਅਗਵਾਈ 'ਚ ਲਗਾਏ ਮੈਡੀਕਲ ਕੈਂਪ ਦੌਰਾਨ 50 ਤੋਂ ਵੱਧ ਲੋੜਵੰਦ ਮਰੀਜ਼ਾਂ ਨੂੰ ਫਿਜੀਓਥੈਰੇਪੀ ਤੇ ਹੋਰ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ। ਸਮਾਗਮ 'ਚ ਉਚੇਚੇ ਤੌਰ 'ਤੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ, ਹਲਕਾ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ, ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ, ਸਾਬਕਾ ਪ੍ਰਧਾਨ ਤੇਜਿੰਦਰ ਸਿੰਘ ਕੂੰਨਰ ਤੇ ਸਰਪ੍ਰਸਤ ਗੁਰਨਾਮ ਸਿੰਘ ਨਾਗਰਾ ਨੇ ਸ਼ਿਰਕਤ ਕਰਦਿਆਂ ਮਨਮੋਹਣ ਐਨਜੀਓ ਵੱਲੋਂ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ। ਬਲਵਿੰਦਰ ਸਿੰਘ ਗੁਲਿਆਣੀ ਨੇ ਸਹਿਯੋਗੀ ਸੱਜਣਾਂ ਦਾ ਧੰਨਵਾਦ ਕੀਤਾ।

## ਜਨਰਲ ਮਜ਼ਦੂਰ ਯੂਨੀਅਨ ਦੇ ਅਹੁਦੇਦਾਰਾਂ ਦੀ ਭੱਠਾ ਮਜ਼ਦੂਰਾਂ ਦੀਆਂ ਮੰਗਾਂ ਸਬੰਧੀ ਮੀਟਿੰਗ

### ਜ਼ਿਲ੍ਹਾ ਪ੍ਰਸ਼ਾਸਨ ਅਧਿਕਾਰੀਆਂ ਨੂੰ ਵੀ ਸੌਂਪਿਆ ਮੰਗ ਪੱਤਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜਨਰਲ ਮਜ਼ਦੂਰ ਯੂਨੀਅਨ ਇੰਟਕ ਫਿਰੋਜ਼ਪੁਰ ਦੇ ਅਹੁਦੇਦਾਰਾਂ ਦੀ ਮੀਟਿੰਗ ਕਾਂਗਰਸ ਭਵਨ ਫਿਰੋਜ਼ਪੁਰ ਛਾਉਣੀ ਵਿਖੇ ਪ੍ਰਧਾਨ ਸੁਖਦੇਵ ਸਿੰਘ ਕਟੋਰਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਭੱਠਿਆਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਤੇ ਪੰਜਾਬ ਬਿਲਡਿੰਗ ਐਂਡ ਕੰਸਟਰਕਸ਼ਨ ਵਰਕਰ ਵੈੱਲਫੇਅਰ ਬੋਰਡ ਵਿੱਚ ਰਜਿਸਟਰਡ ਮਜ਼ਦੂਰਾਂ ਨੇ ਹਿੱਸਾ ਲਿਆ।ਮੀਟਿੰਗ ਵਿੱਚ ਇੱਟਾਂ ਦੇ ਭੱਠਿਆਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਤੇ ਪੰਜਾਬ ਬਿਲਡਿੰਗ ਐਂਡ ਕੰਸਟ੍ਰਕਸ਼ਨ ਵਰਕਰ ਵੈੱਲਫੇਅਰ ਬੋਰਡ ਨਾਲ ਰਜਿਸਟਰਡ ਮਜ਼ਦੂਰਾਂ ਨੂੰ ਦਰਪੇਸ਼ ਸਮੱਸਿਆਵਾਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਉਨ੍ਹਾਂ ਦੀਆਂ ਮੰਗਾਂ ਦੇ ਹੱਲ ਲਈ ਸਰਕਾਰ ਤੋਂ ਮੰਗ ਕੀਤੀ ਗਈ।ਇਸ ਦੌਰਾਨ ਯੂਨੀਅਨ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਬੰਧਤ ਵਿਭਾਗ ਤੇ ਸਰਕਾਰ ਨੇ ਭੱਠਾ ਮਜ਼ਦੂਰਾਂ ਦੇ ਹੱਕਾਂ ਨੂੰ ਯਕੀਨੀ ਨਾ ਬਣਾਇਆ ਅਤੇ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੀਆਂ ਤਾਂ ਉਹ ਡੀ ਸੀ ਦਫ਼ਤਰ ਫਿਰੋਜ਼ਪੁਰ ਤੇ ਲੇਬਰ ਦਫ਼ਤਰ ਦੇ ਸਾਹਮਣੇ ਧਰਨਾ ਦੇਣਗੇ।ਇਸ ਦੌਰਾਨ ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਆਪਣੀਆਂ ਮੰਗਾਂ ਸਬੰਧੀ ਇੱਕ ਮੰਗ ਪੱਤਰ ਵੀ ਸੌਂਪਿਆ।ਇਸ ਮੌਕੇ ਜੀਵਨ ਸਿੰਘ ਖਜ਼ਾਨਚੀ, ਵੀਰ ਸਿੰਘ ਜਨਰਲ ਸਕੱਤਰ, ਬਲਵੀਰ ਸਿੰਘ ਸੰਧੂ, ਬਲਵਿੰਦਰ ਸ਼ਰਮਾ, ਪਰਮਜੀਤ ਸਿੰਘ, ਬਲਵਿੰਦਰ ਸਿੰਘ ਧੀਰਾ ਘੜਾ, ਰਾਮ ਸਿੰਘ ਆਦਿ ਹਾਜ਼ਰ ਸਨ।

## ਕੋਠਾ ਗੁਰੂ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਤ ਲਹਿਲ ਖੁਰਦ 'ਚ ਨਾਟਕ 'ਸੰਮਾਂ ਵਾਲੀ ਡਾਂਗ' ਖੇਡਿਆ ਗਿਆ



**ਮੂਣਕ (ਰਾਜਪਾਲ ਸਿੰਗਲਾ)**

ਕਿਸਾਨੀ ਮੰਗਾਂ ਨੂੰ ਲੈਕੇ ਸਰਕਾਰ ਦੇ ਨਾਲ ਚੱਲ ਰਹੇ ਸੰਘਰਸ਼ ਨੂੰ ਲੈ ਕੇ ਜਨਵਰੀ ਦੇ ਪਹਿਲੇ ਹਫਤੇ ਹਰਿਆਣਾ ਦੇ ਟੋਹਾਣਾ ਸ਼ਹਿਰ ਵਿੱਚ ਹੋਈ ਕਿਸਾਨ ਮਹਾਂ ਪੰਚਾਇਤ ਵਿਚ ਸ਼ਿਰਕਤ ਕਰਨ ਆ ਰਹੇ ਪਿੰਡ ਕੋਠਾ ਗੁਰੂ ਦੇ ਸ਼ਹੀਦ ਹੋਏ ਕਿਸਾਨਾਂ ਦੀ ਯਾਦ ਨੂੰ ਸਮਰਪਤ ਕਿਸਾਨਾਂ ਵਿਚ ਜਜਬਾ ਪੈਦਾ ਕਰਨ ਲਈ ਨੇੜਲੇ ਪਿੰਡ ਲਹਿਲ ਖੁਰਦ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਇਕਾਈ ਵੱਲੋਂ ਡਾਕਟਰ ਸਾਹਿਬ ਸਿੰਘ ਦੀ ਨਿਰਦੇਸ਼ਨਾਂ ਹੇਠ ਨਾਟਕ 'ਸੰਮਾਂ ਵਾਲੀ ਡਾਂਗ' ਖੇਡਿਆ ਗਿਆ।

ਨਾਟਕ ਦੌਰਾਨ ਨਾਟਕਕਾਰ ਡਾ ਸਾਹਿਬ ਸਿੰਘ ਨੇ ਸਮਾਂ ਬੰਨ੍ਹਣ ਦੇ ਨਾਲ-ਨਾਲ ਸਰੋਤਿਆਂ ਨੂੰ ਕੀਲ ਕੇ ਰੱਖਿਆ ਤੇ ਮਨਾਂ ਅੰਦਰ ਸੰਘਰਸ਼ ਲਈ ਜਜ਼ਬੇ ਦਾ ਜਾਗ ਲਾਉਣ ਦਾ ਕੰਮ ਕੀਤਾ ਹੈ। ਨਾਟਕ ਦੌਰਾਨ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਕਿ ਜਦੋਂ ਵਿਅਕਤੀ ਦੀ ਕਿਤੇ ਅਪੀਲ-ਦਲੀਲ ਨਾ ਸੁਣੀ ਜਾਂਦੀ ਹੋਵੇ ਅਤੇ ਸਰਕਾਰ ਕੰਨ ਤੇ ਅੱਖਾਂ ਬੰਦ ਕਰ ਲਵੇ, ਤਦ ਉਸ ਦੇ ਹੱਕਾਂ ਦੀ ਰਾਖੀ ਲਈ ਸੁੰਮਾਂ ਵਾਲੀ ਡਾਂਗ ਹੀ ਚੁੱਕ ਕੇ ਲਲਕਾਰਨਾ ਪੈਂਦਾ ਹੈ। ਇਸ ਸਟੇਜ ਤੋਂ ਹਰਬੰਸ ਸਿੰਘ ਘਣੀਆ ਵੱਲੋਂ ਇਨਕਲਾਬੀ ਗੀਤਾਂ ਨਾਲ ਸਰੋਤਿਆਂ ਅੰਦਰ ਜੋਸ਼ ਭਰਨ ਦਾ ਭਰਪੂਰ ਯਤਨ ਕੀਤਾ ਗਿਆ ਹੈ। ਇਸ ਮੌਕੇ ਬੀਕੇਯੂ ਏਕਤਾ ਉਗਰਾਹਾਂ ਦੇ ਸੂਬਾ ਮੀਤ ਪ੍ਰਧਾਨ ਜਨਕ ਸਿੰਘ ਭੁਟਾਲ ਨੇ ਕਿਸਾਨੀ ਮੰਗਾਂ ਨੂੰ ਲੈਕੇ 5 ਮਾਰਚ ਤੋਂ ਚੰਡੀਗੜ੍ਹ ਲੱਗਣ ਜਾ ਰਹੇ ਪੱਕੇ ਮੋਰਚੇ ਵਿਚ ਸ਼ਾਮਲ ਹੋਣ ਲਈ ਕਿਸਾਨ-ਮਜ਼ਦੂਰਾਂ ਨੂੰ ਲਾਮਬੰਦ ਕਰਦਿਆਂ ਕਿਹਾ ਕਿ ਡਾਕਟਰ ਸਾਹਿਬ ਵੱਲੋਂ ਆਪਣੇ ਨਾਟਕ ਰਾਹੀਂ ਸਾਨੂੰ ਇਹੀ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਜਦੋਂ ਤੁਹਾਡੇ ਹੱਕਾਂ ਦੀ ਪੂਰਤੀ ਤੋਂ ਸਰਕਾਰਾਂ ਮੁਨਕਰ ਹੋ ਜਾਣ, ਤੁਹਾਡੇ ਹੱਕਾਂ ਉੱਪਰ ਡਾਕੇ ਮਾਰੇ ਜਾਂਦੇ ਹੋਣ, ਨਾਲ ਤੁਹਾਡੀ ਕਿਤੇ ਕੋਈ ਅਪੀਲ-ਦਲੀਲ ਸੁਣੀ ਨਾ ਜਾਵੇ, ਤਦ ਆਪਣੇ ਹੱਕ ਲੈਣ ਲਈ ਸਾਨੂੰ ਸੰਘਰਸ਼ਾਂ ਦਾ ਰਾਹ ਅਪਣਾਉਣਾ ਪੈਂਦਾ ਹੈ।

ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਦਿੱਲੀ ਸੰਘਰਸ਼ ਦੌਰਾਨ ਮੰਨੀਆਂ ਗਈਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਅਤੇ ਸਰਕਾਰ ਵੱਲੋਂ ਮੰਡੀਆਂ ਖਤਮ ਕਰਨ ਦੇ ਖਰੜੇ ਦਾ ਵਿਰੋਧ ਕਰਨ ਅਤੇ ਇਸਨੂੰ ਰੱਦ ਕਰਵਾਉਣ ਲਈ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ 5 ਮਾਰਚ ਨੂੰ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਅਗਵਾਈ ਹੇਠ ਚੰਡੀਗੜ੍ਹ ਵਿਚ ਪੱਕਾ ਮੋਰਚਾ ਲੱਗਣ ਜਾ ਰਿਹਾ ਹੈ। ਸੋ ਇਸ ਮੋਰਚੇ ਵਿਚ ਜਾਕੇ ਮੰਗਾਂ ਦੀ ਪੂਰਤੀ ਲਈ ਕਿਸਾਨੀ ਯੋਧਿਓ ਲੰਬੀਆਂ ਕਤਾਰਾਂ ਬੰਨਕੇ ਪਹੁੰਚੋ ਤਾਂ ਜੋ ਸਾਡੀਆਂ ਸਰਕਾਰਾਂ ਨੂੰ ਪਤਾ ਲੱਗ ਸਕੇ ਕਿ ਕਿਸਾਨ-ਮਜ਼ਦੂਰ ਅਪਣੀਆਂ ਮੰਗਾਂ ਪ੍ਰਤੀ ਜਾਗਰੂਕ ਹੋ ਚੁੱਕੇ ਹਨ, ਜੋ ਹੁਣ ਮੰਗਾਂ ਪੂਰੀਆਂ ਕਰਾਏ ਬਿਨਾਂ ਪਿੱਛੇ ਨਹੀ ਹਟਣਗੇ।

## ਕਣਕ ਦੀ ਖਰੀਦ ਸਮੇਂ ਕਿਸਾਨਾਂ ਨੂੰ ਖਰਾਬ ਨਾ ਕੀਤਾ ਜਾਵੇ : ਮਨਪ੍ਰੀਤ ਗਿੱਲ



**ਜ਼ੀਰਾ (ਨਰਿੰਦਰ ਅਨੇਜਾ)**

ਸਰਕਾਰ ਦੀ ਨਾਕਾਮੀ ਕਾਰਨ ਝੋਨੇ ਦੇ ਸੀਜ਼ਨ ਦੌਰਾਨ ਸ਼ੈਲਰ ਮਾਲਕਾਂ ਵੱਲੋਂ 100 ਰੁਪਏ ਤੋਂ 500 ਰੁਪਏ ਕੱਟ ਲਗਾਇਆ ਗਿਆ ਸੀ, ਪਰ ਸਰਕਾਰ ਚੁੱਪ ਕਰਕੇ ਸਭ ਤਮਾਸ਼ਾ ਵੇਖ ਰਹੀ ਸੀ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼ੇਰੇ ਪੰਜਾਬ ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਮਨਪ੍ਰੀਤ ਸਿੰਘ ਗਿੱਲ ਨੇ ਜ਼ੀਰਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਸੂਬਾਈ ਆਗੂ ਗਿੱਲ ਨੇ ਕਿਹਾ ਕਿ ਜੇਕਰ ਸ਼ੈਲਰ ਮਾਲਕਾਂ ਦਾ ਕੇਂਦਰ ਸਰਕਾਰ ਨਾਲ ਕੋਈ ਰੇੜਕਾ ਸੀ ਤਾਂ ਕਿਸਾਨਾਂ ਦਾ ਇਸ ਵਿੱਚ ਕੀ ਕਸੂਰ ਸੀ, ਕਿਸਾਨਾਂ ਦਾ ਨੁਕਸਾਨ ਨਹੀਂ ਹੋਣਾ ਚਾਹੀਦਾ ਸੀ।ਉਨ੍ਹਾਂ ਕਿਹਾ ਕਿ ਜੇਕਰ ਕਣਕ ਦੇ ਸੀਜ਼ਨ ਦੌਰਾਨ ਮੰਡੀਆਂ ਵਿੱਚ ਸਰਕਾਰੀ ਖਰੀਦ ਏਜੰਸੀਆਂ ਵੱਲੋਂ ਬਹਾਨਾ ਬਣਾ ਕੇ ਕਣਕ ਦੀ ਫ਼ਸਲ ਤੇ ਕਿਸਾਨਾਂ ਨੂੰ ਰੋਲਿਆ ਗਿਆ ਤਾਂ ਸ਼ੇਰੇ ਪੰਜਾਬ ਕਿਸਾਨ ਯੂਨੀਅਨ ਨੂੰ ਮਜਬੂਰ ਮੁੜ ਤੋਂ ਦਿੱਲੀ ਵੱਲ ਕੂਚ ਕਰਨਾ ਪਵੇਗਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਕੇਂਦਰ ਸਰਕਾਰ ਨਾਲ ਕਣਕ ਦੇ ਸੀਜ਼ਨ ਤੋਂ ਪਹਿਲਾਂ ਖ੍ਰੀਦ ਪ੍ਰਬੰਧ ਮੁਕੰਮਲ ਕਰਨ ਲਏ ਜਾਣ ਤਾਂ ਜੋ ਸਰਕਾਰ ਨੂੰ ਕਿਸਾਨਾਂ ਦੇ ਵਿਰੋਧ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਫ਼ਸਲ ਆਉਣ ਤੇ ਕਿਸਾਨਾਂ ਨੂੰ ਜਾਣ-ਬੁੱਝ ਕੇ ਪੰਦਰਾਂ ਪੰਦਰਾਂ ਦਿਨ ਸਰਕਾਰੀ ਬੋਲੀ ਦੀ ਉਡੀਕ ਕਰਨ ਲਈ ਪ੍ਰੇਸ਼ਾਨ ਕੀਤਾ ਜਾਂਦਾ ਹੈ ਤਾਂ ਜੋ ਮੋਟੇ ਕਮਿਸ਼ਨ ਬਟੋਰੇ ਜਾ ਸਕਣ।ਇਸ ਮੌਕੇ ਉਨ੍ਹਾਂ ਨਾਲ ਬੋਹੜ ਸਿੰਘ, ਮੰਗਲ ਸਿੰਘ, ਦਰਬਾਰਾ ਸਿੰਘ, ਗੁਰਸੇਵਕ ਸਿੰਘ, ਮਨਬੀਰ ਸਿੰਘ, ਨਛੱਤਰ ਸਿੰਘ, ਰੁਪਿੰਦਰ ਸਿੰਘ, ਬਲਵੰਤ ਸਿੰਘ, ਸੁਖਚੈਨ ਸਿੰਘ, ਦਿਆਲਾ ਸਿੰਘ, ਗੁਰਨਾਮ ਸਿੰਘ, ਲਖਵਿੰਦਰ ਸਿੰਘ, ਹਰਜਿੰਦਰ ਸਿੰਘ, ਗੁਰਦੇਵ ਸਿੰਘ, ਕਾਬਲ ਸਿੰਘ, ਕੁਲਦੀਪ ਸਿੰਘ, ਰਣਜੀਤ ਸਿੰਘ, ਹਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਗੁਰਮੇਲ ਸਿੰਘ, ਅਸ਼ੋਕ ਕੁਮਾਰ ਆਦਿ ਹਾਜ਼ਰ ਸਨ।

## ਵਿਜ਼ਡਮ ਇੰਟਰਨੈਸ਼ਨਲ ਸਕੂਲ 'ਚ ਸਾਲਾਨਾ ਸਮਾਗਮ ਸ਼ਾਨਦਾਰ ਢੰਗ ਨਾਲ ਆਯੋਜਤ



**ਜਗਰਾਉਂ (ਅਮਿਤ ਖੰਨਾ)**

ਵਿਜ਼ਡਮ ਇੰਟਰਨੈਸ਼ਨਲ ਸਕੂਲ ਲੀਲਾ ਮੇਘ ਸਿੰਘ ਵੱਲੋਂ ਸਾਲਾਨਾ ਸਮਾਗਮ ਸ਼ਾਨਦਾਰ ਤੇ ਉਤਸ਼ਾਹ ਪੂਰਵਕ ਢੰਗ ਨਾਲ ਮਨਾਇਆ ਗਿਆ। ਮੁੱਖ ਮਹਿਮਾਨ ਵਜੋਂ ਸ੍ਰੀਮਤੀ ਸਰਬਜੀਤ ਕੌਰ ਮਾਣੂੰਕੇ (ਵਿਧਾਇਕ), ਹਰਜੀਤ ਸਿੰਘ ਐਸ.ਐਮ.ਓ. ਸਿਵਲ ਹਸਪਤਾਲ ਜਗਰਾਉਂ, ਰਵਿੰਦਰ ਕੁਮਾਰ ਫੀਨਾ, ਸਤੀਸ਼ ਕੁਮਾਰ ਪੱਪੂ, ਅਮਨ ਕੁਮਾਰ ਬੌਬੀ, ਸੁਖਦੇਵ ਸੇਰਪੁਰ ਸਰਪੰਚ, ਗੁਲਸ਼ਨ ਅਰੋੜਾ ਚੈਅਰਮੈਨ ਲੋਕ ਭਲਾਈ ਕੇਂਦਰ, ਰਿਟਾਇਰਡ ਪ੍ਰਿੰਸੀਪਲ ਸ੍ਰੀ ਨਰੇਸ਼ ਵਰਮਾ, ਬਲਜਿੰਦਰ ਕੁਮਾਰ ਹੈੱਡ ਫਾਰਮਾਸਿਸਟ ਸਿਵਲ ਹਸਪਤਾਲ ਜਗਰਾਉਂ, ਸੰਦੀਪ ਕੁਮਾਰ, ਸੁਨੀਲ ਕੁਮਾਰ ਬੌਬੀ, ਗੁਲਸ਼ਨ ਕਾਲੜਾ, ਰਾਜ ਕਾਲੜਾ, ਇਲੈਸ ਕਾਲੜਾ, ਰਾਜੇਸ਼ ਲੂੰਬਾ, ਬ੍ਰਿਜ ਲਾਲ ਸ਼ਰਮਾ, ਸੁਖਜੀਵਨ ਸਿੰਘ, ਲੀਲਾ, ਗਾਲਿਬ, ਕਿਸ਼ਨਪੁਰਾ ਕਲਾਂ, ਰਾਮਗੜ੍ਹ ਭੁੱਲਰ ਤਲਵੰਡੀ ਮੱਲੀਆਂ ਦੇ ਸਰਪੰਚ ਪਹੁੰਚੇ। ਸਕੂਲ ਦੇ ਵਿਦਿਆਰਥੀਆਂ ਵੱਲੋਂ ਵੈਲਕਮ ਗੀਤ ਦੀ ਧੁਨ ਰਾਹੀਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਸਕੂਲ ਦੇ ਚੇਅਰਮੈਨ ਸ੍ਰੀ ਸਤੀਸ਼ ਕਾਲੜਾ, ਪ੍ਰਿੰਸੀਪਲ ਮੈਡਮ ਅਨੀਤਾ ਕਾਲੜਾ, ਨਿਖਿਲ ਕਾਲੜਾ, ਆਰਿਅਨ ਕਾਲੜਾ ਜੀ ਨੇ ਮੁੱਖ ਮਹਿਮਾਨ ਦਾ ਗੁਲਦਸਤਿਆਂ ਤੇ ਸਨਮਾਨ ਚਿੰਨ੍ਹ ਦੇ ਕੇ ਸਵਾਗਤ ਕੀਤਾ। ਰੀਬਨ ਕੱਟਣ ਦੀ ਰਸਮ ਅਦਾ ਕੀਤੀ ਗਈ।

ਸਮਾਗਮ ਦੀ ਸ਼ੁਰੂਆਤ ਦੀਵੇ ਜਗਾਉਣ ਅਤੇ ਸਰਵ ਧਰਮ ਪ੍ਰਾਰਥਨਾ ਨਾਲ ਕੀਤੀ। ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਵੱਖ-ਵੱਖ ਈਵੈਂਟ ਵਿੱਚ ਭਾਗ ਲਿਆ ਗੀਤ, ਨਾਟਕ, ਕਵਿਤਾਵਾਂ ਪਾਠ, ਭਾਰਤ ਦੀ ਸੰਸਕ੍ਰਿਤੀ ਤੇ ਅਧਾਰਿਤ ਨਾਟਕ, ਮਹਾਰਾਜਾ ਰਣਜੀਤ ਸਿੰਘ,ਖੇਡਣ ਦੇ ਦਿਨ ਚਾਰ, ਕਾਲਬੇਲੀਆ, ਬਾਗਵਾਨ, ਪੰਜਾਬੀ ਸਕਿੱਟ, ਭੰਗੜਾ, ਗਿੱਧਾ, ਪੇਸ਼ ਕੀਤਾ ਗਿਆ, ਜੋ ਦਰਸ਼ਕਾਂ ਨੂੰ ਬਹੁਤ ਪਸੰਦ ਆਇਆ।

ਮੁੱਖ ਮਹਿਮਾਨ ਸ੍ਰੀਮਤੀ ਸਰਬਜੀਤ ਕੌਰ ਮਾਣੂੰਕੇ (ਵਿਧਾਇਕ) ਨੇ ਕਿਹਾ ਕਿ ਸਾਲਾਨਾ ਸਮਾਗਮ ਵਿਦਿਆਰਥੀਆਂ ਦੇ ਆਤਮ ਵਿਸ਼ਵਾਸ ਨੂੰ ਵਧਾਉਂਦੇ ਹਨ। ਉਨ੍ਹਾਂ ਕਿਹਾ ਕਿ ਸਿਰਫ਼ ਪਾਠ ਪੜ੍ਹਨਾ ਹੀ ਸਿੱਖਿਆ ਨਹੀਂ, ਸਗੋਂ ਨੈਤਿਕਤਾ ਤੇ ਕਲਾ ਵੀ ਸਿੱਖਣੀ ਜ਼ਰੂਰੀ ਹੈ। ਜੋ ਵਿਜ਼ਡਮ ਇੰਟਰਨੈਸ਼ਨਲ ਸਕੂਲ ਵੱਲੋਂ ਦਿੱਤੀ ਜਾ ਰਹੀ ਸਿੱਖਿਆ ਅਤੇ ਵਿਦਿਆਰਥੀਆਂ ਦੀ ਪ੍ਰਸਤੁਤੀਆਂ ਵਾਕਿਆ ਹੀ ਸ਼ਲਾਘਾ ਯੋਗ ਹੈ। ਸਮਾਗਮ ਦੇ ਅੰਤ ਵਿੱਚ ਵੱਖ-ਵੱਖ ਵਿਭਾਗਾਂ ਵਿੱਚ ਸ਼ਾਨਦਾਰ ਪ੍ਰਦਰਸਨ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ, ਮੈਡਲ ਤੇ ਸਰਟੀਫਿਕੇਟ ਦਿੱਤੇ ਗਏ। ਸਕੂਲ ਦੇ ਚੇਅਰਮੈਨ ਸ੍ਰੀ ਸਤੀਸ਼ ਕਾਲੜਾ, ਪ੍ਰਿੰਸੀਪਲ ਮੈਡਮ ਅਨੀਤਾ ਕਾਲੜਾ ਨੇ ਵਿਦਿਆਰਥੀਆਂ ਨੂੰ ਉਤਸ਼ਾਹਤ ਕਰਦੇ ਹੋਏ ਕਿਹਾ ਇਸ ਤਰ੍ਹਾਂ ਦੇ ਸਮਾਗਮ ਵਿਦਿਆਰਥੀਆਂ ਦੀ ਸ਼ਖ਼ਸੀਅਤ ਵਿਕਾਸ ਲਈ ਬਹੁਤ ਮਹੱਤਵਪੂਰਨ ਹੁੰਦੇ ਹਨ।

## ਗੁਰੂ ਨਾਨਕ ਕਾਲਜ 'ਚ ਰਾਸ਼ਟਰੀ ਸਾਇੰਸ ਦਿਵਸ ਨੂੰ ਸਮਰਪਤ ਤਿੰਨ ਰੋਜ਼ਾ ਪ੍ਰੋਗਰਾਮ




**ਬੁਢਲਾਡਾ (ਅਸ਼ੋਕ ਲਾਕੜਾ)**-ਗੁਰੂ ਨਾਨਕ ਕਾਲਜ ਵਿਖੇ ਸਾਇੰਸ ਵਿਭਾਗ ਅਤੇ ਕੰਪਿਊਟਰ ਸਾਇੰਸ ਵਿਭਾਗ ਦੁਆਰਾ ਸਾਂਝੇ ਤੌਰ 'ਤੇ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਤੇ ਨੈਸ਼ਨਲ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਕਮਿਊਨੀਕੇਸ਼ਨ ਦੇ ਸਹਿਯੋਗ ਨਾਲ ਰਾਸ਼ਟਰੀ ਵਿਗਿਆਨ ਦਿਵਸ 2025 ਨੂੰ ਬੜੇ ਉਤਸ਼ਾਹ ਨਾਲ ਮਨਾਇਆ।ਇਹ ਤਿੰਨ ਰੋਜ਼ਾ ਪ੍ਰੋਗਰਾਮ ਵਿਗਿਆਨ ਤੇ ਇਨੋਵੇਸ਼ਨ ਵਿੱਚ ਗਲੋਬਲ ਲੀਡਰਸ਼ਿਪ ਲਈ ਭਾਰਤੀ ਨੌਜਵਾਨਾਂ ਦਾ ਸਸ਼ਕਤੀਕਰਨ ਵਿਸ਼ੇ 'ਤੇ ਕੇਂਦਰਤ ਰਿਹਾ।ਇਸ ਵਿੱਚ ਵਿਸ਼ੇਸ਼ ਤੌਰ 'ਤੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮ ਆਰ ਐੱਸ ਪੀ ਟੀ ਯੂ) ਬਠਿੰਡਾ ਤੋਂ ਸੇਵਾਮੁਕਤ ਪ੍ਰੋ. ਜਸਬੀਰ ਸਿੰਘ ਹੁੰਦਲ ਨੇ ਸ਼ਿਰਕਿਤ ਕੀਤੀ। ਇਸ ਦੋ-ਰੋਜ਼ਾ ਸਮਾਗਮ ਵਿੱਚ ਵਿਗਿਆਨਕ ਰਚਨਾਤਮਕਤਾ ਤੇ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਦੇਖਿਆ ਗਿਆ।ਇਸ ਤਿੰਨ ਰੋਜ਼ਾ ਪ੍ਰੋਗਰਾਮ 'ਚ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਪ੍ਰਿੰਸੀਪਲ ਡਾ. ਨਰਿੰਦਰ ਸਿੰਘ ਨੇ ਦੇਸ਼ ਦੇ ਭਵਿੱਖ ਨੂੰ ਘੜਨ ਲਈ ਵਿਗਿਆਨਕ ਖੋਜ ਤੇ ਨਵੀਨਤਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਅਜਿਹੇ ਪ੍ਰੋਗਰਾਮ ਨੌਜਵਾਨ ਵਰਗ ਲਈ ਰਾਹ ਦੁਸੇਰਾ ਬਣਦੇ ਹਨ।ਪ੍ਰੋ. ਜਸਬੀਰ ਸਿੰਘ ਹੁੰਦਲ ਨੇ ਵਿਕਸਿਤ ਭਾਰਤ ਲਈ ਵਿਗਿਆਨ ਤੇ ਨਵੀਨਤਾ ਵਿੱਚ ਗਲੋਬਲ ਲੀਡਰਸ਼ਿਪ ਬਾਰੇ ਵਡਮੁੱਲੀ ਜਾਣਕਾਰੀ ਸਾਂਝੀ ਕੀਤੀ। ਵਿਦਿਆਰਥੀਆਂ ਨੂੰ ਖੋਜ, ਇਨੋਵੇਸ਼ਨ ਤੇ ਤਕਨਾਲੋਜੀ ਦੁਆਰਾ ਸੰਚਾਲਿਤ ਹੱਲਾਂ ਵਿੱਚ ਕਰੀਅਰ ਬਣਾਉਣ ਲਈ ਪ੍ਰੇਰਤ ਕੀਤਾ।ਉਸਦੀ ਮੁਹਾਰਤ ਨੇ ਨੌਜਵਾਨ ਦਿਮਾਗਾਂ ਨੂੰ ਆਲੋਚਨਾਤਮਕ ਸੋਚਣ ਤੇ ਸਮਾਜ ਲਈ ਵਿਗਿਆਨਕ ਤਰੱਕੀ ਵਿੱਚ ਯੋਗਦਾਨ ਪਾਉਣ ਲਈ ਉਤਸ਼ਾਹਿਤ ਕੀਤਾ।ਇਸ ਤਿੰਨ ਦਿਨ੍ਹਾਂ ਪ੍ਰੋਗਰਾਮ ਵਿਚ ਵਿਦਿਆਰਥੀਆਂ ਨੇ ਹੈਕਾਥਨ ਵਿੱਚ ਆਪਣੇ ਗਿਆਨ, ਹੁਨਰ ਤੇ ਨਵੀਨਤਾਕਾਰੀ ਵਿਚਾਰਾਂ ਨੂੰ ਪ੍ਰਦਰਸ਼ਿਤ ਕੀਤਾ।ਫ਼ੈਸ਼ਨ ਤਕਨਾਲੋਜੀ ਵਿਭਾਗ ਵੱਲੋਂ ਹੈਂਡੀਕਰਾਫਟ 'ਤੇ ਪ੍ਰਦਰਸ਼ਨੀ ਲਾਈ ਗਈ, ਜਿਸ ਵਿੱਚ ਵਿਦਿਆਰਥੀਆਂ ਨੇ ਰਹਿੰਦ-ਖੂੰਹਦ ਤੋਂ ਤਿਆਰ ਕੀਤੀਆਂ ਨਵੀਆਂ ਹੱਥਾਂ ਨਾਲ ਬਣਾਈਆਂ ਚੀਜ਼ਾਂ ਨੂੰ ਪ੍ਰਦਰਸ਼ਤ ਕੀਤਾ।ਸੰਤੁਲਤ ਖੁਰਾਕ, ਨਿਯਮਤ ਕਸਰਤ ਅਤੇ ਮਾਨਸਿਕ ਤੰਦਰੁਸਤੀ ਦੀ ਮਹੱਤਤਾ ਲਈ ਸਰੀਰਿਕ ਸਿੱਖਿਆ ਵਿਭਾਗ, ਫੂਡ ਪ੍ਰੋਸੈਸਿੰਗ ਵਿਭਾਗ ਤੇ ਗ੍ਰਹਿ ਵਿਗਿਆਨ ਵਿਭਾਗ ਵੱਲੋਂ ਗਤੀਵਿਧੀਆਂ ਕਰਾਈਆਂ ਗਈਆਂ।ਪ੍ਰੋ. ਦੀਪਾਲੀ ਦੀ ਅਗਵਾਈ ਵਿੱਚ ਰੋਬੋਟਿਕਸ ਤੇ ਕੋਡਿੰਗ ਵਰਕਸ਼ਾਪ ਨੇ ਵਿਦਿਆਰਥੀਆਂ ਨੂੰ ਆਟੋਮੇਸ਼ਨ, ਪ੍ਰੋਗਰਾਮਿੰਗ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਨਾਲ ਜਾਣੂ ਕਰਵਾਇਆ ਗਿਆ।ਮਾਨਸਾ ਜ਼ਿਲ੍ਹੇ ਦੇ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਪੋਸਟਰ ਅਤੇ ਮਾਡਲ ਪ੍ਰਦਰਸ਼ਨੀਆਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ, ਜਿੱਥੇ ਉਨ੍ਹਾਂ ਨੇ ਵਾਤਾਵਰਣ ਦੇ ਮੁੱਦਿਆਂ, ਪਲਾਸਟਿਕ ਬੈਨ ਅਤੇ ਨਵੀਨਤਾਕਾਰੀ ਵਿਗਿਆਨਕ ਸੰਕਲਪਾਂ ਵਰਗੇ ਵਿਸ਼ਿਆਂ 'ਤੇ ਵਿਗਿਆਨ ਅਧਾਰਤ ਪੋਸਟਰ ਅਤੇ ਕਾਰਜਕਾਰੀ ਮਾਡਲ ਪੇਸ਼ ਕੀਤੇ।ਹੱਥੀਂ ਵਿਗਿਆਨਕ ਪ੍ਰਯੋਗ ਵੀ ਕਰਾਏ ਗਏ, ਜਿਸ ਨਾਲ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਐਪਲੀਕੇਸ਼ਨਾਂ ਰਾਹੀਂ ਵਿਗਿਆਨਕ ਸਿਧਾਂਤਾਂ ਨੂੰ ਸਮਝਣ ਦਾ ਮੌਕਾ ਮਿਲਿਆ।ਰੋਬੋਟਿਕਸ ਤੇ ਕੋਡਿੰਗ-ਡੀਕੋਡਿੰਗ 'ਤੇ ਇੱਕ ਵਿਸ਼ੇਸ਼ ਸੈਸ਼ਨ ਨੇ ਵਿਦਿਆਰਥੀਆਂ ਨੂੰ ਪ੍ਰੋਗਰਾਮਿੰਗ ਤੇ ਆਟੋਮੇਸ਼ਨ ਦੀਆਂ ਬੁਨਿਆਦੀ ਗੱਲਾਂ ਤੋਂ ਜਾਣੂ ਕਰਾਇਆ।

## ਕੈਮਿਸਟ ਐਸੋਸੀਏਸ਼ਨ ਬਲਾਕ ਬੁਢਲਾਡਾ ਦੀ ਮੀਟਿੰਗ ਹੋਈ

**ਬੁਢਲਾਡਾ (ਅਸ਼ੋਕ ਲਾਕੜਾ)**

ਕੈਮਿਸਟ ਐਸੋਸੀਏਸ਼ਨ ਦੀ ਇੱਕ ਅਹਿਮ ਮੀਟਿੰਗ ਹੋਈ, ਜਿਸਦੀ ਅਗਵਾਈ ਕੈਮਿਸਟ ਐਸੋਸੀਏਸ਼ਨ ਦੇ ਪ੍ਰਧਾਨ ਅਸ਼ੋਕ ਕੁਮਾਰ ਰਸਵੰਤਾ ਦੀ ਵੱਲੋਂ ਕੀਤੀ ਗਈ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਵਿਰੋਧੀ ਮੁਹਿੰਮ ਚਲਾਈ ਗਈ ਹੈ, ਉਸਦਾ ਕੈਮਿਸਟ ਐਸੋਸੀਏਸ਼ਨ ਸ਼ਲਾਘਾ ਕਰਦੀ ਹੈ ਅਤੇ ਤਹਿ ਦਿਲੋਂ ਯੋਗਦਾਨ ਦੇ ਰਹੀ ਹੈ। ਮੰਗ ਕੀਤੀ ਕਿ ਹਰ ਕੈਮਿਸਟ ਨੂੰ ਸ਼ੱਕ ਦੀ ਨਜ਼ਰ ਨਾਲ ਨਾ ਦੇਖਿਆ ਜਾਵੇ।

ਪੰਜਾਬ ਸਰਕਾਰ ਦੇ ਅਧਿਕਾਰੀਆਂ ਨੂੰ ਯਕੀਨਨ ਤੌਰ 'ਤੇ ਜੇ ਕੋਈ ਨਸ਼ਾ ਵਿਕਰੀ ਮਿਲਦੀ ਹੈ ਤਾਂ ਉਸ ਨੂੰ ਸਖਤ ਸਜ਼ਾ ਦਿੱਤੀ ਜਾਵੇ ਤੇ ਕਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇ।

## 'ਆਪ' 'ਚ ਸ਼ਾਮਲ ਹੋਣ ਵਾਲਿਆਂ ਨੂੰ ਬਣਦਾ ਮਾਣ ਸਨਮਾਨ ਦਿੱਤਾ ਜਾ ਰਿਹੈ : ਡਾ. ਅਰੋੜਾ

### ਵਾਰਡ ਨੰਬਰ-43 ਦੀ ਰੇਣੂ ਰਾਣੀ ਬਣੀ ਵਾਰਡ ਇੰਚਾਰਜ



**ਮੋਗਾ (ਇਕਬਾਲ ਸਿੰਘ ਖਹਿਰਾ)**-ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਪਾਰਟੀ ਵੱਲੋਂ ਬਣਦਾ ਮਾਣ ਸਨਮਾਨ ਦਿੱਤਾ ਜਾ ਰਿਹਾ ਹੈ।ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀਆਂ ਨੀਤੀਆਂ ਤੋਂ ਖੁਸ਼ ਹੋ ਕੇ ਅੱਜ ਹਰ ਵਰਗ ਪਾਰਟੀ ਦੇ ਨਾਲ ਜੁੜ ਰਿਹਾ ਹੈ।ਇਹ ਵਿਚਾਰ ਅੱਜ ਵਾਰਡ ਨੰਬਰ-43 ਤੋਂ ਆਜ਼ਾਦ ਕੌਂਸਲਰ ਦਾ ਚੋਣ ਲੜ ਚੁੱਕੀ ਰੇਣੂ ਰਾਣੀ ਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਲ ਕਰਨ ਦੇ ਮੌਕੇ ਵਾਰਡ ਨੰਬਰ-43 ਦੀ ਇੰਚਾਰਜ ਦੀ ਜ਼ੁੰਮੇਵਾਰੀ ਸੌਂਪਦੇ ਹੋਏ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਪ੍ਰਗਟ ਕੀਤੇ।ਇਸ ਮੌਕੇ ਨਗਰ ਸੁਧਾਰ ਟੱਰਟ ਦੇ ਮੈਂਬਰ ਪਿਆਰਾ ਸਿੰਘ ਬੱਧਨੀ ਤੋਂ ਇਲਾਵਾ ਪਾਰਟੀ ਵਰਕਰ ਮੌਜੂਦ ਸਨ।ਇਸ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਉਹ ਵਾਰਡ ਨੰਬਰ-43 ਦੀ ਇੰਚਾਰਜ ਰੇਣੂ ਰਾਣੀ ਤੋਂ ਉਮੀਦ ਕਰਦੀ ਹੈ ਕਿ ਉਹ ਪਾਰਟੀ ਲਈ ਦਿਨ-ਰਾਤ ਮਿਹਨਤ ਕਰਨਗੇ ਅਤੇ ਲੋਕਾਂ ਤੇ ਪਾਰਟੀ ਦੀਆਂ ਉਮੀਦਾਂ 'ਤੇ ਖਰਾ ਉਤਰਨਗੇ।ਉਨ੍ਹਾਂ ਰੇਣੂ ਰਾਣੀ ਨੂੰ ਵਧਾਈ ਦਿੱਤੀ।ਇਸ ਮੌਕੇ ਨਵਨਿਯੁਕਤ ਵਾਰਡ ਇੰਚਾਰਜ ਰੇਣੂ ਰਾਣੀ ਨੇ ਕਿਹਾ ਕਿ ਜੋ ਉਨ੍ਹਾਂ ਨੂੰ ਜ਼ੁੰਮੇਵਾਰੀ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਵੱਲੋਂ ਸੌਂਪੀ ਗਈ ਹੈ, ਉਹ ਉਸ ਨੂੰ ਪੂਰੀ ਤਨਦੇਹੀ ਨਾਲ ਨਿਭਾਏਗੀ।

## 4 ਕਿੱਲੋ ਹੈਰੋਇਨ ਸਣੇ 2 ਫੜੇ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਅੰਮ੍ਰਿਤਸਰ ਕਮਿਸ਼ਨਰੇਟ ਪੁਲਸ ਨੇ 4 ਕਿਲੋ ਹੈਰੋਇਨ ਸਮੇਤ ਦੋ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹਨਾਂ ਦੀ ਪਛਾਣ ਕਰਨਪਾਲ ਸਿੰਘ (37) ਤੇ ਰਣਜੀਤ ਸਿੰਘ (36) ਵਜੋਂ ਹੋਈ ਹੈ। ਇਹ ਦੋਵੇਂ ਖੇਮਕਰਨ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਸਰਹੱਦੀ ਪਿੰਡਾਂ ਦੇ ਰਹਿਣ ਵਾਲੇ ਹਨ। ਹੈਰੋਇਨ ਦੀ ਵੱਡੀ ਖੇਪ ਬਰਾਮਦ ਕਰਨ ਤੋਂ ਇਲਾਵਾ ਪੁਲਸ ਟੀਮਾਂ ਨੇ ਉਨ੍ਹਾਂ ਦਾ ਮੋਟਰਸਾਈਕਲ, ਜਿਸ 'ਤੇ ਉਹ ਸਵਾਰ ਸਨ, ਵੀ ਜ਼ਬਤ ਕਰ ਲਿਆ ਹੈ। ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਪਾਕਿਸਤਾਨ ਦੇ ਬਦਨਾਮ ਤਸਕਰ ਵੱਲੋਂ ਡਰੋਨ ਰਾਹੀਂ ਨਸ਼ੀਲੇ ਪਦਾਰਥਾਂ ਦੀ ਖੇਪ ਭੇਜਣ ਲਈ ਫਿਰੋਜ਼ਪੁਰ ਸੈਕਟਰ ਦੀ ਵਰਤੋਂ ਕੀਤੀ ਜਾ ਰਹੀ ਸੀ। ਪੁਲਸ ਕਮਿਸ਼ਨਰ ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਅੰਮ੍ਰਿਤਸਰ ਦੇ ਝਬਾਲ ਰੋਡ 'ਤੇ ਲਗਾਏ ਨਾਕੇ ਦੌਰਾਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

3-March-11-Page-Majha-25.qxd 3/2/2025 10:28 PM Page 1



# ਵਿਧਾਇਕ ਬਲਕਾਰ ਸਿੰਘ ਸਿੱਧੂ ਦਾ ਪੁਤਲਾ ਸਾੜਿਆ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਪੱਤਰਕਾਰ 'ਤੇ ਹੋਏ ਪਰਚਿਆਂ ਨੂੰ ਲੈ ਕੇ ਐਤਵਾਰ ਕਿਸਾਨ ਮਜ਼ਦੂਰ ਨੌਜਵਾਨ ਏਕਤਾ ਪੰਜਾਬ ਜਥੇਬੰਦੀ ਵੱਲੋਂ ਪੱਤਰਕਾਰ ਮਨਿੰਦਰਜੀਤ ਸਿੰਘ ਸਿੱਧੂ ਤੇ ਪ੍ਰਸ਼ਾਸਨ ਰਾਮਪੁਰਾ ਫੂਲ ਵੱਲੋਂ ਕੀਤੇ ਗਏ ਝੂਠੇ ਪਰਚੇ ਦੇ ਵਿਰੋਧ 'ਚ ਵੱਖ ਵੱਖ ਪਿੰਡਾਂ ਵਿੱਚ ਵਿੱਚ ਵੱਖ ਵੱਖ ਥਾਵਾਂ 'ਤੇ ਜਿੱਥੇ ਪਿੰਡ ਪੱਧਰੀ ਪੁਤਲੇ ਫੂਕੇ ਗਏ, ਉੱਥੇ ਅੱਡਾ ਊਧਨਵਾਲ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਇੱਕ ਵਿਸ਼ਾਲ ਇਕੱਠ ਕਰਕੇ ਕਿਸਾਨਾਂ ਮਜ਼ਦੂਰਾਂ ਨੌਜਵਾਨਾਂ ਵਲੋਂ ਰੋਸ ਮਾਰਚ ਕੱਢਿਆ ਗਿਆ। ਜਿਸ ਵਿੱਚ ਜਿਸ ਵਿੱਚ ਪਿਛਲੇ ਦਿਨੀਂ ਆਈ ਆਡੀਓ ਤੋਂ ਬਾਅਦ ਜਿਸ ਤਰੀਕੇ ਨਾਲ ਹਲਕਾ ਵਿਧਾਇਕ ਨੇ ਵਿਵਾਦਤ ਟਿੱਪਣੀ ਕੀਤੀ, ਔਰਤਾਂ ਸਬੰਧੀ ਭੱਦੀ ਸ਼ਬਦਾਵਲੀ ਦੀ ਵਰਤੋਂ ਕੀਤੀ, ਰਾਮਗੜ੍ਹੀਆ ਸਮਦਾਏ ਨੂੰ ਲੈ ਕੇ ਵਿਵਾਦਤ ਸ਼ਬਦ ਬੋਲੇ, ਪੱਗ ਲਾਹੁਣ ਦੀ ਗੱਲ ਦਾ ਉਸ ਆਡੀਓ ਵਿੱਚ ਜ਼ਿਕਰ ਕੀਤਾ ਗਿਆ ਜੋ ਕਿ ਬਹੁਤ ਹੀ ਮੰਦਭਾਗਾ ਸੀ। ਇਸ ਸਭ ਦੇ ਵਿਰੋਧ ਵਿੱਚ ਐਮ ਐਲ ਏ ਬਲਕਾਰ ਸਿੱਧੂ ਦਾ ਅਰਥੀ ਫੂਕ ਮੁਜ਼ਾਹਰਾ ਕਰਕੇ ਪੁਤਲਾ ਫੂਕਿਆ ਗਿਆ। ਪੰਜਾਬ ਸਰਕਾਰ ਦੇ ਅੱਗੇ ਮੰਗ ਕੀਤੀ ਗਈ ਕਿ ਇਸ ਵਿਧਾਇਕ ਦੀ ਮਾਨਸਿਕਤਾ ਨੂੰ ਦੇਖਦੇ ਹੋਏ ਤੁਰੰਤ ਇਸ 'ਤੇ ਕਾਨੂੰਨ ਮੁਤਾਬਕ ਪਰਚਾ ਦਰਜ ਹੋਵੇ ਤੇ ਬਣਦੀ ਕਾਰਵਾਈ ਕੀਤੀ ਜਾਵੇ। ਜਿਸ ਤਰੀਕੇ ਨਾਲ ਪੱਤਰਕਾਰ ਮਨਿੰਦਰਜੀਤ ਸਿੰਘ ਸਿੱਧੂ 'ਤੇ ਥਾਣਾ ਰਾਮਪੁਰਾ ਫੂਲ ਵਿੱਚ ਪਰਚਾ ਦਰਜ ਕੀਤਾ ਗਿਆ, ਉਹ ਤੁਰੰਤ ਰੱਦ ਕੀਤਾ ਜਾਵੇ। ਜੇਕਰ ਪ੍ਰਸ਼ਾਸਨ ਨੇ ਪੱਤਰਕਾਰ ਸਿੱਧੂ 'ਤੇ ਕੋਈ ਵੀ ਅਣਸੁਖਾਵੀਂ ਕਾਰਵਾਈ ਕੀਤੀ ਤਾਂ ਕਿਸਾਨ ਮਜ਼ਦੂਰ ਨੌਜਵਾਨ ਏਕਤਾ ਪੰਜਾਬ ਜਥੇਬੰਦੀ ਇਸ ਦੇ ਵਿਰੋਧ ਵਿੱਚ ਜੇਲ੍ਹ ਭਰੋ ਅੰਦੋਲਨ ਕਰੇਗੀ ਅਤੇ 3 ਤਰੀਕ ਨੂੰ ਬਠਿੰਡਾ ਜੋ ਐਸ ਐਸ ਪੀ ਦਫਤਰ ਦਾ ਘਿਰਾਓ ਹੋਣ ਜਾ ਰਿਹਾ ਹੈ, ਉੱਥੇ ਸਾਰੇ ਪੰਜਾਬ ਦੀਆਂ ਜਥੇਬੰਦੀਆਂ ਤੇ ਲੋਕਾਂ ਨੂੰ ਪਹੁੰਚਣ ਦੀ ਅਪੀਲ ਕੀਤੀ ਗਈ ਇਸ ਮੌਕੇ ਤੇ ਹਰਵਿੰਦਰ ਸਿੰਘ ਖਜਾਲਾ, ਬਾਬਾ ਸੀਤਲ ਸਿੰਘ ਢਪਈ,ਮੰਗਲ ਸਿੰਘ ਧੀਰਾ, ਹਰਭਜਨ ਸਿੰਘ ਨੱਤ, ਜੰਗ ਜੀਵਨ ਸਿੰਘ ਅਰਾਈਆਵਾਲੀ, ਇੰਦਰਜੀਤ ਚੌੜੇ, ਰਾਜਬੀਰ ਸਿੰਘ ਸਖੋਵਾਲ, ਲਾਲ ਸਿੰਘ ਹਰਪੁਰਾ, ਹਰਵਿੰਦਰ ਬਿੱਕਾ ਢਪੱਈ, ਜਗਤਾਰ ਸਿੰਘ ਹਰਪੁਰਾ, ਬਲਬੀਰ ਸਖਵਾਲ, ਕਸ਼ਮੀਰ ਧਰਮਕੋਟ, ਜ਼ੈਲਦਾਰ ਮੰਦਰ ਸਿੰਘ, ਗਗਨਦੀਪ ਸਿੰਘ ਖਾਲਸਾ, ਕਮਲ ਮਨੇਸ, ਸਾਮ ਮਨੇਸ, ਜਸਵਿੰਦਰ ਖਜ਼ਾਨਚੀ, ਸੂਬੇਦਾਰ ਗੁਰਮੇਜ ਸਿੰਘ, ਆਦਿ ਕਿਸਾਨ ਆਗੂ ਹਾਜ਼ਰ ਸਨ।

## ਅਸਮਾਨੀ ਬਿਜਲੀ ਡਿੱਗਣ ਨਾਲ ਗਾਂ ਦੀ ਮੌਤ, 3 ਮੱਝਾਂ ਨੂੰ ਲੱਗੀਆਂ ਗੰਭੀਰ ਸੱਟਾਂ



ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਬੀਤੀ ਰਾਤ ਅਜਨਾਲਾ ਤਹਿਸੀਲ ਦੇ ਪਿੰਡ ਤੇੜਾ ਕਲਾਂ ਵਿਖੇ ਅਸਮਾਨੀ ਬਿਜਲੀ ਡਿੱਗਣ ਕਾਰਨ ਇਕ ਗਰੀਬ ਕਿਸਾਨ ਦਾ ਡੰਗਰਾਂ ਵਾਲਾ ਵਰਾਂਡਾ ਡਿਗ ਪਿਆ। ਵਰਾਂਡੇ ਦੀ ਛੱਤ ਡਿੱਗਣ ਨਾਲ ਇੱਕ ਗਾਂ ਦੀ ਮੌਤ ਹੋ ਗਈ ਤੇ ਤਿੰਨ ਹੋਰ ਪਸ਼ੂਆਂ ਨੂੰ ਗੰਭੀਰ ਸੱਟਾਂ ਲੱਗ ਗਈਆਂ। ਕਿਸਾਨ ਲੱਖਾ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਪਿੰਡ ਤੇੜਾ ਕਲਾਂ ਨੇ ਦੱਸਿਆ ਕਿ ਬੀਤੀ ਰਾਤ ਹੋਈ ਭਾਰੀ ਗੜੇਮਾਰੀ ਤੇ ਆਏ ਤੇਜ਼ ਤੂਫਾਨ ਸਮੇਂ ਉਹਨਾਂ ਦੇ ਪਿੰਡ ਤੋਂ ਬਾਹਰਵਾਰ ਖੇਤਾਂ ਵਿੱਚ ਬਣੇ ਡੰਗਰਾਂ ਵਾਲੇ ਵਰਾਂਡੇ 'ਤੇ ਅਸਮਾਨੀ ਬਿਜਲੀ ਡਿੱਗ ਪਈ, ਜਿਸ ਕਾਰਨ ਵਰਾਂਡੇ ਦੀ ਪੂਰੀ ਛੱਤ ਹੇਠਾਂ ਡਿਗ ਪਈ ਤੇ ਅੰਦਰ ਬੰਨ੍ਹੇ ਹੋਏ ਡੰਗਰਾਂ ਵਿੱਚੋਂ ਇਕ ਗਾਂ ਦੀ ਵਰਾਂਡੇ ਦੀ ਛੱਤ ਥੱਲੇ ਆਉਣ ਨਾਲ ਮੌਤ ਹੋ ਗਈ ਤੇ ਤਿੰਨ ਹੋਰ ਪਸ਼ੂਆਂ ਨੂੰ ਗੰਭੀਰ ਸੱਟਾਂ ਲੱਗੀਆਂ। ਉਹਨਾਂ ਦੱਸਿਆ ਕਿ ਲੋਕਾਂ ਦੀ ਮਦਦ ਨਾਲ ਵਰਾਂਡੇ ਦਾ ਮਲਬਾ ਹਟਾ ਕੇ ਬਾਕੀ ਡੰਗਰਾਂ ਨੂੰ ਬਾਹਰ ਕੱਢਿਆ। ਉਹਨਾਂ ਦੱਸਿਆ ਕਿ ਵਰਾਂਡਾ ਡਿੱਗਣ ਤੇ ਗਾਂ ਦੇ ਮਰ ਜਾਣ ਨਾਲ ਉਹਨਾਂ ਦਾ 2 ਲੱਖ ਤੋਂ ਵਧੇਰੇ ਦਾ ਨੁਕਸਾਨ ਹੋਇਆ ਹੈ। ਉਹ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਨ ਕਿ ਉਸ ਦੀ ਮਾਲੀ ਸਹਾਇਤਾ ਕੀਤੀ ਜਾਵੇ ।

# ਭੋਆ 'ਚ ਇੰਨਡੋਰ ਸਟੇਡੀਅਮ ਦਾ ਕੈਬਨਿਟ ਮੰਤਰੀ ਨੇ ਕੀਤਾ ਉਦਘਾਟਨ



ਪਠਾਨਕੋਟ (ਦਵਿੰਦਰ ਸਿੰਘ)-ਅੱਜ ਇੱਕ ਵਾਰ ਤੋਂ ਮੈਨੂੰ ਵਿਧਾਨ ਸਭਾ ਹਲਕਾ ਭੋਆ ਦੇ ਵੱਖ ਵੱਖ ਖੇਤਰਾਂ ਵਿੱਚ ਪਹੁੰਚਣ ਦਾ ਮੌਕਾ ਮਿਲਿਆ ਹੈ ਜਿਸ ਦੌਰਾਨ ਅੱਜ ਪਿੰਡ ਮੁਰਾਦਪੁਰ ਵਿਖੇ ਕੰਕਰੀਟ ਦੀ ਬਣਾਈ ਸੜਕ ਦਾ ਸ਼ੁੱਭ ਅਰੰਭ ਕੀਤਾ ਗਿਆ ਹੈ ਅਤੇ ਨਾਲ ਹੀ ਪਿੰਡ ਭੋਆ ਵਿਖੇ ਨਵੇਂ ਬਣਾਏ ਇੰਨਡੋਰ ਸਟੇਡੀਅਮ ਨੂੰ ਜਨਤਾ ਨੂੰ ਸਮਰਪਤ ਕੀਤਾ ਹੈ।ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਭੋਆ ਵਿਖੇ ਨਵੇਂ ਬਣਾਏ ਬੈਡਮਿੰਟਨ ਹਾਲ ਦਾ ਉਦਘਾਟਨ ਕਰਨ ਮਗਰੋਂ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਰੇਸ਼ ਕੁਮਾਰ ਸੈਣੀ ਜ਼ਿਲ੍ਹਾ ਪ੍ਰਧਾਨ ਬੀ.ਸੀ. ਵਿੰਗ, ਬਲਾਕ ਪ੍ਰਧਾਨ ਪਵਨ ਕੁਮਾਰ ਫੌਜੀ, ਬਲਾਕ ਪ੍ਰਧਾਨ ਸ਼ੈਲੀ ਸ਼ਰਮਾ, ਬਲਾਕ ਪ੍ਰਧਾਨ ਰਜਿੰਦਰ ਭਿੱਲਾ, ਸਰਪੰਚ ਸੁਨੀਲ ਦੱਤ, ਪੰਚ ਜਗਜੀਤ ਸਿੰਘ, ਪੰਚ ਕਰਮਚੰਦ, ਪੰਚ ਅੰਕੁਸ਼, ਪੰਚ ਰਾਮਮੂਰਤੀ, ਪੰਚ ਕੇਵਲ ਕ੍ਰਿਸ਼ਨ, ਪੰਚ ਆਸ਼ਾ ਰਾਣੀ, ਸੰਜੀਵ ਸ਼ਰਮਾ, ਰਾਕੇਸ਼ ਸ਼ਰਮਾ, ਅੰਕੁਸ਼ ਕੁਮਾਰ, ਚੰਚਲ ਕੁਮਾਰ, ਨਵਨੀਤ ਕੁਮਾਰ ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰਜਕਰਤਾ ਹਾਜ਼ਰ ਸਨ।ਇਸ ਮੌਕੇ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਵਿਧਾਨ ਸਭਾ ਹਲਕਾ ਭੋਆ ਦੇ ਵੱਖ ਵੱਖ ਪਿੰਡਾਂ ਮੁਰਾਦਪੁਰ ਅਤੇ ਪਿੰਡ ਭੋਆ ਵਿਖੇ ਪਹੁੰਚੇ ਹਾਂ। ਅੱਜ ਜਿੱਥੇ ਪਿੰਡ ਮੁਰਾਦਪੁਰ ਵਿਖੇ ਬਣਾਈ ਜਾ ਰਹੀ ਪੱਕੀ ਕੰਕਰੀਟ ਦੀ ਸੜਕ ਦੇ ਨਿਰਮਾਣ ਕਾਰਜ ਦਾ ਸ਼ੁੱਭ ਅਰੰਭ ਕੀਤਾ ਗਿਆ, ਉੱਥੇ ਹੀ ਕਰੀਬ 30 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਭੋਆ ਅੰਦਰ ਬਣਾਏ ਗਏ ਇੰਨਡੋਰ ਸਟੇਡੀਅਮ ਦਾ ਉਦਘਾਟਨ ਕਰਕੇ ਨੌਜਵਾਨਾਂ ਨੂੰ ਸਮਰਪਤ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਇਹ ਇਨਡੋਰ ਸਟੇਡੀਅਮ ਅੰਦਰ ਖੇਡ ਨਰਸਰੀ ਨੂੰ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਵੀ ਉਪਰਾਲਾ ਹੈ ਕਿ ਖੇਡਾਂ ਅੰਦਰ ਨੌਜਵਾਨਾਂ ਨੂੰ ਅੱਗੇ ਵਧਣ ਦਾ ਮੌਕਾ ਦਿੱਤਾ ਜਾਵੇ।

ਉਨ੍ਹਾਂ ਕਿਹਾ ਕਿ ਪਹਿਲੀ ਵਾਰ ਹੋਇਆ ਹੈ ਕਿ ਸਾਡੇ ਖਿਡਾਰੀਆਂ ਨੂੰ ਜੋ ਉਲੰਪਿਕ ਖੇਡਾਂ ਦੀ ਤਿਆਰੀ ਲਈ ਜਾ ਰਹੇ ਹਨ, 15-15 ਲੱਖ ਰੁਪਏ ਸਰਕਾਰ ਵੱਲੋਂ ਦਿੱਤੇ ਗਏ ਹਨ ਤਾਂ ਜੋ ਉਹ ਅਪਣੀਆਂ ਖੇਡਾਂ ਲਈ ਵਰਦੀਆਂ ਆਦਿ ਜ਼ਰੂਰੀ ਵਸਤਾਂ ਦੀ ਖਰੀਦ ਕਰ ਸਕਣ। ਉਨ੍ਹਾਂ ਕਿਹਾ ਕਿ ਕੇਵਲ ਭੋਆ ਅੰਦਰ ਹੀ ਨਹੀਂ, ਵਿਧਾਨ ਸਭਾ ਹਲਕਾ ਭੋਆ ਦੇ ਚਾਰ ਪਿੰਡ ਹੋਰ ਪਿੰਡਾਂ ਕਟਾਰੂਚੱਕ, ਗੋਬਿੰਦਸਰ ਅਤੇ ਸਿਹੋੜਾ ਵਿਖੇ ਵੀ ਅਜਿਹੇ ਸਟੇਡੀਅਮ ਤਿਆਰ ਕੀਤੇ ਜਾ ਰਹੇ ਹਨ।

# 1 ਕਰੋੜ 16 ਲੱਖ ਖਰਚ ਕਰਕੇ ਬਦਲੀ ਜਾਵੇਗੀ ਪਿੰਡਾਂ ਦੀ ਨੁਹਾਰ : ਕਟਾਰੂਚੱਕ



**ਪਠਾਨਕੋਟ (ਦਵਿੰਦਰ ਸਿੰਘ)**-ਪੰਜਾਬ ਸਰਕਾਰ ਵੱਲੋਂ ਪਿੰਡਾਂ ਦੀ ਨੁਹਾਰ ਬਦਲੀ ਜਾ ਰਹੀ ਹੈ। ਜ਼ਿਲ੍ਹਾ ਪਠਾਨਕੋਟ ਦੇ ਵਿਧਾਨ ਸਭਾ ਹਲਕਾ ਭੋਆ ਦੇ ਅਸੰਖਿਆ ਪਿੰਡਾਂ ਦੇ ਅੰਦਰ ਵਿਕਾਸ ਕਾਰਜ ਚੱਲ ਰਹੇ ਹਨ। ਪਿੰਡਾਂ ਦੀਆਂ ਫਿਰਨੀਆਂ ਪੱਕੀਆਂ ਕੀਤੀਆਂ ਜਾ ਰਹੀਆਂ ਹਨ ਜਿਸ ਅਧੀਨ ਅੱਜ ਵੀ ਪਿੰਡ ਪੱਚੋਚੱਕ-ਸੁਕਾਲਗੜ੍ਹ, ਝਾਖੋਲਾਹੜੀ ਅਤੇ ਪਿੰਡ ਰਾਜਪੁਰਾ ਵਿਖੇ ਵਿਕਾਸ ਕਾਰਜਾਂ ਦਾ ਸ਼ੁੱਭ ਅਰੰਭ ਕੀਤਾ ਗਿਆ ਹੈ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਸੁਕਾਲਗੜ੍ਹ ਵਿਖੇ ਪਿੰਡ ਦੇ ਆਲੇ ਦੁਆਲੇ ਦੀ ਫਿਰਨੀ ਦੇ ਪੱਕੀ ਸੜਕ ਦੇ ਨਿਰਮਾਣ ਕਾਰਜ ਦਾ ਸ਼ੁੱਭ ਅਰੰਭ ਕਰਨ ਮਗਰੋਂ ਕੀਤਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਰਾਕੇਸ਼ ਕੁਮਾਰ ਐਸ.ਡੀ.ਓ. ਮੰਡੀ ਬੋਰਡ, ਨਰੇਸ਼ ਕੁਮਾਰ ਸੈਣੀ ਜ਼ਿਲ੍ਹਾ ਪ੍ਰਧਾਨ ਬੀ.ਸੀ. ਵਿੰਗ ਪਠਾਨਕੋਟ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰਜਕਰਤਾ ਹਾਜ਼ਰ ਸਨ।ਇਸ ਮੌਕੇ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਵਿਧਾਨ ਸਭਾ ਹਲਕਾ ਭੋਆ ਦੇ ਵੱਖ ਵੱਖ ਪਿੰਡਾਂ ਅੰਦਰ ਜਿਸ ਵਿੱਚ ਪੱਚੋਚੱਕ, ਸੁਕਾਲਗੜ੍ਹ, ਰਾਜਪੂਰਾ ਅਤੇ ਝਾਖੋਲਾਹੜੀ ਵਿਖੇ ਕਰੀਬ 1 ਕਰੋੜ 16 ਲੱਖ ਰੁਪਏ ਦੀ ਲਾਗਤ ਨਾਲ ਫਿਰਨੀਆਂ ਦਾ ਆਧੁਨਿਕੀਕਰਨ ਕੀਤਾ ਜਾ ਰਿਹਾ ਹੈ। ਉਨ੍ਹਾ ਦੱਸਿਆ ਕਿ ਅੱਜ ਪਿੰਡ ਰਾਜਪਰੂਰਾ ਵਿਖੇ ਏ.ਪੀ.ਕੇ ਰੋਡ ਤੋਂ 600 ਮੀਟਰ ਫਿਰਨੀ 'ਤੇ ਕਰੀਬ 48 ਲੱਖ ਰੁਪਏ , ਪਿੰਡ ਕੋਟਲੀ ਤੋਂ ਪੱਚੋਚੱਕ -ਸੁਕਾਲਗੜ੍ਹ ਤੋਂ ਬਾਜ਼ੀਗਰ ਡੇਰਾ ਫਿਰਨੀ ਦਾ ਨਵਨਿਰਮਾਣ 'ਤੇ 40 ਲੱਖ ਰੁਪਏ ਖਰਚ ਕੀਤੇ ਜਾਣੇ ਹਨ। ਇਸ ਤੋਂ ਇਲਾਵਾ ਝਾਖੋਲਾਹੜੀ ਵਿਖੇ 350 ਮੀਟਰ ਲੰਬਾਈ ਫਿਰਨੀ ਦੇ ਨਿਰਮਾਣ 'ਤੇ 28 ਲੱਖ ਰੁਪਏ, ਹਲਕਾ ਭੋਆ ਦੇ ਵੱਖ ਵੱਖ ਪਿੰਡਾਂ ਅੰਦਰ ਕਰੀਬ 1 ਕਰੋੜ 16 ਲੱਖ ਰੁਪਏ ਦੀ ਲਾਗਤ ਨਾਲ ਫਿਰਨੀਆਂ ਦਾ ਨਵਨਿਰਮਾਣ ਕੀਤਾ ਜਾਵੇਗਾ।ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਅੰਦਰ ਬਿਨਾਂ ਕਿਸੇ ਭੇਦਭਾਵ ਦੇ ਅਤੇ ਬਿਨਾਂ ਕਿਸੇ ਪੱਖਪਾਤ ਦੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਇਹ ਵਿਕਾਸ ਕਾਰਜ ਭਵਿੱਖ ਅੰਦਰ ਵੀ ਜਾਰੀ ਰਹਿਣਗੇ।

## ਪ੍ਰਧਾਨ ਨਵਜੀਤ ਸਿੰਘ ਗੋਹਲਵੜ ਦੇ ਤਾਇਆ ਦਾ ਦੇਹਾਂਤ, ਕਿਸਾਨ ਆਗੂਆਂ ਕੀਤਾ ਦੁੱਖ ਦਾ ਪ੍ਰਗਟਾਵਾ

ਝਬਾਲ (ਹਰਜਿੰਦਰ ਸਿੰਘ ਸੋਨੀ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨ ਤਾਰਨ ਦੇ ਅਧੀਨ ਜ਼ੋਨ ਬਾਬਾ ਦੀਪ ਸਿੰਘ ਜੀ ਦੇ ਪਿੰਡ ਗੋਹਲਵੜ ਇਕਾਈ ਪ੍ਰਧਾਨ ਨਵਜੀਤ ਸਿੰਘ ਗੋਹਲਵੜ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਸਤਿਕਾਰਯੋਗ ਤਾਇਆ ਜਸਵੰਤ ਸਿੰਘ ਗੋਹਲਵੜ (80) ਦਾ ਦੇਹਾਂਤ ਹੋ ਗਿਆ।ਗੋਹਲਵੜ ਇਕਾਈ ਪ੍ਰਧਾਨ ਨਵਜੀਤ ਸਿੰਘ ਗੋਹਲਵੜ, ਜ਼ੋਨ ਵਲੰਟੀਅਰ ਸੁਪਰਵਾਈਜ਼ਰ ਦਰਬਾਰਾ ਸਿੰਘ ਗੋਹਲਵੜ ਨੇ ਜਸਵੰਤ ਸਿੰਘ ਗੋਹਲਵੜ ਦੇ ਪੁੱਤਰ ਜਤਿੰਦਰ ਸਿੰਘ ਗੋਹਲਵੜ ਨਾਲ ਦੁੱਖ ਸਾਂਝਾ ਕੀਤਾ ਤੇ ਕਿਹਾ ਇਹ ਪਰਵਾਰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਨਾਲ ਲੰਮੇ ਸਮੇਂ ਤੋਂ ਜੁੜਿਆ ਹੋਇਆ ਹੈ ਅਤੇ ਹਰ ਸੰਘਰਸ਼ ਵਿੱਚ ਉਹਨਾਂ ਦੇ ਪਰਵਾਰ ਦਾ ਵੱਡਾ ਯੋਗਦਾਨ ਰਿਹਾ। ਕਿਸਾਨ ਆਗੂਆਂ ਨੇ ਬਾਪੂ ਜਸਵੰਤ ਸਿੰਘ ਗੋਹਲਵੜ ਦੇ ਅੰਤਿਮ ਸੰਸਕਾਰ ਮੌਕੇ ਉਹਨਾਂ ਦੀ ਮ੍ਰਿਤਕ ਦੇਹ ਨੂੰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਝੰਡੇ ਨਾਲ ਨਿਵਾਜਿਆ ਤੇ ਬਾਪੂ ਜੀ ਦੀ ਅੰਤਿਮ ਯਾਤਰਾ ਵਿੱਚ ਸ਼ਾਮਲ ਹੋਏ।ਇਸ ਮੌਕੇ ਸਤਪਾਲ ਸਿੰਘ ਪੰਡੋਰੀ ਤਖ਼ਤ ਮੱਲ, ਮਨਜੀਤ ਸਿੰਘ ਦੋਬੁਰਜੀ, ਹਰਦੇਵ ਸਿੰਘ ਬਾਲਾਚੱਕ, ਬਲਵਿੰਦਰ ਸਿੰਘ ਗੋਹਲਵੜ, ਸੋਹਣ ਸਿੰਘ ਗੋਹਲਵੜ ਹਾਜ਼ਰ ਸਨ।



# ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਵਿਸ਼ਾਲ ਕਵੀ ਦਰਬਾਰ



ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)-ਇੱਥੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਮਾਂ ਬੋਲੀ ਨੂੰ ਸਮਰਪਤ ਇਕ ਵਿਸ਼ਾਲ ਕਵੀ ਦਰਬਾਰ ਮੀਟਿੰਗ ਹਾਲ ਬਾਬਾ ਮੱਖਣ ਸ਼ਾਹ ਲੁਬਾਣਾ ਸਰਾਂ, ਬਾਬਾ ਬਕਾਲਾ ਸਾਹਿਬ ਵਿਖੇ ਕਰਵਾਇਆ ਗਿਆ। ਇਸ ਮੌਕੇ ਸਾਬਕਾ ਵਿਧਾਇਕ ਜਥੇਦਾਰ ਬਲਜੀਤ ਸਿੰਘ ਜਲਾਲ ਉਸਮਾਂ, ਜਥੇਦਾਰ ਅਮਰਜੀਤ ਸਿੰਘ ਭਲਾਈਪੁਰ, ਜਥੇਦਾਰ ਅਮਰੀਕ ਸਿੰਘ ਵਿਛੋਆ, ਜਥੇਦਾਰ ਅਮਰਜੀਤ ਸਿੰਘ ਬੰਡਾਲਾ (ਸਾਰੇ ਮੈਂਬਰ ਸ਼੍ਰੋਮਣੀ ਕਮੇਟੀ) ਅਤੇ ਮੈਨੇਜਰ ਭਾਈ ਗੁਰਪ੍ਰੀਤ ਸਿੰਘ ਮੱਲੇਵਾਲ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ, ਜਦਕਿ ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ, ਕਾਰਜਕਾਰਨੀ ਮੈਂਬਰ ਡਾ. ਪਰਮਜੀਤ ਸਿੰਘ ਬਾਠ, ਕਾਰਜਕਾਰਨੀ ਮੈਂਬਰ ਮਾ. ਮਨਜੀਤ ਸਿੰਘ ਵੱਸੀ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਸਰਪ੍ਰਸਤ ਪ੍ਰਿੰਸੀਪਲ ਰਘਬੀਰ ਸਿੰਘ ਸੋਹਲ, ਪ੍ਰਧਾਨ ਸੰਤੋਖ ਸਿੰਘ ਗੁਰਾਇਆ, ਸੀਨੀਅਰ ਪ੍ਰਧਾਨ ਮੱਖਣ ਸਿੰਘ ਭੈਣੀਵਾਲਾ, ਸੁਖਦੇਵ ਸਿੰਘ ਭੁੱਲਰ ਸਾਬਕਾ ਸੀਨੀਅਰ ਮੈਨੇਜਰ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ, ਅਵਤਾਰ ਸਿੰਘ ਗੋਇੰਦਵਾਲ ਜਨਰਲ ਸਕੱਤਰ ਸ਼੍ਰੋਮਣੀ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ ਅਤੇ ਸਰਪੰਚ ਗੁਰਪ੍ਰਤਾਪ ਸਿੰਘ ਭਿੱਲਾ ਸਠਿਆਲਾ ਆਦਿ ਸੁਸ਼ੋਭਿਤ ਹੋਏ । ਇਸ ਮੌਕੇ ਪੰਜਾਬੀ ਮਾਂ ਬੋਲੀ ਨੂੰ ਸਮਰਪਤ ਸੇਵਾਵਾਂ ਨਿਭਾਉਣ ਵਾਲੀਆਂ ਸਾਹਿਤ ਸਭਾਵਾਂ ਦੇ ਮੁਖੀ ਸਾਹਿਬਾਨ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ, ਜਿਸ ਵਿੱਚ ਪ੍ਰਿੰ: ਇੰਦਰਜੀਤ ਕੌਰ ਸੋਹਲ ਯਾਦਗਾਰੀ ਐਵਾਰਡ ਮੈਡਮ ਗੁਰਜੀਤ ਕੌਰ ਅਜਨਾਲਾ (ਸੰਚਾਲਕ ਕਲਮਾਂ ਦਾ ਕਾਫਲਾ) ਨੂੰ, ਪ੍ਰਿੰਸੀਪਲ ਸੇਵਾ ਸਿੰਘ ਕੌੜਾ ਯਾਦਗਾਰੀ ਐਵਾਰਡ ਪ੍ਰੋ: ਦਲਬੀਰ ਸਿੰਘ ਰਿਆੜ (ਚੇਅਰਮੈਨ ਪੰਜਾਬੀ ਲਿਖਾਰੀ ਸਭਾ ਜਲੰਧਰ) ਨੂੰ, ਗਿ: ਬਚਨ ਸਿੰਘ ਪ੍ਰੀਤਮ ਯਾਦਗਾਰੀ ਐਵਾਰਡ ਅਤਰ ਸਿੰਘ ਤਰਸਿੱਕਾ (ਪ੍ਰਧਾਨ ਪੰਜਾਬੀ ਸਾਹਿਤ ਸਭਾ ਤਰਸਿੱਕਾ) ਨੂੰ ਅਤੇ ਬਲਬੀਰ ਸਿੰਘ ਫੁੱਲ ਯਾਦਗਾਰੀ ਐਵਾਰਡ ਸੁਖਦੇਵ ਸਿੰਘ ਗੰਡਵਾਂ (ਮੀਤ ਪ੍ਰਧਾਨ ਪੰਜਾਬ ਸਾਹਿਤਕ ਮੰਚ, ਜਲੰਧਰ) ਨੂੰ ਦੇ ਕੇ ਸਨਮਾਨਿਤ ਕੀਤਾ ਗਿਆ । ਮੰਚ ਸੰਚਾਲਨ ਦੇ ਫਰਜ਼ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਨੇ ਨਿਭਾਏ ।

ਇਸ ਮੌਕੇ ਸ਼ਾਇਰ ਸੁਖਦੇਵ ਸਿੰਘ ਗੰਡਵਾਂ ਦੀ ਦੂਸਰੀ ਕਾਵਿ ਪੁਸਤਕ 'ਧਰਤੀ ਪੰਜਾਬ ਦੀਏ' ਨੂੰ ਲੋਕ ਅਰਪਿਤ ਕੀਤਾ ਗਿਆ। ਉਪਰੰਤ ਹੋਏ ਕਵੀ ਦਰਬਾਰ ਵਿੱਚ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ (ਮਹਿਲਾ) ਵਿੰਗ ਦੀ ਪ੍ਰਧਾਨ ਸੁਖਵੰਤ ਕੌਰ ਵੱਸੀ, ਰਾਜਵਿੰਦਰ ਕੌਰ ਰਾਜ, ਹਰਵਿੰਦਰਜੀਤ ਕੌਰ ਬਾਠ, ਸਾਹਿਬਾਂ ਜੀਟਨ ਕੌਰ ਜਲੰਧਰ, ਸੁਰਿੰਦਰ ਖਿਲਚੀਆਂ, ਲਾਲੀ ਕਰਤਾਰਪੁਰੀ, ਮੁਖਤਾਰ ਸਿੰਘ ਗਿੱਲ, ਹਿੰਦ ਗਹਿਰੀ ਮੰਡੀ, ਡਾ. ਮਨੋਜ ਫਗਵਾੜਵੀ, ਨਵਦੀਪ ਸਿੰਘ ਬਦੇਸ਼ਾ, ਸੁਲੱਖਣ ਸਿੰਘ ਦਿਉਲ, ਸਕੱਤਰ ਸਿੰਘ ਪੁਰੇਵਾਲ, ਨਾਨਕ ਚੰਦ ਵਿਰਲੀ, ਡਾ. ਕੁਲਵੰਤ ਸਿੰਘ ਬਾਠ, ਪ੍ਰਿੰ: ਸੁਰਿੰਦਰ ਮੋਹਣ, ਦਵਿੰਦਰ ਸਿੰਘ, ਕਾਲੇ ਸ਼ਾਹ ਟਾਂਗਰਾ, ਲਛਮਣ ਸਿੰਘ, ਮਾ. ਬਲਬੀਰ ਸਿੰਘ ਬੋਲੇਵਾਲ, ਬਲਵਿੰਦਰ ਸਿੰਘ ਅਠੌਲਾ, ਅਜੀਤ ਸਿੰਘ ਸਠਿਆਲਵੀ, ਪ੍ਰੋ: ਬਾਊ ਕੇਵਲ ਬਿਆਸ, ਪ੍ਰਗਟ ਸਿੰਘ ਤਿੰਮੋਵਾਲ, ਆਦਿ ਨੇ ਕਾਵਿ ਰਚਨਾਵਾਂ ਰਾਹੀਂ ਚੰਗਾ ਰੰਗਾ ਬੰਨ੍ਹਿਆ ।

## ਸਹਿਜ ਪਾਠ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)- ਇਲਾਕੇ ਦੇ ਸਭ ਤੋਂ ਪੁਰਾਣੇ ਅਤੇ ਨਾਮਵਰ ਸਕੂਲ ਦਸ਼ਮੇਸ਼ ਪਬਲਿਕ ਸੀਨੀ. ਸੈਕੰ. ਸਕੂਲ ਮਹਿਤਾ ਚੌਂਕ ਵਿਖੇ ਜਿੱਥੇ ਵਿਦਿਆਰਥੀਆਂ ਨੂੰ ਪੜ੍ਹਾਈ ਅਤੇ ਸੱਭਿਆਚਾਰਕ ਗਤੀਵਿਧੀਆਂ ਨਾਲ ਜੋੜਿਆ ਜਾਂਦਾ ਹੈ, ਉੱਥੇ ਹੀ ਵਿਦਿਆਰਥੀਆਂ ਨੂੰ ਗੁਰਬਾਣੀ ਅਤੇ ਧਾਰਮਿਕ ਵਿੱਦਿਆ ਵੀ ਪ੍ਰਦਾਨ ਕੀਤੀ ਜਾਂਦੀ ਹੈ ।ਇਸ ਮੰਤਵ ਨੂੰ ਪੂਰਾ ਕਰਦਾ ਹੋਏ ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ 110 ਸਹਿਜ ਪਾਠ ਸੰਪੂਰਨ ਕੀਤੇ ਗਏ।ਵਿਦਿਆਰਥੀਆਂ ਦੁਆਰਾ ਇਹ ਸਹਿਜ ਪਾਠ ਅਧਿਆਪਕਾਂ ਦੀ ਪ੍ਰੇਰਨਾ ਸਦਕਾ ਅਤੇ ਆਪਣੇ ਮਾਪਿਆਂ ਦੀ ਯੋਗ ਅਗਵਾਈ ਅਧੀਨ ਸੰਪੂਰਨ ਕੀਤੇ ਗਏ।ਵਿਦਿਆਰਥੀਆਂ ਦੁਆਰਾ ਧਾਰਮਿਕ ਵਿੱਦਿਆ ਪ੍ਰਾਪਤ ਕਰਨ ਦੇ ਨਾਲ-ਨਾਲ ਧਾਰਮਿਕ ਭਾਸ਼ਣ ਪ੍ਰਤੀਯੋਗਤਾ, ਸ਼ਬਦ-ਗਾਇਣ ਮੁਕਾਬਲੇ ਅਤੇ ਹੋਰ ਧਾਰਮਿਕ ਗਤੀਵਿਧੀਆਂ ਵਿੱਚ ਵੀ ਹਿੱਸਾ ਲੈਂਦੇ ਹਨ।ਬੀਤੇ ਦਿਨੀਂ ਸਕੂਲ ਵਿਖੇ ਹੋਏ ਅਰਦਾਸ ਦਿਵਸ ਵਿੱਚ ਪਹੁੰਚੇ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਦੁਆਰਾ ਇਹਨਾਂ ਵਿਦਿਆਰਥੀਆਂ ਦਾ ਸਿਰੋਪਾਓ ਭੇਟ ਕਰਕੇ ਵਿਸ਼ੇਸ਼ ਸਨਮਾਨ ਕੀਤਾ ਗਿਆ।ਸੰਸਥਾ ਦੇ ਚੈਅਰਮੈਨ ਗੁਰਦੀਪ ਸਿੰਘ ਰੰਧਾਵਾ ਨੇ ਇਹਨਾਂ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ ਅਤੇ ਆਪਣੀ ਜ਼ਿੰਦਗੀ ਵਿੱਚ ਸਦਾ ਗੁਰਬਾਣੀ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਦਿੱਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਸਥਾ ਦੇ ਮੈਨੇਜਰ ਹਰਸ਼ਦੀਪ ਸਿੰਘ ਰੰਧਾਵਾ, ਜਥੇਦਾਰ ਸੁਖਦੇਵ ਸਿੰਘ (ਮੁੱਖ ਬੁਲਾਰਾ ਦਮਦਮੀ ਟਕਸਾਲ), ਅਵਤਾਰ ਸਿੰਘ ਬੁੱਟਰ, ਕੁਲਬੀਰ ਸਿੰਘ ਮਾਨ, ਸੁਰਜੀਤ ਸਿੰਘ ਕੰਗ, ਦਵਿੰਦਰ ਸਿੰਘ, ਮੈ.ਜਗਦੀਪ ਕੌਰ, ਮੈ.ਜਸਜੀਤ ਕੌਰ, ਮੈ. ਪਲਵਿੰਦਰ ਕੌਰ (ਧਾਰਮਿਕ ਅਧਿਆਪਕ ) ਆਦਿ ਹਾਜ਼ਰ ਸਨ।

## ਬੱਚਿਆਂ ਦੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ੍ਰੀ ਚੋਲਾ ਸਾਹਿਬ ਦੇ ਜੋੜ ਮੇਲੇ ਨੂੰ ਸਮਰਪਤ ਨੌਜਵਾਨ ਸੇਵਕ ਜਥਾ ਮੁਹੱਲਾ ਅਕਾਲਗੜ੍ਹ ਕਾਦੀਆਂ ਵੱਲੋਂ ਸਮੂਹ ਪ੍ਰਬੰਧਕਾਂ, ਸੇਵਾਦਾਰਾਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਬੱਚਿਆਂ ਦੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਛੋਟੇ ਅਤੇ ਵੱਡੇ ਬੱਚਿਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਦੌਰਾਨ ਛੋਟੇ ਅਤੇ ਵੱਡੇ ਬੱਚਿਆਂ ਵੱਲੋਂ ਸਿੱਖ ਇਤਿਹਾਸ ਨਾਲ ਸੰਬੰਧਤ ਪੰਜ ਪਿਆਰੇ ਸਾਹਿਬਾਨਾਂ ਦੇ ਨਾਮ, ਚਾਰ ਸਾਹਿਬਜ਼ਾਦਿਆਂ ਦੇ ਨਾਮ, ਗੁਰਬਾਣੀ ਕਵੀਸ਼ਰੀ ਅਤੇ ਹੋਰ ਧਾਰਮਿਕ ਸ਼ਬਦਾਂ ਰਾਹੀਂ ਸੰਗਤਾਂ ਨਾਲ ਸਾਂਝ ਪਾਈ। ਇਸ ਦੌਰਾਨ ਨੌਜਵਾਨ ਸੇਵਕ ਜਥਾ ਮੁਹੱਲਾ ਅਕਾਲਗੜ੍ਹ ਕਾਦੀਆਂ ਦੇ ਸਮੁੱਚੇ ਪ੍ਰਬੰਧਕਾਂ ਅਤੇ ਸੇਵਾਦਾਰਾਂ ਵੱਲੋਂ ਭਾਗ ਲੈਣ ਵਾਲੇ ਛੋਟੇ ਅਤੇ ਵੱਡੇ ਬੱਚਿਆਂ ਦੀ ਹੌਸਲਾ ਅਫਜ਼ਾਈ ਲਈ ਉਹਨਾਂ ਨੂੰ ਮੋਮੈਂਟੋ ਅਤੇ ਧਾਰਮਿਕ ਕਿਤਾਬਾਂ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਬੰਧਕਾਂ ਵੱਲੋਂ ਮੁੱਖ ਮਹਿਮਾਨਾਂ ਦਾ ਵੀ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਜਾਣਕਾਰੀ ਸਾਂਝੀ ਕਰਦੇ ਹੋਏ ਪ੍ਰਬੰਧਕਾਂ ਨੇ ਦੱਸਿਆ ਕਿ ਸ੍ਰੀ ਚੋਲਾ ਸਾਹਿਬ ਦੇ ਮੇਲੇ ਨੂੰ ਸਮਰਪਿਤ ਤਿੰਨ ਰੋਜ਼ਾ ਗੁਰੂ ਜੀ ਦੇ ਅਤੁੱਟ ਲੰਗਰ ਚੱਲਦੇ ਹਨ ਅਤੇ ਸੰਗਤਾਂ ਦੇ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਦਾ ਹੈ। ਇਸ ਮੌਕੇ ਪ੍ਰਬੰਧਕਾਂ ਤੇ ਸੇਵਾਦਾਰਾਂ ਨੇ ਕਿਹਾ ਕਿ ਸਾਨੂੰ ਹਮੇਸ਼ਾ ਹੀ ਆਪਣੇ ਸਿੱਖ ਇਤਿਹਾਸ ਤੋਂ ਜਾਣੂ ਰਹਿਣਾ ਚਾਹੀਦਾ ਅਤੇ ਆਪਣੇ ਬੱਚਿਆਂ ਨੂੰ ਵੀ ਸਿੱਖ ਇਤਿਹਾਸ ਦੇ ਨਾਲ ਵੱਧ ਤੋਂ ਵੱਧ ਜੋੜਨਾ ਚਾਹੀਦਾ ਹੈ।ਇਸ ਮੌਕੇ ਪ੍ਰਬੰਧਕਾਂ ਤੇ ਸੇਵਾਦਾਰਾਂ ਨੇ ਬੱਚਿਆਂ ਦੇ ਮਾਤਾ-ਪਿਤਾ ਦਾ ਵੀ ਧੰਨਵਾਦ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁੱਖ ਸੇਵਾਦਾਰ ਅਵਤਾਰ ਸਿੰਘ, ਬਿਕਰਮਜੀਤ ਸਿੰਘ ਹੈਪੀ, ਗੁਰਜੀਤ ਸਿੰਘ ਡਿੰਪਲ, ਸੁਖਪਾਲ ਸਿੰਘ ਬਿੰਟਾ, ਸੁਖਵਿੰਦਰ ਸਿੰਘ, ਅੰਤਰਪ੍ਰੀਤ ਸਿੰਘ ਭਾਟੀਆ, ਮਿਲਣ ਸਿੰਘ ਮਿਲਾ, ਪ੍ਰੀਤਮ ਸਿੰਘ ਭਾਟੀਆ, ਪਰਮਿੰਦਰ ਸਿੰਘ ਪ੍ਰਿੰਸ, ਦੇਸ ਰਾਜ, ਰਜਿੰਦਰ ਸਿੰਘ ਭਿੰਡਰ, ਅੰਮ੍ਰਿਤਪਾਲ ਸਿੰਘ ਭਿੰਡਰ, ਸੁਰਿੰਦਰ ਸਿੰਘ ਲਾਡੀ, ਕੁਲਵਿੰਦਰ ਸਿੰਘ ਘੁਲਾ ਹਾਜ਼ਰ ਸਨ।

## ਇਸ ਵਾਰ ਦਾ ਨਾਦ ਪ੍ਰਗਾਸੁ ਸ਼ਬਦ ਸਨਮਾਨ ਕਵੀ ਵਿਜੇ ਵਿਵੇਕ ਨੂੰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਦਸਵਾਂ 'ਅੰਮ੍ਰਿਤਸਰ ਸਾਹਿਤ ਉਤਸਵ' ਖਾਲਸਾ ਕਾਲਜ ਫਾਰ ਵਿਮਨ ਅੰਮ੍ਰਿਤਸਰ ਦੇ ਵਿਹੜੇ ਵਿਚ ਸ਼ੁਰੂ ਹੋਵੇਗਾ। ਖੋਜ ਸੰਸਥਾ ਨਾਦ ਪ੍ਰਗਾਸੁ ਵੱਲੋਂ 3, 4 ਅਤੇ 5 ਮਾਰਚ ਨੂੰ ਕਰਵਾਏ ਜਾ ਰਹੇ ਇਸ ਉਤਸਵ 'ਚ ਪੰਜਾਬ, ਦਿੱਲੀ, ਜੰਮੂ-ਕਸ਼ਮੀਰ ਤੋਂ ਇਲਾਵਾ ਭਾਰਤ ਦੇ ਹੋਰਨਾਂ ਰਾਜਾਂ ਦੀਆਂ ਯੂਨੀਵਰਸਿਟੀਆਂ, ਕਾਲਜਾਂ, ਅਕਾਦਮਿਕ-ਖੋਜ ਸੰਸਥਾਵਾਂ ਦੇ ਖੋਜਾਰਥੀ, ਵਿਦਿਆਰਥੀ ਅਤੇ ਉੱਘੀਆਂ ਸ਼ਖ਼ਸੀਅਤਾਂ ਤੋਂ ਇਲਾਵਾ ਪ੍ਰਸਿੱਧ ਵਿਦਵਾਨ ਭਾਗ ਲੈਣਗੇ। ਇਨ੍ਹਾਂ ਸਮਾਗਮਾਂ ਦਾ ਪ੍ਰਮੁੱਖ ਉਦੇਸ਼ ਅਕਾਦਮਿਕ ਅਤੇ ਵਿੱਦਿਅਕ ਸੰਸਥਾਵਾਂ ਦੇ ਖੋਜਾਰਥੀਆਂ-ਵਿਦਿਆਰਥੀਆਂ ਨੂੰ ਸੰਬੰਧਤ ਖੇਤਰਾਂ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨਾਲ ਰੂਬਰੂ ਕਰਨਾ ਹੈ, ਜਿਸ ਰਾਹੀਂ ਉਨ੍ਹਾਂ ਦੇ ਹੁਨਰ ਅਤੇ ਸਮਰੱਥਾ ਨੂੰ ਵਿਕਸਤ ਹੋਣ ਲਈ ਮਦਦ ਮਿਲ ਸਕੇ। ਸੰਸਥਾ ਦੇ ਸਕੱਤਰ ਵਰਿੰਦਰਪਾਲ ਸਿੰਘ ਨੇ ਤਿੰਨ ਦਿਨ ਹੋਣ ਵਾਲੇ ਸਮਾਗਮਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੰਮ੍ਰਿਤਸਰ ਸਾਹਿਤ ਉਤਸਵ ਸੰਸਥਾ ਵੱਲੋਂ ਕਰਵਾਈਆਂ ਜਾਂਦੀਆਂ ਸਾਲਾਨਾ ਗਤੀਵਿਧੀਆਂ ਦਾ ਪ੍ਰਮੁੱਖ ਹਿੱਸਾ ਹੈ। ਉਤਸਵ ਸੈਮੀਨਾਰ, ਸੰਵਾਦ, ਪੁਸਤਕ ਗੋਸ਼ਟੀ, ਸਿਰਜਣ-ਅਨੁਭਵ ਅਤੇ ਕਵੀ ਦਰਬਾਰ ਆਦਿ ਉਪਰ ਕੇਂਦਰਿਤ ਰਹੇਗਾ ਅਤੇ ਇਸ ਤੋਂ ਇਲਾਵਾ ਬਸੰਤ ਰੁੱਤ ਦੇ ਸੁਆਗਤ ਵਿੱਚ ਵਿਸ਼ੇਸ਼ ਤੌਰ 'ਤੇ ਬਸੰਤ ਰਾਗ ਵਾਦਨ ਅਤੇ ਗਾਇਨ ਵੀ ਕੀਤਾ ਜਾਵੇਗਾ। ਇਸ ਤੋਂ ਇਲਾਵਾ ਵਿਦਿਆਰਥੀਆਂ ਅੰਦਰ ਕੋਮਲ ਕਲਾਵਾਂ ਪ੍ਰਤੀ ਆਕਰਸ਼ਣ ਪੈਦਾ ਕਰਨ ਲਈ ਲੱਕੜ ਕਾਰੀਗਰੀ, ਰਵਾਇਤੀ ਸਾਜ਼, ਅੱਖਰਕਾਰੀ, ਚਿੱਤਰਕਲਾ, ਫੋਟੋਗ੍ਰਾਫੀ ਤੋਂ ਇਲਾਵਾ ਖੋਜ ਅਤੇ ਚਿੰਤਨ ਨਾਲ ਸੰਬੰਧਤ ਪੁਸਤਕ ਪ੍ਰਦਰਸ਼ਨੀਆਂ ਆਯੋਜਿਤ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਉਤਸਵ ਦਾ ਉਦਘਾਟਨੀ ਸੈਸ਼ਨ ਮਰਹੂਮ ਸ਼ਾਇਰ ਪਦਮਸ਼੍ਰੀ ਸੁਰਜੀਤ ਪਾਤਰ ਦੀ ਯਾਦ ਨੂੰ ਸਮਰਪਤ ਕੀਤਾ ਜਾਵੇਗਾ, ਜਿਸ ਵਿੱਚ ਕਰਮਜੀਤ ਸਿੰਘ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਡਾ. ਮਹਿਲ ਸਿੰਘ ਵਾਈਸ ਚਾਂਸਲਰ ਖ਼ਾਲਸਾ ਯੂਨੀਵਰਸਿਟੀ ਅੰਮ੍ਰਿਤਸਰ, ਅਸ਼ਵਨੀ ਚੈਟਲੇ, ਚੇਅਰਮੈਨ ਸੰਗੀਤ ਨਾਟਕ ਅਕਾਦਮੀ ਚੰਡੀਗੜ੍ਹ ਅਤੇ ਸਾਹਿਤ ਜਗਤ ਦੇ ਪ੍ਰਸਿੱਧ ਚਿੰਤਕ ਤੇ ਸਾਹਿਤਕਾਰ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹਿਣਗੇ। ਉਨ੍ਹਾਂ ਕਿਹਾ ਕਿ ਇਸ ਦਿਨ ਦਾ ਪਹਿਲਾ ਅਕਾਦਮਿਕ ਸੈਸ਼ਨ ਮਰਹੂਮ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਸਮਰਪਤ ਕੀਤਾ ਜਾਵੇਗਾ ਜਿਸ ਵਿੱਚ ਆਰ.ਬੀ. ਆਈ. ਚੇਅਰ ਪ੍ਰੋਫੈਸਰ ਸਤੀਸ਼ ਵਰਮਾ ਅਤੇ ਪ੍ਰਸਿੱਧ ਰਾਜਨੀਤਿਕ ਚਿੰਤਕ ਯੋਗੇਂਦਰ ਯਾਦਵ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ। ਤੀਜੇ ਅਤੇ ਆਖਰੀ ਦਿਨ ਕਰਵਾਏ ਜਾ ਰਹੇ 16ਵੇਂ ਸਾਲਾਨਾ ਕਵੀ ਦਰਬਾਰ 'ਚੜ੍ਹਿਆ ਬਸੰਤ' ਦਾ ਆਗਾਜ਼ ਬਸੰਤ ਰਾਗ ਵਾਦਨ ਅਤੇ ਗਾਇਨ ਨਾਲ ਹੋਵੇਗਾ। ਚੜ੍ਹਿਆ ਬਸੰਤ ਕਵੀ ਦਰਬਾਰ' ਵਿੱਚ ਪੰਜਾਬੀ ਤੋਂ ਇਲਾਵਾ ਪੁਣਛੀ, ਗੋਜਰੀ, ਪਹਾੜੀ ਅਤੇ ਡੋਗਰੀ ਆਦਿ ਦੇ ਪ੍ਰਸਿੱਧ ਕਵੀ ਭਾਗ ਲੈ ਰਹੇ ਹਨ। ਹਰ ਸਾਲ ਦਿੱਤਾ ਜਾਣਾ ਵਾਲਾ ਨਾਦ ਪ੍ਰਗਾਸੁ ਸ਼ਬਦ ਸਨਮਾਨ ਇਸ ਵਾਰ ਪੰਜਾਬੀ ਦੇ ਪ੍ਰਸਿੱਧ ਕਵੀ ਵਿਜੇ ਵਿਵੇਕ ਨੂੰ ਦਿੱਤਾ ਜਾ ਰਿਹਾ ਹੈ।

## 10 ਗ੍ਰਾਮ ਹੈਰੋਇਨ, ਇਲੈਕਟ੍ਰੋਨਿਕ ਕੰਡਾ ਤੇ 1 ਹਜ਼ਾਰ ਰੁਪਏ ਸਮੇਤ ਦੋ ਨੌਜਵਾਨ ਗ੍ਰਿਫਤਾਰ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਕਾਦੀਆਂ ਪੁਲਸ ਵੱਲੋਂ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਵੱਖ-ਵੱਖ ਥਾਵਾਂ 'ਤੇ ਦਿਨ ਰਾਤ ਨਾਕੇਬੰਦੀ ਕੀਤੀ ਜਾ ਰਹੀ ਹੈ, ਜਿਸ ਦੇ ਚਲਦਿਆਂ ਹੈਰੋਇਨ ਵਰਗੇ ਨਸ਼ਿਆਂ ਦੇ ਮੁਲਜ਼ਮਾਂ ਨੂੰ ਲਗਾਤਾਰ ਗ੍ਰਿਫਤਾਰ ਕਰਨ ਵਿੱਚ ਵੱਡੀਆਂ ਸਫਲਤਾਵਾ ਹਾਸਲ ਕੀਤੀਆਂ ਜਾ ਰਹੀਆਂ ਹਨ। ਕਾਦੀਆਂ ਪੁਲਸ ਵੱਲੋਂ ਅੱਜ ਵੀ ਦੋ ਨੌਜਵਾਨਾਂ ਨੂੰ 10 ਗ੍ਰਾਮ ਹੈਰੋਇਨ, ਇਲੈਕਟ੍ਰੋਨਿਕ ਕੰਡਾ ਤੇ 1000 ਰੁਪਏ ਭਾਰਤੀ ਕਰੰਸੀ ਸਮੇਤ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਮਿਲਿਆ ਹੈ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਕਾਦੀਆਂ ਦੇ ਐਸ ਐਚ ਓ ਨਿਰਮਲ ਸਿੰਘ ਨੇ ਦੱਸਿਆ ਕਿ ਪੁਲਸ ਜ਼ਿਲ੍ਹਾ ਬਟਾਲਾ ਦੇ ਐਸ ਐਸ ਪੀ ਸੁਹੇਲ ਕਾਸਿਮ ਮੀਰ ਵੱਲੋਂ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਦੇ ਚਲਦਿਆਂ ਏ ਐਸ ਆਈ ਸੁਰਜੀਤ ਸਿੰਘ ਵੱਲੋਂ ਰੇਲਵੇ ਫਾਟਕ ਖਾਰਾ ਰੋਡ ਕਾਦੀਆਂ ਵਿਖੇ ਨਰੈਣ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਪਿੰਡ ਭਗਵਾਂ ਅਤੇ ਰਕੇਸ਼ ਕੁਮਾਰ ਉਰਫ ਮਾਊ ਪੁੱਤਰ ਵਿਜੇ ਕੁਮਾਰ ਵਾਸੀ ਮੁਹੱਲਾ ਸੰਤ ਨਗਰ ਕਾਦੀਆਂ ਨੂੰ ਕਾਬੂ ਕਰਕੇ ਉਹਨਾਂ ਕੋਲੋਂ 10 ਗ੍ਰਾਮ ਹਰੋਇਨ ਇੱਕ ਇਲੈਕਟ੍ਰੋਨਿਕ ਕੰਡਾ ਅਤੇ 1 ਹਜ਼ਾਰ ਰੁਪਏ ਦੀ ਭਾਰਤੀ ਕਰੰਸੀ ਸਮੇਤ ਕਾਬੂ ਕਰਕੇ ਉਹਨਾਂ ਦੇ ਖਿਲਾਫ ਥਾਣਾ ਕਾਦੀਆਂ ਅੰਦਰ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਹਨਾਂ ਕਿਹਾ ਕਿ ਨਸ਼ਾ ਵੇਚਣ ਵਾਲੇ ਜਾਂ ਤਾਂ ਖੁਦ ਨਸ਼ਾ ਵੇਚਣਾ ਬੰਦ ਕਰ ਦੇਣ ਨਹੀਂ ਤਾਂ ਕਾਨੂੰਨ ਅਨੁਸਾਰ ਉਹਨਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

## ਕ੍ਰਿਕਟ ਟੂਰਨਾਮੈਂਟ 'ਚ ਕੈਬਨਿਟ ਮੰਤਰੀ ਨੇ ਖਿਡਾਰੀਆਂ ਦਾ ਵਧਾਇਆ ਹੌਸਲਾ



ਜੰਡਿਆਲਾ ਗੁਰੂ (ਹਰਿੰਦਰਪਾਲ ਸਿੰਘ)-ਖੇਡਾਂ ਸਾਡੀ ਜ਼ਿੰਦਗੀ ਨੂੰ ਅਨੁਸ਼ਾਸਨ ਵਿੱਚ ਬੰਨ੍ਹਦੀਆਂ ਹਨ ਅਤੇ ਵਿਅਕਤੀ ਦਾ ਸਰੀਰਿਕ ਅਤੇ ਮਾਨਸਿਕ ਵਿਕਾਸ ਕਰਦੀਆਂ ਹਨ, ਇਸ ਲਈ ਸਾਰੇ ਬੱਚਿਆਂ ਅਤੇ ਜਵਾਨਾਂ ਨੂੰ ਖੇਡਾਂ ਵਿੱਚ ਹਿੱਸਾ ਜ਼ਰੂਰ ਲੈਣਾ ਚਾਹੀਦਾ ਹੈ । ਇਹ ਟੂਰਨਾਮੈਂਟ ਕਰਵਾ ਕੇ ਜਿਨ੍ਹਾਂ ਨੌਜਵਾਨਾਂ ਵੱਲੋਂ ਪਹਿਲਕਦਮੀ ਕੀਤੀ ਹੈ, ਇਹ ਵਧਾਈ ਦੇ ਪਾਤਰ ਹਨ। ਇਹ ਪ੍ਰਗਟਾਵਾ ਹਰਭਜਨ ਸਿੰਘ ਈ ਟੀ ਓ ਕੈਬਨਿਟ ਮੰਤਰੀ ਪੰਜਾਬ ਨੇ ਜੰਡਿਆਲਾ ਗੁਰੂ ਵਿਖੇ ਸ੍ਰੀ ਤਾਰਾ ਚੰਦ ਸੰਦਲ ਕਮੇਟੀ ਵਾਲਿਆਂ ਦੀ ਯਾਦ ਵਿੱਚ ਕਰਵਾਏ ਜਾ ਰਹੇ ਪਹਿਲੇ ਕ੍ਰਿਕਟ ਟੂਰਨਾਮੈਂਟ ਦੇ ਪਹਿਲੇ ਦਿਨ ਪਹੁੰਚ ਕੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਨ ਮਗਰੋਂ ਕੀਤਾ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵੀ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਵੱਡੇ ਕਦਮ ਚੁੱਕੇ ਹਨ ਅਤੇ ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਬੱਚਿਆਂ ਨੂੰ ਉੱਚੀਆਂ ਪਦਵੀਆਂ ਦੇ ਕੇ ਵੀ ਨਿਵਾਜਿਆ ਹੈ। ਉਨ੍ਹਾਂ ਕਿਹਾ ਕਿ ਇੱਥੋਂ ਦੇ ਨੌਜਵਾਨਾਂ ਵੱਲੋਂ ਹੋਰਨਾਂ ਨੌਜਵਾਨਾਂ ਨੂੰ ਖੇਡਾਂ ਦੇ ਨਾਲ ਜੋੜਨ ਦੇ ਲਈ ਬਹੁਤ ਹੀ ਵਧੀਆ ਉਪਰਾਲਾ ਕੀਤਾ ਗਿਆ ਹੈ, ਇਸ ਦੇ ਨਾਲ ਹੋਰ ਵੀ ਨੌਜਵਾਨ ਪ੍ਰੇਰਿਤ ਹੋਣਗੇ।ਉਨ੍ਹਾਂ ਕਿਹਾ ਕਿ ਹੁਣ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਪਿੰਡਾਂ ਦੀ ਨੁਹਾਰ ਬਦਲੀ ਜਾ ਰਹੀ ਹੈ, ਪਿੰਡਾਂ ਅੰਦਰ ਖੇਡ ਸਟੇਡੀਅਮਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ ਅਤੇ ਬੱਚਿਆਂ ਦੇ ਲਈ ਖੇਡਾਂ ਦੇ ਮੈਦਾਨ ਵੀ ਤਿਆਰ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਅੰਦਰ ਜ਼ਿਲ੍ਹਾ ਅੰਮਿਤਸਰ ਦੇ ਦਰਜਨਾਂ ਪਿੰਡਾਂ ਅੰਦਰ ਵਧੀਆਂ ਆਧੁਨਿਕ ਖੇਡ ਮੈਦਾਨ ਤਿਆਰ ਕੀਤੇ ਜਾ ਰਹੇ ਹਨ ਅਤੇ ਲੋਕਾਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦਿਆਂ ਓਪਨ ਜਿੰਮ ਵੀ ਬਣਾਏ ਗਏ ਹਨ। ਇਸ ਮੌਕੇ ਨਰੇਸ਼ ਪਾਠਕ, ਸਰਬਜੀਤ ਸਿੰਘ ਡਿੰਪੀ, ਸਤਿੰਦਰ ਸਿੰਘ, ਗੁਰਪ੍ਰੀਤ ਸਿੰਘ ਚੰਦੀ ਸਮੀਰ ਸੰਦਲ, ਕਰਨ ਸੰਦਲ, ਰੋਹਿਤ ਸੰਦਲ, ਰਾਜ ਸ਼ਰਮਾ, ਲਾਲੀ ਸ਼ਾਹ, ਰਮਨਦੀਪ ਸਿੰਘ, ਮੋਹਿਤ ਅਤੇ ਹੋਰ ਪਤਵੰਤੇ ਹਾਜ਼ਰ ਸਨ।

## ਸੰਗ ਮੇਲਾ ਪੈਦਲ ਯਾਤਰਾ ਦਾ ਭੇਟ ਪੱਤਣ ਤੇ ਹਰਚੋਵਾਲ ਸਮੇਤ ਵੱਖ-ਵੱਖ ਥਾਵਾਂ 'ਤੇ ਨਿੱਘਾ ਸਵਾਗਤ




ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਅੱਜ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਖੜਿਆਲਾ ਸੈਣੀਆਂ ਤੋਂ ਜਥੇਦਾਰ ਮਾਸਟਰ ਰਣਧੀਰ ਸਿੰਘ ਦੀ ਅਗਵਾਈ ਹੇਠ ਸ਼ੁਰੂ ਹੋ ਕੇ ਚੋਲਾ ਸਾਹਿਬ ਦੇ ਦਰਸ਼ਨਾਂ ਲਈ ਜਾ ਰਹੀ ਪੈਦਲ ਯਾਤਰਾ ਦਾ ਬਿਆਸ ਦਰਿਆ ਪਾਰ ਕਰਕੇ ਆਉਣ 'ਤੇ ਪਿੰਡ ਭੇਟ ਪੱਤਣ ਸਮੇਤ ਵੱਖ ਵੱਖ ਪਿੰਡਾਂ ਤੋਂ ਇਲਾਵਾ ਕਸਬਾ ਹਰਚੋਵਾਲ ਵਿੱਚ ਸਮੂਹ ਸੰਗਤ ਵੱਲੋਂ ਜੈਕਾਰਿਆਂ ਦੀ ਗੂੰਜ ਵਿੱਚ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਗਗਨਦੀਪ ਸਿੰਘ ਰਿਆੜ, ਬਾਬਾ ਬਲਵਿੰਦਰ ਸਿੰਘ, ਬਾਬਾ ਰਣਜੀਤ ਸਿੰਘ ਪੂਹਲਾ, ਸੂਬੇਦਾਰ ਹਰਭਜਨ ਸਿੰਘ, ਬਚਨ ਸਿੰਘ, ਮਾਸਟਰ ਰਣਜੀਤ ਸਿੰਘ ਰਾਣਾ, ਕੁਲਵੰਤ ਸਿੰਘ, ਗੁਰਮੁਖ ਸਿੰਘ, ਸੁਖਚੈਨ ਸਿੰਘ, ਕਰਮ ਸਿੰਘ, ਦਲੇਰ ਸਿੰਘ, ਧਰਮਿੰਦਰ ਸਿੰਘ ਸਰਪੰਚ, ਮਹਿਕਦੀਪ ਸਿੰਘ ਰਿਆੜ, ਬਖਸ਼ੀਸ਼ ਸਿੰਘ, ਅਮਨਦੀਪ ਸਿੰਘ ਰਿਆੜ ਆਦਿ ਸੇਵਾਦਾਰਾਂ ਵੱਲੋਂ ਪੈਦਲ ਯਾਤਰਾ ਦੀ ਅਗਵਾਈ ਕਰ ਰਹੇ ਜਥੇਦਾਰ ਮਾਸਟਰ ਰਣਧੀਰ ਸਿੰਘ ਦਾ ਵੱਡੇ ਗੁਰਦੁਆਰਾ ਸਾਹਿਬ ਵਿਖੇ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ।

ਇਸ ਮੌਕੇ ਜਥੇਦਾਰ ਰਣਧੀਰ ਸਿੰਘ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸੇਵਾਦਾਰਾਂ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਹਰ ਸਾਲ 2 ਮਾਰਚ ਨੂੰ ਇਹ ਪੈਦਲ ਯਾਤਰਾ ਬਿਆਸ ਦਰਿਆ ਤੋਂ ਪਾਰ ਹੋ ਕੇ ਵੱਖ ਵੱਖ ਪਿੰਡਾਂ ਵਿੱਚੋਂ ਹੁੰਦੀ ਹੋਈ ਵੱਡਾ ਗੁਰਦੁਆਰਾ ਸਾਹਿਬ ਹਰਚੋਵਾਲ ਵਿਖੇ ਪਹੁੰਚ ਕੇ ਵੱਖ ਵੱਖ ਘਰਾਂ ਵਿੱਚ ਰਾਤ ਰਹਿਣ ਉਪਰੰਤ ਅਗਲੇ ਦਿਨ ਸਵੇਰੇ 3 ਵਜੇ ਹਰਚੋਵਾਲ ਦੇ ਵੱਡਾ ਗੁਰਦੁਆਰਾ ਸਾਹਿਬ ਤੋਂ ਅਰਦਾਸ ਕਰਨ ਉਪਰੰਤ ਸੰਗਤਾਂ ਅਗਲੇ ਪੜਾਅ ਵੱਲ ਰਵਾਨਾ ਹੁੰਦੀਆਂ ਹਨ। ਇਹ ਪੈਦਲ ਯਾਤਰਾ 3 ਮਾਰਚ ਨੂੰ ਕਸਬਾ ਕਾਦੀਆਂ ਤੋਂ ਹੁੰਦੀ ਹੋਈ ਵੱਡੇ ਘੁੰਮਣਾਂ ਵਿਖੇ ਰਾਤ ਠਹਿਰਨ ਦੇ ਬਾਅਦ ਅਗਲੇ ਦਿਨ 4 ਮਾਰਚ ਨੂੰ ਸ਼ਾਮ ਨੂੰ ਡੇਰਾ ਬਾਬਾ ਨਾਨਕ ਵਿਖੇ ਪਹੁੰਚ ਕੇ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਅੰਗ ਵਸਤਰ ਸ੍ਰੀ ਚੋਲਾ ਸਹਿਬ ਦੇ ਦਰਸ਼ਨ ਕਰਨ ਉਪਰੰਤ ਇਹ ਯਾਤਰਾ ਸਮਾਪਤ ਹੁੰਦੀ ਹੈ।

## 532 ਗ੍ਰਾਮ ਹੈਰੋਇਨ ਤੇ ਸਵਿਫਟ ਕਾਰ ਸਮੇਤ ਇੱਕ ਨਸ਼ਾ ਤਸਕਰ ਗ੍ਰਿਫ਼ਤਾਰ



ਗੁਰਦਾਸਪੁਰ ( ਬਲਵਿੰਦਰ ਸਿੰਘ ਬਿੱਲਾ ) - ਯੁੱਧ ਨਸ਼ਿਆਂ ਵਿਰੁੱਧ ਅਭਿਆਨ ਤਹਿਤ ਅੱਜ ਗੁਰਦਾਸਪੁਰ ਪੁਲਸ ਨੂੰ ਇੱਕ ਵੱਡੀ ਸਫਲਤਾ ਮਿਲੀ ਹੈ। ਗੁਰਦਾਸਪੁਰ ਪੁਲਸ ਨੇ ਇੱਕ ਨਸ਼ਾ ਤਸਕਰ ਨੂੰ 532 ਗ੍ਰਾਮ ਹੈਰੋਇਨ ਅਤੇ ਸਵਿਫ਼ਟ ਕਾਰ ਸਮੇਤ ਗ੍ਰਿਫ਼ਤਾਰ ਕੀਤਾ ਹੈ।ਪੱਤਰਕਾਰ ਸੰਮੇਲਨ ਦੌਰਾਨ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਪੁਲਸ ਗੁਰਦਾਸਪੁਰ ਦੇ ਐੱਸ.ਪੀ. (ਡੀ) ਬਲਵਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਤੇ ਡਾਇਰੈਕਟਰ ਜਨਰਲ ਪੁਲਸ ਪੰਜਾਬ ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪੁਲਸ ਵੱਲੋਂ ਕਲਾਨੌਰ ਵਿਖੇ ਇੱਕ ਨਸ਼ਾ ਤਸਕਰ ਨੂੰ 532 ਗ੍ਰਾਮ ਹੈਰੋਇਨ ਅਤੇ ਸਵਿਫ਼ਟ ਕਾਰ ਸਮੇਤ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਦੋਸ਼ੀ ਦੀ ਪਛਾਣ ਚਰਨਜੀਤ ਸਿੰਘ ਉਰਫ ਚੰਨਾ ਪੁੱਤਰ ਫੁੰਮਣ ਸਿੰਘ, ਵਾਸੀ ਰਹੀਮਾਬਾਦ, ਥਾਣਾ ਕੋਟਲੀ ਸੂਰਤ ਮੱਲ੍ਹੀ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਦੋਸ਼ੀ ਨੂੰ ਗ੍ਰਿਫ਼ਤਾਰ ਕਰਕੇ ਉਸ ਵਿਰੁੱਧ ਥਾਣਾ ਕਲਾਨੌਰ ਵਿੱਚ ਮਾਮਲਾ ਦਰਜ ਕੀਤਾ ਗਿਆ ਹੈ। ਐੱਸ.ਪੀ. (ਡੀ ਬਲਵਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਦੋਸ਼ੀ ਨੇ ਪੁੱਛਗਿੱਛ ਦੌਰਾਨ ਦੋ ਹੋਰ ਨਸ਼ਾ ਤਸਕਰਾਂ ਸਾਹਿਬ ਸਿੰਘ ਅਤੇ ਗੁਰਲਾਲ ਸਿੰਘ ਦੀ ਸ਼ਮੂਲੀਅਤ ਮੰਨੀ ਹੈ ਅਤੇ ਪੁਲਸ ਵੱਲੋਂ ਇਨ੍ਹਾਂ ਦੋਵਾਂ ਦੋਸ਼ੀਆਂ ਨੂੰ ਵੀ ਮੁਕੱਦਮੇ ਵਿੱਚ ਨਾਮਜ਼ਦ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਗੁਰਦਾਸਪੁਰ ਪੁਲਸ ਵੱਲੋਂ ਨਸ਼ਾ ਤਸਕਰਾਂ ਸਮੇਤ ਕਿਸੇ ਵੀ ਸਮਾਜ ਵਿਰੋਧੀ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਪੁਲਸ ਵਿਭਾਗ ਵੱਲੋਂ ਨਸ਼ਿਆਂ ਵਿਰੁੱਧ ਯੁੱਧ ਨੂੰ ਹਰ ਹੀਲੇ ਫ਼ਤਹਿ ਕੀਤਾ ਜਾਵੇਗਾ।

# ਵਿਦਿਆਰਥੀਆਂ ਦਾ ਜੈਪੁਰ ਦਾ ਛੇ ਰੋਜ਼ਾ ਅੰਤਰਰਾਜੀ ਐਕਸਪੋਜ਼ਰ ਵਿਜ਼ਿਟ ਟੂਰ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਗੁਰਦਾਸਪੁਰ ਦੇ ਵਿਦਿਆਰਥੀਆਂ ਦਾ ਛੇ ਰੋਜ਼ਾ ਐਕਸਪੋਜ਼ਰ ਵਿਜ਼ਿਟ ਜੈਪੁਰ (ਰਾਜਸਥਾਨ) ਸਫਲਤਾ ਪੂਰਵਕ ਸੰਪੰਨ ਹੋ ਗਿਆ। ਅੰਤਰਰਾਜੀ ਐਕਸਪੋਜ਼ਰ ਵਿਜ਼ਿਟ ਜ਼ਿਲ੍ਹਾ ਸਿੱਖਿਆ ਅਫਸਰ ਗੁਰਦਾਸਪੁਰ ਸੈਕੰਡਰੀ ਸਿੱਖਿਆ ਜਗਵਿੰਦਰ ਸਿੰਘ ਦੀ ਰਹਿਨੁਮਾਈ ਹੇਠ ਨੋਡਲ ਅਫਸਰ ਪ੍ਰਿੰਸੀਪਲ ਸੰਦੀਪ ਸਿੰਘ ਸੀਨੀਅਰ ਸੈਕੰਡਰੀ ਸਕੂਲ ਭੱਟੀਆਂ ਦੀ ਅਗਵਾਈ ਹੇਠ ਜ਼ਿਲ੍ਹਾ ਗੁਰਦਾਸਪੁਰ ਦੇ 84 ਵਿਦਿਆਰਥੀਆਂ ਦਾ ਅੰਤਰਰਾਜੀ ਐਕਸਪੋਜ਼ਰ ਵਿਜ਼ਿਟ ਜੋ ਸਿੱਖਿਆ ਵਿਭਾਗ ਦੇ ਹਦਾਇਤਾਂ ਅਨੁਸਾਰ 25 ਫਰਵਰੀ ਤੋਂ 2 ਮਾਰਚ ਤੱਕ ਸਫਲਤਾ ਪੂਰਵਕ ਸੰਪੰਨ ਹੋ ਗਿਆ ।ਇਸ ਅੰਤਰਰਾਜੀ ਵਿਜ਼ਿਟ ਦੌਰਾਨ ਜ਼ਿਲ੍ਹਾ ਗੁਰਦਾਸਪੁਰ ਦੇ ਵਿਦਿਆਰਥੀਆਂ ਨੇ ਜੈਪੁਰ ਵਿਖੇ ਵਿੱਦਿਅਕ ਅਤੇ ਇਤਿਹਾਸਕ ਸੰਸਥਾਵਾਂ ਦੀ ਯਾਤਰਾ ਕੀਤੀ। ਜਿਨ੍ਹਾਂ ਵਿੱਚ ਵਿਦਿਆਰਥੀਆਂ ਨੇ ਸਾਇੰਸ ਪਾਰਕ ਜੈਪੁਰ, ਬਿਰਲਾ ਪਲੇਨੇਟੇਰੀਅਮ, ਟੈਕਨੋਲੋਜੀ ਪਾਰਕ, ਨਾਹਰਗੜ੍ਹ ਬਾਇਓਲੋਜੀਕਲ ਪਾਰਕ, ਜੈਪੁਰ ਚਿੜੀਆਘਰ, ਜੰਤਰ ਮੰਤਰ, ਅਮੇਰ ਫੋਰਟ, ਸਿਟੀ ਪਾਰਕ, ਹਵਾ ਮਹਿਲ, ਜੈਗੜ੍ਹ ਫੋਰਟ, ਜਲ ਮਹੱਲ ਆਦਿ ਸਥਾਨਾਂ ਦੀ ਵਿਜ਼ਿਟ ਕੀਤੀ ।ਵਿਦਿਆਰਥੀਆਂ ਦੇ ਨਾਲ ਇਸ ਸਮੇਂ ਪ੍ਰਿੰਸੀਪਲ ਮਨਜੀਤ ਸਿੰਘ ਸੰਧੂ ਸ ਸ ਸ ਸ ਸ਼ੇਖੂਪੁਰ ਉਚੇਚੇ ਤੌਰ 'ਤੇ ਹਾਜ਼ਰ ਸਨ। ਮਾਸਟਰ ਜਸਵਿੰਦਰ ਸਿੰਘ ਸ ਸ ਸ ਸ ਭੱਟੀਆਂ, ਲੈਕਚਰਾਰ ਰੀਤਾ ਕੁਮਾਰੀ, ਲੈਕਚਰਾਰ ਕਮਲਜੀਤ ਕੌਰ, ਮਾਸਟਰ ਕੋਮਲਜੀਤ ਸਿੰਘ ਅਤੇ ਮਨਿੰਦਰ ਪਾਲ ਸਿੰਘ ਵੀ ਐਕਸਪੋਜ਼ਰ ਵਿਜ਼ਿਟ ਦੌਰਾਨ ਹਾਜ਼ਰ ਸਨ । ਇਸ ਵਿਜ਼ਿਟ ਵਿੱਚ ਜੈਪੁਰ ਸ਼ਹਿਰ ਵਿੱਚ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਰਾਜਸਥਾਨ ਦੀ ਇਤਿਹਾਸਕ ਅਤੇ ਸੱਭਿਆਚਾਰਕ ਪੱਖੋਂ ਮਹੱਤਵਪੂਰਨ ਜਾਣਕਾਰੀਆਂ ਅਤੇ ਗਿਆਨ ਪ੍ਰਾਪਤ ਕੀਤਾ। ਪ੍ਰਿੰਸੀਪਲ ਸੰਦੀਪ ਸਿੰਘ ਨੋਡਲ ਅਫਸਰ ਐਕਸਪੋਜ਼ਰ ਵਿਜ਼ਿਟ ਜ਼ਿਲ੍ਹਾ ਗੁਰਦਾਸਪੁਰ ਵੱਲੋਂ ਸਮੂਹ ਅਧਿਆਪਕਾਂ, ਵਿਦਿਆਰਥੀਆਂ, ਉਹਨਾਂ ਦੇ ਮਾਤਾ ਪਿਤਾ ਅਤੇ ਉਹਨਾਂ ਅਧਿਆਪਕਾਂ ਅਤੇ ਅਧਿਕਾਰੀਆਂ ਦਾ ਧੰਨਵਾਦ ਕੀਤਾ ਗਿਆ ਜਿਨ੍ਹਾਂ ਨੇ ਇਸ ਮਹੱਤਵਪੂਰਨ ਅਤੇ ਗਿਆਨਤਮਿਕ ਕੰਮ ਵਿੱਚ ਉਹਨਾਂ ਨੂੰ ਪੂਰਨ ਸਹਿਯੋਗ ਦਿੱਤਾ ਗਿਆ। ਉਨ੍ਹਾਂ ਸਕੂਲੀ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੇ ਵਿਲੱਖਣ ਉਪਰਾਲੇ ਲਈ ਸ਼ਲਾਘਾ ਕਰਦਿਆਂ ਆਉਂਦੇ ਭਵਿੱਖ ਵਿੱਚ ਐਕਸਪੋਜ਼ਰ ਵਿਜ਼ਿਟ ਨੂੰ ਵਿਦਿਆਰਥੀਆਂ ਲਈ ਇੱਕ ਵਰਦਾਨ ਦੱਸਿਆ।

# ਅਮਰੀਕਾ ਤੋਂ ਡਿਪੋਰਟ ਹੋ ਕੇ ਆਏ ਜੁਗਰਾਜ ਨੇ ਸੁਣਾਈ ਆਪਣੀ ਹੱਡਬੀਤੀ

### * ਪੀੜਤ ਦੀ ਸ਼ਿਕਾਇਤ 'ਤੇ ਚਾਰ ਏਜੰਟਾਂ ਵਿਰੁੱਧ ਕੇਸ ਦਰਜ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਅਮਰੀਕਾ ਤੋਂ ਡਿਪੋਰਟ ਹੋ ਕੇ ਪਨਾਮਾ ਤੋਂ ਆਏ ਇਥੋਂ ਨਜ਼ਦੀਕੀ ਪਿੰਡ ਚੌਧਰਪੁਰ ਦੇ ਜੁਗਰਾਜ ਸਿੰਘ ਦੀ ਸ਼ਿਕਾਇਤ 'ਤੇ ਥਾਣਾ ਸੇਖਵਾਂ ਦੀ ਪੁਲਸ ਨੇ ਧੋਖਾਧੜੀ ਦੇ ਦੋਸ਼ ਹੇਠ ਚਾਰ ਏਜੰਟਾਂ ਵਿਰੁੱਧ ਵਿਰੁੱਧ ਧਾਰਾ 420, 120 ਬੀ ਤਹਿਤ ਮੁਕੱਦਮਾ ਦਰਜ ਕੀਤਾ ਹੈ। ਪੀੜਤ ਜੁਗਰਾਜ ਸਿੰਘ ਪੁੱਤਰ ਗੁਰਮੁਖ ਸਿੰਘ ਵਾਸੀ ਚੌਧਰਪੁਰ ਨੇ ਦੱਸਿਆ ਕਿ ਪਨਾਮਾ ਤੋਂ 23 ਫਰਵਰੀ ਨੂੰ ਭਾਰਤ ਪਹੁੰਚੇ ਪੰਜਾਬ ਦੇ 12 ਵਿਅਕਤੀਆਂ ਵਿੱਚ ਉਹ ਵੀ ਸ਼ਾਮਲ ਸੀ।

ਪੀੜਤ ਜੁਗਰਾਜ ਸਿੰਘ ਨੇ ਦੱਸਿਆ ਕਿ ਏਜੰਟਾਂ ਨੇ ਉਸ ਨੂੰ ਪਹਿਲਾਂ ਜਨਵਰੀ 2024 ਵਿੱਚ ਦੁਬਈ ਭੇਜਿਆ ਤੇ ਤਿੰਨ ਮਹੀਨੇ ਉਥੇ ਰੱਖ ਕੇ ਵਾਪਸ ਬੁਲਾ ਲਿਆ। ਫਿਰ ਅਪਰੈਲ 2024 ਨੂੰ ਥਾਈਲੈਂਡ ਭੇਜ ਕੇ ਦੋ ਦਿਨ ਬਾਅਦ ਅੱਗੇ ਚੀਨ ਭੇਜ ਦਿੱਤਾ ਜਿਥੇ ਪੁਲਸ ਫੜ ਕੇ ਦੋ ਦਿਨ ਬਾਅਦ ਵਾਪਸ ਭਾਰਤ ਭੇਜ ਦਿੱਤਾ। ਫਿਰ ਇਨ੍ਹਾਂ ਏਜੰਟਾਂ ਨੇ ਜੁਲਾਈ 2024 ਨੂੰ ਸਾਊਥ ਅਮਰੀਕਾ ਵਿੱਚ ਸੂਰੀਨੇਮ ਭੇਜ ਕੇ 15 ਦਿਨ ਹੋਟਲ ਵਿੱਚ ਰੱਖਣ ਮਗਰੋਂ ਕਿਸ਼ਤੀ ਰਾਹੀਂ ਸਮੁੰਦਰ ਪਾਰ ਕਰਾ ਕੇ ਗੁਵਾਨਾ ਦੇਸ਼, ਉਥੋਂ ਬੱਸਾਂ ਗੱਡੀਆਂ ਰਾਹੀਂ ਬਰਾਜ਼ੀਲ, ਬਲੀਵੀਆ, ਪੇਰੂ, ਐਕਵਾਡੋਰ ਤੋਂ ਕਲੰਬੀਆਂ ਵਿੱਚ ਚਾਰ ਮਹੀਨੇ ਰੱਖਣ ਮਗਰੋਂ ਕਿਸ਼ਤੀ ਰਾਹੀਂ ਪਨਾਮਾ ਦੇ ਜੰਗਲਾਂ ਵਿੱਚ ਉਤਾਰ ਦਿੱਤਾ, ਜਿਥੇ ਉਹ ਭੁੱਖੇ ਭਾਣੇ ਜੰਗਲਾਂ ਵਿੱਚੋਂ ਪੈਦਲ ਹੀ ਛੇ ਦਿਨ ਬਾਅਦ ਕੋਸਟਾਰੀਕਾ ਦੇਸ਼ ਪਹੁੰਚਣ ਬਾਅਦ ਨਿਕਾਰਾਗੋਆ, ਹੋਂਡਰਸ, ਗੁਆਟਾਮਾਲਾ ਵਿੱਚ ਇਕ ਮਹੀਨਾ ਰੱਖਣ ਤੋਂ ਬਾਅਦ ਮੈਕਸੀਕੋ ਪਹੁੰਚਾਇਆ, ਜਿਥੋਂ ਉਸ ਸਣੇ ਹੋਰਨਾਂ ਨੇ ਆਪਣੇ ਏਜੰਟਾਂ ਨੂੰ ਫੋਨ ਕਰਕੇ ਆਖਿਆ ਕਿ ਅਮਰੀਕਾ ਵਿੱਚ ਹੁਣ ਟਰੰਪ ਸਰਕਾਰ ਹੈ, ਅਸੀਂ ਅਮਰੀਕਾ ਨਹੀਂ ਜਾਣਾ, ਸਾਨੂੰ ਵਾਪਸ ਬੁਲਾ ਲਵੋ। ਤਾਂ ਏਜੰਟਾਂ ਦੇ ਕਹਿਣ 'ਤੇ ਡੌਂਕਰਾਂ ਨੇ ਉਨ੍ਹਾਂ ਦੇ ਮੋਬਾਈਲ ਖੋਹ ਲਏ ਅਤੇ ਸਿਰਾਂ 'ਤੇ ਪਿਸਤੌਲ ਤਾਣ ਕੇ ਧੱਕੇ ਨਾਲ 8 ਫਰਵਰੀ ਨੂੰ ਐਰੀਜੋਨਾ ਬਾਰਡਰ ਰਾਹੀਂ ਅਮਰੀਕਾ ਵਿੱਚ ਦਾਖਲ ਕਰਵਾਇਆ, ਜਿਥੇ ਅਮਰੀਕੀ ਫੌਜੀਆਂ ਨੇ ਫੜ ਲਿਆ।

ਕੈਂਪ ਵਿੱਚ ਕੁਝ ਦਿਨ ਰੱਖਣ ਮਗਰੋਂ ਅਮਰੀਕਾ ਤੋਂ 14 ਫਰਵਰੀ ਨੂੰ ਡਿਪੋਰਟ ਕਰਕੇ ਅਮਰੀਕੀ ਫੌਜੀਆਂ ਨੇ ਉਨ੍ਹਾਂ ਦੇ ਪੈਰਾਂ ਵਿੱਚ ਬੇੜੀਆਂ ਅਤੇ ਹੱਥਾਂ ਨੂੰ ਹੱਥਕੜੀਆਂ ਲਾ ਕੇ ਅਮਰੀਕੀ ਏਅਰਫੋਰਸ ਦੇ ਜਹਾਜ਼ ਰਾਹੀਂ ਪਨਾਮਾ ਲਿਆਂਦਾ, ਜਿਥੇ ਇਕ ਵੱਡੇ ਹੋਟਲ ਵਿੱਚ ਉਨ੍ਹਾਂ ਦੀਆਂ ਬੇੜੀਆਂ ਅਤੇ ਹੱਥਕੜੀ ਲਾਹ ਕੇ ਸਖਤ ਪਹਿਰੇ ਹੇਠ ਰੱਖਿਆ ਗਿਆ। ਜਿਥੋਂ ਯੂ ਐਨ ਓ ਦੀ ਸੰਸਥਾ ਓ ਆਈ ਐਮ (ਓਮ) ਦੇ ਉਪਰਾਲੇ ਸਦਕਾ ਉਨ੍ਹਾਂ ਨੂੰ ਪ੍ਰਾਈਵੇਟ ਜਹਾਜ਼ ਰਾਹੀਂ 23 ਫਰਵਰੀ ਨੂੰ ਭਾਰਤ ਵਿੱਚ ਦਿੱਲੀ ਏਅਰਪੋਰਟ ਭੇਜਿਆ, ਜਿਥੇ ਕਰੀਬ 5-6 ਘੰਟੇ ਪੁੱਛਗਿੱਛ ਮਗਰੋਂ ਦੂਸਰੇ ਜਹਾਜ਼ ਰਾਹੀਂ ਅੰਮ੍ਰਿਤਸਰ ਏਅਰਪੋਰਟ ਪਹੁੰਚਾਇਆ। ਪੀੜਤ ਜੁਗਰਾਜ ਸਿੰਘ ਨੇ ਇਨਸਾਫ ਦੀ ਮੰਗ ਲਈ ਸ਼ਿਕਾਇਤ ਰਾਹੀਂ ਪੁਲਸ ਨੂੰ ਦੱਸਿਆ ਪਿੰਡ ਦੇ ਸਾਬਕਾ ਸਰਪੰਚ ਦੀਦਾਰ ਸਿੰਘ ਦੀ ਮੌਜੂਦਗੀ ਵਿੱਚ ਏਜੰਟ ਮਲਕੀਤ ਸਿੰਘ, ਉਸ ਦੇ ਪਿਤਾ ਬਲਦੇਵ ਸਿੰਘ ਵਾਸੀਆਨ ਖਾਨ ਪਿਆਰਾ, ਏਜੰਟ ਬਾਠ ਅਤੇ ਏਜੰਟ ਦਿਨੇਸ਼ ਵਾਸੀਆਨ ਹਰਿਆਣਾ ਨੇ ਵਿਦੇਸ਼ ਭੇਜਣ ਲਈ ਉਨ੍ਹਾਂ ਕੋਲੋਂ 36 ਲੱਖ ਰੁਪਏ ਲਏ ਸਨ, ਜੋ ਉਨ੍ਹਾਂ ਨਾਲ ਧੋਖਾ ਹੋਇਆ ਹੈ। ਥਾਣਾ ਸੇਖਵਾਂ ਦੀ ਮੁਖੀ ਸਬ ਇੰਸਪੈਕਟਰ ਰਜਵੰਤ ਕੌਰ ਨੇ ਦੱਸਿਆ ਜੁਗਰਾਜ ਸਿੰਘ ਦੀ ਸ਼ਿਕਾਇਤ 'ਤੇ ਉਕਤ ਚਾਰਾਂ ਏਜੰਟਾਂ ਖਿਲਾਫ਼ ਕੇਸ ਦਰਜ ਕਰ ਲਿਆ ਹੈ।

